@Qpatrika
@qaumipatrika punjabi
instagram.com/ qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

ਦਿੱਲੀ, ਹਿਮਾਚਲ, ਹਰਿਆਣਾ, ਪੰਜਾਬ, उत्तर प्रदेश, उत्तराखण्ड से प्रसारित।

Thursday, 28 November 2024

Punjabi National Daily

Qaumi Patrika NO.1

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਵੀਰਵਾਰ 28 ਨਵੰਬਰ 2024, 14 ਮੱਘਰ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 18, qpatrika@gmail.com ਫੋਨ : 9971359517 www.qaumipatrika.org

## ਕੇਂਦਰ ਨੇ ਆਫਤ ਜੋਖਮ ਘਟਾਉਣ ਅਤੇ ਸਮਰੱਥਾ ਨਿਰਮਾਣ ਲਈ 1,115 ਕਰੋੜ ਰੁਪਏ ਕੀਤੇ ਮਨਜ਼ੂਰ

ਨਵੀਂ ਦਿੱਲੀ 27 ਨਵੰਬਰ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪ੍ਰਧਾਨਗੀ ਵਾਲੀ ਇਕ ਉੱਚ ਪੱਧਰੀ ਕਮੇਟੀ ਨੇ ਆਫਤ ਕਾਰਨ ਪੈਦਾ ਹੋਣ ਵਾਲੇ ਜੋਖਮ ਨੂੰ ਘਟਾਉਣ ਅਤੇ ਵੱਖ-ਵੱਖ ਸਮਰੱਥਾ ਨਿਰਮਾਣ ਪ੍ਰਾਜੈਕਟਾਂ ਲਈ 15 ਸੂਬਿਆਂ ਲਈ 1,115 ਕਰੋੜ ਰੁਪਏ ਮਨਜ਼ੂਰ ਕੀਤੇ ਹਨ। ਕਮੇਟੀ ਨੇ ਨੈਸ਼ਨਲ ਡਿਜਾਸਟਰ



ਮਿਟੀਗੇਸਨ ਫੰਡ (ਐੱਨ. ਡੀ. ਐੱਮ. ਐੱਫ.) ਵੱਲੋਂ ਫੰਡਿੰਗ ਰਾਹੀਂ 15 ਸੂਬਿਆਂ 'ਚ ਜਮੀਨ ਖਿਸਕਣ ਨਾਲ ਹੋਣ ਵਾਲੇ ਜੋਖਮ ਨੂੰ ਘਟਾਉਣ ਦੇ ਮਤੇ 'ਤੇ ਵਿਚਾਰ ਕੀਤਾ। ਕਮੇਟੀ ਦੇ ਮੈਂਬਰਾਂ 'ਚ ਕੇਂਦਰੀ ਵਿੱਤ ਅਤੇ ਖੇਤੀਬਾੜੀ ਮੰਤਰੀ ਅਤੇ ਨੀਤੀ ਆਯੋਗ ਦੇ ਉਪ-ਚੇਅਰਮੈਨ ਸ਼ਾਮਲ ਹਨ। ਬਿਆਨ 'ਚ ਕਿਹਾ ਗਿਆ ਹੈ ਕਿ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ 'ਚ ਸਿਵਲ ਡਿਫੈਂਸ ਵਾਲੰਟੀਅਰਾਂ ਦੀ ਸਿਖਲਾਈ ਅਤੇ ਸਮਰੱਥਾ ਨਿਰਮਾਣ ਦੇ ਇਕ ਹੋਰ ਮਤੇ 'ਤੇ ਵੀ ਵਿਚਾਰ ਕੀਤਾ ਗਿਆ। ਇਸ ਤੋਂ ਪਹਿਲਾਂ, ਕਮੇਟੀ ਨੇ ਕਈ ਸ਼ਹਿਰਾਂ 'ਚ ਸ਼ਹਿਰੀ ਹੜ੍ਹ ਕਾਰਨ ਹੋਣ ਵਾਲੇ ਜੋਖਮ ਨੂੰ ਘਟਾਉਣ ਨਾਲ ਜੁੜੇ ਪ੍ਰਾਜੈਕਟਾਂ ਅਤੇ ਐੱਨ. ਡੀ. ਐੱਮ. ਐੱਫ. ਵੱਲੋਂ ਸੂਬਿਆਂ 'ਚ ਗਲੇਸ਼ੀਅਲ ਝੀਲ ਹੜ੍ਹ ਜੋਖਮ ਪ੍ਰਬੰਧਨ ਪ੍ਰਾਜੈਕਟਾਂ ਨੂੰ ਮਨਜ਼ੂਰੀ ਦਿੱਤੀ ਸੀ।

## ਨਸ਼ੇੜੀ ਮਰੀਜ ਨੇ ਜੀਟੀਬੀ ਹਸਪਤਾਲ 'ਚ ਕੀਤਾ ਹੰਗਾਮਾ, ਡਾਕਟਰ 'ਤੇ ਕਰ 'ਤਾ ਹਮਲਾ

ਨਵੀਂ ਦਿੱਲੀ 27 ਨਵੰਬਰ। ਰਾਸਟਰੀ ਰਾਜਧਾਨੀ ਦੇ ਗੁਰੂ ਤੇਗ ਬਹਾਦੁਰ (ਜੀਟੀਬੀ) ਹਸਪਤਾਲ ਦੇ ਨਿਊਰੋਸਰਜਰੀ ਵਿਭਾਗ ਵਿੱਚ ਇਲਾਜ ਦੌਰਾਨ ਇੱਕ ਕਥਿਤ ਤੌਰ 'ਤੇ ਨਸੇ ਵਿੱਚ ਧੁੱਤ ਮਰੀਜ ਨੇ ਹੰਗਾਮਾ ਕੀਤਾ, ਸਾਮਾਨ ਤੋੜਿਆ ਅਤੇ ਡਿਊਟੀ 'ਤੇ ਮੌਜੂਦ ਡਾਕਟਰਾਂ ਨੂੰ ਧਮਕਾਇਆ। ਹਸਪਤਾਲ ਦੇ ਅਧਿਕਾਰੀਆਂ ਨੇ ਮੰਗਲਵਾਰ ਨੂੰ ਇਸ ਘਟਨਾ ਦੀ ਜਾਣਕਾਰੀ ਦਿੱਤੀ। ਯੂਨੀਵਰਸਿਟੀ ਕਾਲਜ ਆਫ ਮੈਡੀਕਲ ਸਾਇੰਸਜ (ਯੂਸੀਐੱਮਐੱਸ) ਅਤੇ ਜੀਟੀਬੀ ਹਸਪਤਾਲ ਦੇ ਰੈਜੀਡੈਂਟ ਡਾਕਟਰਜ ਐਸੋਸੀਏਸਨ (ਆਰਡੀਏ) ਨੇ ਇੱਕ ਬਿਆਨ ਵਿੱਚ ਕਿਹਾ ਕਿ ਸੋਮਵਾਰ ਸਾਮ ਨੂੰ ਜਾਂਚ ਦੌਰਾਨ ਇੱਕ ਮਰੀਜ ਹਿੰਸਕ ਹੋ ਗਿਆ। ਬਿਆਨ ਵਿਚ ਕਿਹਾ ਗਿਆ ਹੈ ਕਿ ਮਰੀਜ ਨੇ ਡਿਊਟੀ 'ਤੇ ਮੌਜੂਦ ਡਾਕਟਰਾਂ, ਨਰਸਾਂ ਅਤੇ ਸਟਾਫ ਨਾਲ ਦੁਰਵਿਵਹਾਰ ਕੀਤਾ ਅਤੇ ਉਨ੍ਹਾਂ 'ਤੇ ਹਮਲਾ ਕਰਨ ਦੀ ਕੋਸਿ?ਸ ਕੀਤੀ। ਬਿਆਨ ਅਨੁਸਾਰ, ਮਰੀਜ ਨੇ ਕੈਬਿਨ ਨੂੰ ਵੰਡਣ ਵਾਲੇ ਢਾਂਚੇ ਨੂੰ ਨੁਕਸਾਨ ਪਹੁੰਚਾਇਆ ਅਤੇ ਕੱਚ ਦੀਆਂ ਚੀਜਾਂ ਨੂੰ ਵੀ ਤੋੜ ਦਿੱਤਾ। ਆਰਡੀਏ ਦੇ ਪ੍ਰਧਾਨ ਰਜਤ ਸਰਮਾ ਨੇ ਕਿਹਾ, "ਨਿਊਰੋਸਰਜਰੀ ਵਿਭਾਗ ਵਿੱਚ ਦੁਰਵਿਵਹਾਰ ਦੀ ਇੱਕ ਘਟਨਾ ਵਾਪਰੀ, ਜਿੱਥੇ ਇੱਕ ਮਰੀਜ ਨੇ ਨਾ ਸਿਰਫ ਡਿਊਟੀ 'ਤੇ ਡਾਕਟਰ ਨਾਲ ਦੁਰਵਿਵਹਾਰ ਕੀਤਾ ਸਗੋਂ ਹਸਪਤਾਲ ਦੀ ਸੰਪਤੀ ਨੂੰ ਵੀ ਨੁਕਸਾਨ ਪਹੁੰਚਾਇਆ।" ਸਰਮਾ ਨੇ ਕਿਹਾ ਕਿ ਆਰਡੀਏ ਨੇ ਹਿੰਸਾ ਦੀ ਰਿਪੋਰਟ ਕਰਨ ਲਈ ਪ੍ਰਸਾਸਨ ਨੂੰ ਇੱਕ ਪੱਤਰ ਸੌਂਪਿਆ ਹੈ ਪਰ ਅਜੇ ਤੱਕ ਕੋਈ ਐੱਫਆਈਆਰ ਦਰਜ ਨਹੀਂ ਕੀਤੀ ਗਈ। ਉਹਨਾਂ ਕਿਹਾ ਕਿ ਸਥਾਨਕ ਡਾਕਟਰਾਂ ਦੇ ਖਿ?ਲਾਫ ਇਸ ਤਰ੍ਹਾਂ ਦੀਆਂ ਹਿੰਸਾ ਅਸਵੀਕਾਰਨਯੋਗ ਹੈ।

## ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਕੇਂਦਰੀ ਮੰਤਰੀਆਂ ਨਾਲ ਕੀਤੀ ਮੁਲਾਕਾਤ

ਚੰਡੀਗੜ੍ਹ 28 ਨਵੰਬਰ। ਪੰਜਾਬ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਨੂੰ ਦਰਪੇਸ਼ ਗੰਭੀਰ ਚੁਣੌਤੀਆਂ ਦੇ ਹੱਲ ਅਤੇ ਇਨ੍ਹਾਂ ਦੋਵੇਂ ਖੇਤਰਾਂ ਦੇ ਵਿਕਾਸ ਨੂੰ ਹੁਲਾਰਾ ਦੇਣ ਦੇ ਮਕਸਦ ਨਾਲ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਵਲੋਂ ਨਵੀਂ ਦਿੱਲੀ ਦਾ ਦੋ ਦਿਨਾ ਦੌਰਾ ਕੀਤਾ ਗਿਆ। ਉਨ੍ਹਾਂ ਨੇ ਵੱਖ-ਵੱਖ ਖੇਤਰੀ ਮੁੱਦਿਆਂ ਦਾ ਮਿਲ ਕੇ ਹੱਲ ਲੱਭਣ ਦੇ ਮਕਸਦ ਨਾਲ ਕਈ ਪ੍ਰਮੁੱਖ ਕੇਂਦਰੀ ਮੰਤਰੀਆਂ ਨਾਲ ਸਾਰਥਕ ਵਿਚਾਰ ਚਰਚਾ ਕੀਤੀ। ਇਸ ਦੌਰਾਨ ਉਨ੍ਹਾਂ ਨੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ, ਸੜਕੀ ਆਵਾਜਾਈ ਅਤੇ ਹਾਈਵੇ ਮੰਤਰੀ ਨਿਤਿਨ ਗਡਕਰੀ, ਸਿਹਤ ਤੇ ਪਰਿਵਾਰ ਭਲਾਈ ਮੰਤਰੀ ਜਗਤ ਪ੍ਰਕਾਸ਼ ਨੱਢਾ, ਰਸਾਇਣ ਅਤੇ ਖਾਦ ਮੰਤਰੀ ਮਨੋਹਰ ਲਾਲ ਖੱਟੜ, ਰੇਲ, ਸੂਚਨਾ ਤੇ ਪ੍ਰਸਾਰਣ, ਇਲੈਕਟ੍ਰੋਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰੀ ਅਸ਼ਵਨੀ ਵੈਸ਼ਣਵ, ਬਿਜਲੀ ਤੇ ਮਕਾਨ ਉਸਾਰੀ ਤੇ ਸ਼ਹਿਰੀ ਮਾਮਲੇ ਮੰਤਰੀ ਡਾ. ਵਰਿੰਦਰ ਕੁਮਾਰ, ਕੇਂਦਰੀ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ, ਸੈਰ-ਸਪਾਟਾ ਅਤੇ ਸੱਭਿਆਚਾਰ ਮੰਤਰੀ ਮਨਸੁਖ ਮਾਂਡਵੀਆ ਤੇ ਗ੍ਰਹਿ ਸਕੱਤਰ ਗੋਵਿੰਦ ਮੋਹਨ ਨਾਲ ਮੁਲਾਕਾਤ ਕੀਤੀ।

# ਮੁੱਖ ਮੰਤਰੀ ਆਤਿਸ਼ੀ ਦਾ ਕੇਂਦਰ ਸਰਕਾਰ 'ਤੇ ਦੋਸ਼

ਸਿੰਮੀ ਕੌਰ ਬੱਬਰ

ਨਵੀਂ ਦਿੱਲੀ 27 ਨਵੰਬਰ। ਦਿੱਲੀ ਦੇ ਮੁੱਖ ਮੰਤਰੀ ਆਤਿਸ਼ੀ ਨੇ ਮੰਗਲਵਾਰ ਨੂੰ ਦੋਸ ਲਾਇਆ ਕਿ ਕੇਂਦਰ ਸਰਕਾਰ ਆਮ ਆਦਮੀ ਪਾਰਟੀ (ਆਪ) ਦੇ ਸਮਰਥਕਾਂ ਦੇ ਨਾਂ ਵੋਟਰ ਸੂਚੀਆਂ ਤੋਂ ਹਟਾ ਕੇ ਚੋਣ ਪ੍ਰਕਿਰਿਆ ਨਾਲ ਛੇੜਛਾੜ ਕਰਨ ਦੀ ਕੋਸਿ?ਸ ਕਰ ਰਹੀ ਹੈ, ਕਿਉਂਕਿ ਆਉਣ ਵਾਲੀਆਂ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਹੋਣ ਵਾਲੀ ਹਾਰ ਦਾ ਡਰ ਹੈ। ਆਤਿਸੀ ਨੇ ਪ੍ਰੈੱਸ ਕਾਨਫਰੰਸ 'ਚ ਦਾਅਵਾ ਕੀਤਾ, "ਕੇਂਦਰ ਸਰਕਾਰ ਗਲਤ ਤਰੀਕਿਆਂ ਨਾਲ ਦਿੱਲੀ ਚੋਣਾਂ ਜਿੱਤਣ ਦੀ ਕੋਸਿ?ਸ ਕਰ ਰਹੀ ਹੈ। ਉਹ ਵੋਟਰਾਂ ਨੂੰ ਵੋਟਰ ਸੂਚੀ ਤੋਂ ਹਟਾਉਣ ਦੀ ਸਾਜਿ?ਸ ਰਚ ਰਹੇ ਹਨ, ਖਾਸ ਕਰਕੇ 'ਆਪ' ਨਾਲ ਜੁੜੇ ਲੋਕਾਂ ਨੂੰ।" ਇਸ ਦੋਸ 'ਤੇ ਭਾਜਪਾ ਵੱਲੋਂ ਤੁਰੰਤ ਕੋਈ ਪ੍ਰਤੀਕਿਰਿਆ ਨਹੀਂ ਆਈ ਹੈ। ਸੀਨੀਅਰ 'ਆਪ' ਆਗੂ ਨੇ ਦਿੱਲੀ ਦੇ ਉਪ ਰਾਜਪਾਲ




ਦੇ 28 ਅਕਤੂਬਰ ਦੇ 29 ਉਪ ਮੰਡਲ ਮੈਜਿਸਟਰੇਟਾਂ (ਐੱਸਡੀਐੱਮ) ਦੇ ਤਬਾਦਲੇ ਦੇ ਹੁਕਮਾਂ ਦਾ ਹਵਾਲਾ ਦਿੱਤਾ ਅਤੇ ਇਸ ਨੂੰ ਕਥਿਤ ਸਾਜਿ?ਸ ਦਾ ਪਹਿਲਾ ਕਦਮ ਦੱਸਿਆ। ਆਤਿਸੀ ਨੇ ਇਹ ਵੀ ਦਾਅਵਾ ਕੀਤਾ ਕਿ ਸੱਤ ਵਿਧਾਨ ਸਭਾ ਹਲਕਿਆਂ ਦੀ ਨਿਗਰਾਨੀ ਕਰਨ ਵਾਲੇ ਇੱਕ ਜਿ?ਲ੍ਹਾ ਮੈਜਿਸਟਰੇਟ (ਡੀਐਮ) ਨੇ ਅਧਿਕਾਰੀਆਂ ਨੂੰ ਸੂਚੀ ਵਿੱਚੋਂ 20,000 ਵੋਟਰਾਂ ਦੇ ਨਾਮ ਹਟਾਉਣ ਦੇ ਨਿਰਦੇਸ ਦਿੱਤੇ ਸਨ। ਉਨ੍ਹਾਂ ਬੂਥ ਲੈਵਲ ਅਧਿਕਾਰੀਆਂ ਨੂੰ ਅਜਿਹੀਆਂ ਕਾਰਵਾਈਆਂ ਦਾ ਵਿਰੋਧ ਕਰਨ ਦੀ ਅਪੀਲ ਕਰਦਿਆਂ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦਾ ਦਬਾਅ ਨਾ ਬਣਾਉਣ ਦੀ ਅਪੀਲ ਕੀਤੀ। ਉਹਨਾਂ ਨੇ ਕਿਹਾ, "ਜੇ ਕੋਈ ਤੁਹਾਨੂੰ ਵੋਟਰਾਂ ਦੇ ਨਾਮ ਮਿਟਾਉਣ ਲਈ ਮਜਬੂਰ ਕਰਨ ਦੀ ਕੋਸਿ?ਸ ਕਰਦਾ ਹੈ, ਤਾਂ ਇਸ ਨੂੰ ਰਿਕਾਰਡ ਕਰੋ ਅਤੇ ਮੈਨੂੰ ਭੇਜੋ। ਮੈਂ ਕਾਰਵਾਈ ਕਰਾਂਗੀ। ਭਾਰਤ ਦਾ ਸੰਵਿਧਾਨ ਅੱਜ ਤੁਹਾਡੇ ਹੱਥਾਂ ਵਿੱਚ ਹੈ।" ਦਿੱਲੀ ਵਿੱਚ ਫਰਵਰੀ 2025 ਵਿੱਚ ਚੋਣਾਂ ਹੋਣੀਆਂ ਹਨ। 'ਆਪ' 2020 'ਚ ਆਪਣੀ ਸਾਨਦਾਰ ਜਿੱਤ ਤੋਂ ਬਾਅਦ ਲਗਾਤਾਰ ਤੀਜੀ ਵਾਰ ਸੱਤਾ 'ਚ ਆਉਣ ਦੀ ਕੋਸਿ?ਸ ਕਰ ਰਹੀ ਹੈ, ਜਿੱਥੇ ਇਸ ਨੇ 70 'ਚੋਂ 62 ਸੀਟਾਂ ਜਿੱਤੀਆਂ ਹਨ।

## ਸਿੱਧੂ ਜੋੜੇ ਨੂੰ ਕਾਨੂੰਨੀ ਨੋਟਿਸ ਜਾਰੀ

ਨੈਸ਼ਨਲ ਡੈਸਕ 27 ਨਵੰਬਰ। ਪ੍ਰਸਿੱਧ ਕ੍ਰਿਕਟ ਖਿਡਾਰੀ ਅਤੇ ਰਾਜਨੇਤਾ ਨਵਜੋਤ ਸਿੰਘ ਸਿੱਧੂ ਜੋੜੇ ਨੂੰ ਕਾਨੂੰਨੀ ਨੋਟਿਸ ਜਾਰੀ ਕਰਦੇ ਹੋਏ 7 ਦਿਨਾਂ ਦੇ ਅੰਦਰ ਕੈਂਸਰ ਇਲਾਜ ਦੇ ਦਸਤਾਵੇਜ ਪੇਸ਼ ਕਰਨ ਅਤੇ ਮੁਆਫੀ ਮੰਗਣ ਦੀ ਮੰਗ ਕੀਤੀ ਹੈ, ਨਹੀਂ ਤਾਂ 850 ਕਰੋੜ ਰੁਪਏ ਦੇ ਮੁਆਵਜਾ ਦਾ ਦਾਅਵਾ ਕਰਨ ਦੀ ਚਿਤਾਵਨੀ ਦਿੱਤੀ ਹੈ। ਇਹ ਕਾਨੂੰਨੀ ਨੋਟਿਸ ਛੱਤੀਸਗੜ੍ਹ ਸਿਵਲ ਸੋਸਾਇਟੀ ਵਲੋਂ ਭੇਜਿਆ ਗਿਆ ਹੈ। ਦਰਅਸਲ ਸ਼੍ਰੀ ਸਿੱਧੂ ਨੇ ਪ੍ਰੈੱਸ ਕਾਨਫਰੰਸ ਕਰ ਕੇ ਆਪਣੀ ਪਤਨੀ ਦੇ ਸਟੇਜ-4 ਕੈਂਸਰ ਦੀ ਰਿਕਵਰੀ ਨੂੰ ਨੈਚੁਰੋਪੈਥੀ ਪੈਥੀ ਡਾਈਟ ਅਤੇ ਲਾਈਫ ਸਟਾਈਲ ਨਾਲ ਕੀਤੇ ਜਾਣ ਦਾਅਵਾ ਕੀਤਾ ਸੀ। ਇਸੇ ਦਾਅਵੇ ਨੂੰ ਲੈ ਕੇ ਛੱਤੀਸਗੜ੍ਹ ਸਿਵਲ ਸੋਸਾਇਟੀ ਨੇ ਸਿੱਧੂ ਜੋੜੇ ਨੂੰ ਜਾਰੀ ਕੀਤਾ ਕਾਨੂੰਨੀ ਨੋਟਿਸ : 7 ਦਿਨਾਂ ਦੇ ਅੰਦਰ ਇਲਾਜ ਦੇ ਦਸਤਾਵੇਜ ਪੇਸ਼ ਕਰੋ ਅਤੇ ਮੁਆਫੀ ਮੰਗੋ ਨਹੀਂ ਤਾਂ 100 ਮਿਲੀਅਨ ਡਾਲਰ (850 ਕਰੋੜ ਰੁਪਏ) ਦੇ ਮੁਆਵਜੇ ਦਾ ਦਾਅਵਾ ਕੀਤਾ ਜਾਵੇਗਾ। ਸਿਵਲ ਸੋਸਾਇਟੀ ਨੇ ਇਹ ਵੀ ਕਿਹਾ ਕਿ ਪ੍ਰਮਾਣਿਤ ਦਸਤਾਵੇਜ ਪੇਸ਼ ਕਰਨ ਦੇ ਨਾਲ ਹੀ ਇਸ ਤਰ੍ਹਾਂ ਦੀ ਗੁੰਮਰਾਹਕੁੰਨ ਜਾਣਕਾਰੀ ਦੇ ਸੰਬੰਧ 'ਚ ਸਪੱਸ਼ਟੀਕਰਨ ਦੇਣ ਅਤੇ ਇਸ ਤਰ੍ਹਾਂ ਦੇ ਦਾਅਵਿਆਂ ਨੂੰ ਵਾਪਸ ਲੈਣ ਦੀ ਗੱਲ ਕਹੀ ਹੈ। ਛੱਤੀਸਗੜ੍ਹ ਸਿਵਲ ਸੋਸਾਇਟੀ ਦੇ ਕਨਵੀਨਰ ਡਾ. ਕੁਲਦੀਪ ਸੋਲੰਕੀ ਨੇ ਸਿੱਧੂ ਜੋੜੇ ਨੂੰ ਕਾਨੂੰਨੀ ਨੋਟਿਸ ਜਾਰੀ ਕਰ ਕੇ ਕਿਹਾ ਕਿ ਹਾਲ ਹੀ 'ਚ ਤੁਹਾਡੇ ਪਤੀ ਨਵਜੋਤ ਸਿੰਘ ਸਿੱਧੂ ਨੇ ਤੁਹਾਡੇ ਕੈਂਸਰ ਰੋਗ ਦੇ ਸੰਬੰਧ 'ਚ ਅੰਮ੍ਰਿਤਸਰ ਸਥਿਤ ਤੁਹਾਡੇ ਘਰ ਇਕ ਪ੍ਰੈੱਸ ਕਾਨਫਰੰਸ ਕਰ ਕੇ ਖੁਲਾਸਾ ਕੀਤਾ ਕਿ ਤੁਸੀਂ ਸਟੇਜ-4 ਕੈਂਸਰ ਨੂੰ ਲਾਈਫ ਸਟਾਈਲ ਅਤੇ ਡਾਈਟ 'ਚ ਤਬਦੀਲੀ ਕਰ ਕੇ ਹਰਾਇਆ ਹੈ। ਉਨ੍ਹਾਂ ਦਾਅਵਾ ਕੀਤਾ ਕਿ, ਸਿਰਫ ਡਾਈਟ 'ਚ ਕੁਝ ਚੀਜਾਂ ਨੂੰ ਸ਼ਾਮਲ ਕਰ ਕੇ ਤੁਸੀਂ 40 ਦਿਨਾਂ 'ਚ ਕੈਂਸਰ ਨੂੰ ਹਰਾਇਆ ਹੈ।

## ਅਡਾਨੀ ਨੂੰ ਗ੍ਰਿਫਤਾਰੀ ਤੋਂ ਬਚਾ ਰਹੀ ਹੈ ਮੋਦੀ ਸਰਕਾਰ : ਰਾਹੁਲ ਗਾਂਧੀ

ਨਵੀਂ ਦਿੱਲੀ 28 ਨਵੰਬਰ। ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਕਿਹਾ ਹੈ ਕਿ ਉਦਯੋਗਪਤੀ ਅਡਾਨੀ ਨੂੰ ਗ੍ਰਿਫਤਾਰ ਕੀਤਾ ਜਾਣਾ ਚਾਹੀਦਾ ਪਰ ਸਰਕਾਰ ਉਨ੍ਹਾਂ ਨੂੰ ਬਚਾ ਰਹੀ ਹੈ। ਰਾਹੁਲ ਨੇ ਲੋਕ ਸਭਾ ਕੰਪਲੈਕਸ 'ਚ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ 'ਚ



ਕਿਹਾ,"ਜਾਹਰ ਹੈ, ਅਡਾਨੀ ਉਨ੍ਹਾਂ 'ਤੇ ਲੱਗੇ ਦੋਸ਼ਾਂ ਤੋਂ ਇਨਕਾਰ ਕਰਨਗੇ। ਮੁੱਦਾ ਇਹ ਹੈ ਕਿ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾਣਾ ਚਾਹੀਦਾ, ਜਿਵੇਂ ਕਿ ਅਸੀਂ ਕਹਿ ਰਹੇ ਹਾਂ।" ਉਨ੍ਹਾਂ ਕਿਹਾ,"ਸੈਂਕੜੇ ਲੋਕਾਂ ਨੂੰ ਮਾਮੂਲੀ ਦੋਸ਼ਾਂ ਲਈ ਗ੍ਰਿਫਤਾਰ ਕੀਤਾ ਜਾ ਰਿਹਾ ਹੈ। ਅਡਾਨੀ 'ਤੇ ਅਮਰੀਕਾ 'ਚ ਹਜਾਰਾਂ ਕਰੋੜ ਰੁਪਏ ਦਾ ਦੋਸ਼ ਲਗਾਇਆ ਗਿਆ ਹੈ। ਉਨ੍ਹਾਂ ਨੂੰ ਜੇਲ੍ਹ 'ਚ ਹੋਣਾ ਚਾਹੀਦਾ ਪਰ ਸਰਕਾਰ ਉਨ੍ਹਾਂ ਨੂੰ ਬਚਾ ਰਹੀ ਹੈ।"

# ਪੰਜਾਬ ਸਰਕਾਰ ਦੀ ਪਹਿਲਕਦਮੀ, ਅਧਿਆਪਕਾਂ ਨੂੰ ਮਿਲ ਰਹੀ ਕੌਮਾਂਤਰੀ ਪੱਧਰ ਦੀ ਟ੍ਰੇਨਿੰਗ

ਏਜੰਸੀਆਂ

ਜਲੰਧਰ 27 ਨਵੰਬਰ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿਚ ਕਈ ਮਾਅਰਕੇ ਮਾਰੇ ਜਾ ਰਹੇ ਹਨ। ਸਰਕਾਰ ਵੱਲੋਂ ਇਸ ਖੇਤਰ ਵੱਲ ਸ਼ੁਰੂ ਤੋਂ ਹੀ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਇਸੇ ਤਹਿਤ ਸਰਕਾਰ ਵੱਲੋਂ ਅਧਿਆਪਕਾਂ ਨੂੰ ਵਿਦੇਸ਼ ਭੇਜ ਕੇ ਕੌਮਾਂਤਰੀ ਪੱਧਰੀ ਦੀ ਸਿਖਲਾਈ ਦੁਆਈ ਜਾ ਰਹੀ ਹੈ। ਪੰਜਾਬ ਸਰਕਾਰ ਦੀ ਇਸ ਨਿਵੇਕਲੀ ਪਹਿਲਕਦਮੀ ਤਹਿਤ ਹੁਣ ਤਕ 426 ਤੋਂ ਵੀ ਵੱਧ ਅਧਿਆਪਕਾਂ ਨੂੰ ਵਿਦੇਸ਼ ਤੇ ਹੋਰ ਸੂਬਿਆਂ ਤੋਂ ਟ੍ਰੇਨਿੰਗ ਦੁਆ ਚੁੱਕੀ ਹੈ। ਪੰਜਾਬ ਸਰਕਾਰ ਵੱਲੋਂ 202 ਪ੍ਰਿੰਸੀਪਲਾਂ ਤੇ ਸਿੱਖਿਆ ਅਧਿਕਾਰੀਆਂ ਨੂੰ ਟ੍ਰੇਨਿੰਗ ਲਈ ਸਿੰਗਾਪੁਰ ਭੇਜਿਆ ਗਿਆ ਸੀ। ਇਸੇ ਤਰ੍ਹਾਂ 72 ਪ੍ਰਾਇਮਰੀ ਅਧਿਆਪਕਾਂ ਨੂੰ ਸਿਖਲਾਈ ਲਈ ਫਿਨਲੈਂਡ ਦਾ ਦੌਰਾ ਕਰਵਾਇਆ ਗਿਆ। ਇਸ ਤੋਂ ਇਲਾਵਾ 152 ਹੈੱਡ ਮਾਸਟਰਾਂ ਨੂੰ ਅਹਿਮਦਾਬਾਦ ਤੋਂ ਸਿਖਲਾਈ ਦਵਾਈ ਗਈ। ਪੰਜਾਬ ਸਰਕਾਰ ਵੱਲੋਂ ਸਿੰਗਾਪੁਰ ਭੇਜੇ ਗਏ ਪ੍ਰਿੰਸੀਪਲ ਉੱਥੋਂ ਸਿੱਖਿਆ ਨਾਲ ਜੁੜੀਆਂ ਕਈ ਬਾਰੀਕੀਆਂ ਬਾਰੇ ਸਿਖਲਾਈ ਲੈ ਕੇ ਆਏ ਹਨ। ਇਹ ਟ੍ਰੇਨਿੰਗ ਪ੍ਰੋਗਰਾਮ ਸਿੰਗਾਪੁਰ, ਅਤੇ ਸਿੰਗਾਪੁਰ ਵਰਗੇ ਵੱਕਾਰੀ ਸੰਸਥਾਨਾਂ ਦੇ ਸਹਿਯੋਗ ਨਾਲ ਆਯੋਜਿਤ ਕੀਤੇ ਗਏ ਸਨ। ਪਾਠਕ੍ਰਮ ਸਮਕਾਲੀ ਪ੍ਰਸਾਸਨਿਕ ਅਤੇ ਸਿੱਖਿਆ ਕੌਸਲ 'ਤੇ ਕੇਂਦ੍ਰਿਤ ਹੈ, ਜਿਸ 'ਚ ਨਵੀਆਂ ਸਿੱਖਿਆ ਤਕਨੀਕਾਂ, ਮਸਵਰੇ ਆਦਿ



ਸਾਮਲ ਹਨ। ਪੰਜਾਬ ਸਰਕਾਰ ਵੱਲੋਂ 36 ਪ੍ਰਿੰਸੀਪਲਾਂ ਦਾ ਪਹਿਲਾ ਬੈਚ 5 ਫਰਵਰੀ 2023 ਨੂੰ ਸਿੰਗਾਪੁਰ 'ਚ ਟ੍ਰੇਨਿੰਗ ਲਈ ਭੇਜਿਆ ਗਿਆ ਸੀ। ਦੂਜਾ ਬੈਚ 5 ਮਾਰਚ 2023 ਨੂੰ ਗਿਆ, ਜਿਸ 'ਚ 30 ਪ੍ਰਿੰਸੀਪਲ ਤੇ ਸਿੱਖਿਆ ਅਧਿਕਾਰੀ ਸਾਮਲ ਸਨ। ਇਸ ਤੋਂ ਬਾਅਦ 72 ਪ੍ਰਿੰਸੀਪਲਾਂ ਦੇ ਤੀਜੇ ਤੇ ਚੌਥੇ ਬੈਚ ਨੂੰ 24 ਜੁਲਾਈ 2023 ਨੂੰ ਸਿੰਗਾਪੁਰ ਭੇਜਿਆ ਗਿਆ। ਇਸ ਤੋਂ ਬਾਅਦ 23 ਸਤੰਬਰ 2021 ਨੂੰ ਅਧਿਆਪਕਾਂ ਦਾ ਪੰਜਵਾਂ ਤੇ ਛੇਵਾਂ ਬੈਚ ਸਿੰਗਾਪੁਰ ਭੇਜਿਆ ਗਿਆ। ਇਸ ਬੈਚ 'ਚ 72 ਪ੍ਰਿੰਸੀਪਲ ਸਾਮਲ ਸਨ। ਪ੍ਰਿੰਸੀਪਲਾਂ ਦੇ ਨਾਲ ਮੁੱਖ ਅਧਿਆਪਕਾਂ ਨੂੰ ਵੀ ਟ੍ਰੇਨਿੰਗ ਲਈ ਆਈ. ਆਈ. ਐੱਮ. ਅਹਿਮਦਾਬਾਦ ਭੇਜਿਆ ਗਿਆ। 30 ਹੈੱਡਮਾਸਟਰਾਂ ਦਾ ਪਹਿਲਾ ਬੈਚ 31 ਜੁਲਾਈ 2003 ਤੋਂ 4 ਅਗਸਤ 2023 ਤਕ ਟ੍ਰੇਨਿੰਗ ਲਈ ਅਹਿਮਦਾਬਾਦ ਭੇਜਿਆ ਗਿਆ। ਦੂਜਾ ਬੈਚ 28 ਅਗਸਤ ਨੂੰ ਟ੍ਰੇਨਿੰਗ ਲਈ ਭੇਜਿਆ ਗਿਆ ਸੀ। ਅਜਿਹੇ ਉਪਰਾਲਿਆਂ ਸਦਕਾ ਅਧਿਆਪਕ ਕੌਮਾਂਤਰੀ ਪੱਧਰ ਦੀ ਸਿਖਲਾਈ ਲੈ ਕੇ ਬੱਚਿਆਂ ਨੂੰ ਪੜ੍ਹਾਉਣ ਦੀਆਂ ਨਵੀਆਂ ਤਕਨੀਕਾਂ ਸਿਖ ਕੇ ਵਿਦਿਆਰਥੀਆਂ ਨੇ ਅਜੋਕੇ ਦੌਰ ਲਈ ਤਿਆਰ ਕਰਨ ਦੇ ਯੋਗ ਬਣ ਰਹੇ ਹਨ।

# ਬਾਗੇਸ਼ਵਰ ਵਾਲੇ ਬਾਬਾ ਦੇ ਮੂੰਹ 'ਤੇ ਵਗ੍ਹਾ ਕੇ ਮਾਰਿਆ ਫੋਨ

ਨਵਦੀਪ ਸਿੰਘ ਸਾਹਨੀ

ਨੈਸ਼ਨਲ ਡੈਸਕ 27 ਨਵੰਬਰ। ਉੱਤਰ ਪ੍ਰਦੇਸ ਦੇ ਝਾਂਸੀ 'ਚ ਬਾਬਾ ਬਾਗੇਸਵਰ ਧਾਮ ਦੇ ਧੀਰੇਂਦਰ ਸਾਸਤਰੀ 'ਤੇ ਹਮਲਾ ਹੋਇਆ ਹੈ। ਧਰਿੰਦਰ ਸਾਸਤਰੀ 'ਤੇ ਜਨਤਾ ਦਰਸਨ ਅਤੇ ਪੈਦਲ ਯਾਤਰਾ ਦੌਰਾਨ ਹਮਲਾ ਹੋਣ ਦੀ ਸੂਚਨਾ ਮਿਲੀ ਹੈ। ਜਾਣਕਾਰੀ ਮੁਤਾਬਕ ਮਾਊਰਾਨੀਪੁਰ 'ਚ ਯਾਤਰਾ ਦੌਰਾਨ ਉਸ 'ਤੇ ਫੁੱਲਾਂ ਸਮੇਤ ਇਕ ਮੋਬਾਇਲ ਵੀ ਸੁੱਟਿਆ ਗਿਆ। ਧੀਰੇਂਦਰ ਸਾਸਤਰੀ ਦੇ ਮੋਬਾਈਲ ਫੋਨ ਵੱਜਣ ਕਾਰਨ ਚਿਹਰੇ 'ਤੇ ਸੱਟਾਂ ਲੱਗੀਆਂ ਹਨ। ਇਸ ਦੀ ਵੀਡੀਓ ਅਤੇ ਫੋਟੋ ਸੋਸਲ ਮੀਡੀਆ 'ਤੇ ਵਾਇਰਲ ਹੋਣ ਲੱਗੀ ਹੈ। ਬਾਅਦ 'ਚ ਧੀਰੇਂਦਰ ਸਾਸਤਰੀ ਵੀ ਇਸ ਮੋਬਾਈਲ ਨੂੰ ਹੱਥ 'ਚ ਫੜ ਕੇ ਲੋਕਾਂ ਨੂੰ ਕੁਝ ਕਹਿੰਦੇ ਨਜਰ ਆਏ। ਧੀਰੇਂਦਰ ਸਾਸਤਰੀ ਮਾਊਰਾਨੀਪੁਰ ਇਲਾਕੇ ਵਿੱਚ ਪੈਦਲ ਯਾਤਰਾ ਕਰ ਰਹੇ ਸਨ। ਇਸ ਦੌਰਾਨ ਵੱਡੀ ਗਿਣਤੀ 'ਚ ਸੰਗਤਾਂ ਉਨ੍ਹਾਂ ਦੇ ਦਰਸਨਾਂ ਲਈ ਪੁੱਜਣੀਆਂ ਸ਼ੁਰੂ ਹੋ ਗਈਆਂ। ਉਹ ਸੰਗਤਾਂ ਨੂੰ ਨਮਸਕਾਰ ਕਰਨ ਲੱਗੇ। ਇਸ ਦੌਰਾਨ ਮੌਜੂਦ ਲੋਕਾਂ ਨਾਲ ਉਨ੍ਹਾਂ ਦੀ ਗੱਲਬਾਤ ਵੀ ਹੋ ਰਹੀ ਸੀ। ਦੱਸਿਆ ਜਾ ਰਿਹਾ ਹੈ ਕਿ ਨਾਲ ਤੁਰਦੇ ਲੋਕ ਉਨ੍ਹਾਂ 'ਤੇ ਫੁੱਲਾਂ ਦੀ ਵਰਖਾ ਕਰ ਰਹੇ ਸਨ। ਇਸ ਦੌਰਾਨ ਕਿਸੇ ਨੇ ਫੁੱਲ 'ਚ ਛੁਪਾ ਕੇ ਬਾਬਾ 'ਤੇ ਮੋਬਾਇਲ ਫੋਨ ਨਾਲ ਹਮਲਾ ਕਰ ਦਿੱਤਾ। ਦੱਸਿਆ



ਜਾ ਰਿਹਾ ਹੈ ਕਿ ਬਾਬਾ ਵੱਲ ਦੋ-ਤਿੰਨ ਮੋਬਾਈਲ ਫੋਨ ਸੁੱਟੇ ਗਏ। ਬਾਬਾ ਬਾਗੇਸਵਰ ਧੀਰੇਂਦਰ ਸਾਸਤਰੀ ਨੇ ਇਨ੍ਹਾਂ ਵਿੱਚੋਂ ਕੁਝ ਮੋਬਾਈਲ ਆਪਣੇ ਹੱਥ ਵਿੱਚ ਲਏ ਅਤੇ ਭੀੜ ਨੂੰ ਦਿਖਾਏ। ਇਹ ਵੀ ਕਿਹਾ ਕਿ ਸਾਨੂੰ ਫੁੱਲਾਂ ਦੇ ਨਾਲ-ਨਾਲ ਮੋਬਾਈਲ ਫੋਨ ਵੀ ਸੁੱਟ ਕੇ ਮਾਰਿਆ ਗਿਆ। ਅੱਗੇ ਦੱਸਿਆ ਕਿ ਉਨ੍ਹਾਂ ਨੂੰ ਮੋਬਾਈਲ ਮਿਲ ਗਿਆ ਹੈ। ਇਸ ਤੋਂ ਬਾਅਦ ਉਨ੍ਹਾਂ ਨਾਲ ਆਈ ਟੀਮ ਅਤੇ ਸਰਧਾਲੂਆਂ ਨੂੰ ਅੱਗੇ ਵਧਣ ਲਈ ਕਿਹਾ। ਦੱਸਿਆ ਜਾ ਰਿਹਾ ਹੈ ਕਿ ਇਸ ਘਟਨਾ ਤੋਂ ਬਾਅਦ ਧੀਰੇਂਦਰ ਸਾਸਤਰੀ ਦੀ ਸੁਰੱਖਿਆ 'ਚ ਲੱਗੀ ਪੁਲਸ ਵੀ ਹੈਰਾਨ ਰਹਿ ਗਈ। ਹੁਣ ਪੁਲਸ ਪ੍ਰਸਾਸਨ ਵਿੱਚ ਦਹਿਸਤ ਦਾ ਮਾਹੌਲ ਹੈ। ਇਸ ਘਟਨਾ ਤੋਂ ਬਾਅਦ ਬਾਬਾ ਬਾਗੇਸਵਰ ਧੀਰੇਂਦਰ ਸਾਸਤਰੀ ਦੀ ਸੁਰੱਖਿਆ ਵਧਾਈ ਜਾ ਸਕਦੀ ਹੈ। ਨਾਲ ਹੀ ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਧੀਰੇਂਦਰ ਸਾਸਤਰੀ 'ਤੇ ਹਮਲੇ ਦੀ ਸੂਚਨਾ ਸੋਸਲ ਮੀਡੀਆ 'ਤੇ ਫੈਲਣ ਤੋਂ ਬਾਅਦ ਝਾਂਸੀ ਪੁਲਸ ਨੇ ਟਵੀਟ ਅਤੇ ਸੰਦੇਸ ਜਾਰੀ ਕੀਤਾ ਹੈ। ਦੱਸਿਆ ਗਿਆ ਹੈ ਕਿ ਧੀਰੇਂਦਰ ਸਾਸਤਰੀ 'ਤੇ ਹਮਲਾ ਨਹੀਂ ਹੋਇਆ ਹੈ। ਫੁੱਲਾਂ ਦੀ ਵਰਖਾ ਦੌਰਾਨ ਮੋਬਾਈਲ ਲੱਗ ਗਿਆ ਸੀ। ਬਾਬਾ ਬਾਗੇਸਵਰ ਧੀਰੇਂਦਰ ਸਾਸਤਰੀ ਨੇ ਬਾਅਦ ਵਿੱਚ ਲੋਕਾਂ ਨੂੰ ਦੱਸਿਆ ਕਿ ਕਿਸੇ ਸਰਧਾਲੂ ਦਾ ਮੋਬਾਈਲ ਫੋਨ ਲੱਗ ਗਿਆ ਸੀ। ਇਹ ਕਿਸੇ ਤਰ੍ਹਾਂ ਦੀ ਕੋਈ ਸਾਜਿ?ਸ ਨਹੀਂ ਹੈ।

## ਮਹਾਯੁਤੀ ਦੀ ਜਿੱਤ 'ਤੇ ਸ਼ਿਵ ਸੈਨਾ ਨੇ ਕੱਸਿਆ ਤੰਜ

ਮੁੰਬਈ 28 ਨਵੰਬਰ। ਸ਼ਿਵਸੈਨਾ ਨੇ ਬੁੱਧਵਾਰ ਨੂੰ ਕਿਹਾ ਕਿ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਵਿਚ ਸੱਤਾਧਾਰੀ ਮਹਾਯੁਕਤੀ ਨੇ 'ਬੰਪਰ ਲਕੀ ਡਰਾਅ' ਜਿੱਤਿਆ ਹੈ ਪਰ ਇਲੈਕਟ੍ਰਾਨਿਕ ਵੋਟਿੰਗ ਮਸੀਨ () ਦੇ ਇਸਤੇਮਾਲ 'ਤੇ ਸ਼ੱਕ ਦੇ ਬੱਦਲ ਮੰਡਰਾ ਰਹੇ ਹਨ। ਪਾਰਟੀ ਦੇ ਮੁੱਖ ਪੱਤਰ 'ਸਾਮਨਾ' ਦੇ ਸੰਪਾਦਕੀ 'ਚ ਕਿਹਾ ਗਿਆ ਹੈ ਜੇਕਰ ਹੈ ਤਾਂ ਇਹ ਮੁਮਕਿਨ ਹੈ। 'ਸਾਮਨਾ' 'ਚ ਕਿਹਾ ਗਿਆ ਹੈ ਕਿ ਸੱਤਾਧਾਰੀ ਮਹਾਯੁਕਤੀ ਨੇ 288 ਵਿਚੋਂ 230 ਸੀਟਾਂ ਦਾ ਇਹ 'ਬੰਪਰ ਲੱਕੀ ਡਰਾਅ' ਕਿਵੇਂ ਜਿੱਤਿਆ? ਜਵਾਬ ਤਲਾਸ਼ਦੇ ਹੋਏ ਸੋਚ 'ਤੇ ਆ ਕੇ ਰੁੱਕ ਜਾਂਦੀ ਹੈ। ਮਹਾਰਾਸ਼ਟਰ ਵਿਚ ਇਸਤੇਮਾਲ ਕੀਤੀ ਗਈ ਦਾ ਗੁਜਰਾਤ-ਰਾਜਸਥਾਨ ਕਨੈਕਸ਼ਨ, 95 ਹਲਕਿਆਂ 'ਚ ਵੋਟਿੰਗ ਦੇ ਅੰਕੜਿਆਂ ਅਤੇ ਰਾਹੀਂ ਗਿਣੀਆਂ ਗਈਆਂ ਵੋਟਾਂ 'ਚ ਕਥਿਤ ਅੰਤਰ; 'ਚ ਵਰਤੀ ਗਈ ਬੈਟਰੀ ਦੀ ਚਾਰਜਿੰਗ ਦਾ ਰਹੱਸ ਅਤੇ ਬਹੁਤ ਸਾਰੀਆਂ ਚੀਜਾਂ ਘੁਟਾਲੇ" ਬਾਰੇ ਸੱਕ ਨੂੰ ਮਜਬੂਤ ਕਰਦੀਆਂ ਹਨ। ਸੰਪਾਦਕੀ 'ਚ ਕਿਹਾ ਗਿਆ ਹੈ ਕਿ ਦੇਸ ਦੇ ਲੋਕ ਹੈਰਾਨ ਹਨ ਕਿ ਮਹਾਯੁਤੀ ਗਠਜੋੜ ਨੂੰ ਇੰਨੀ ਵੱਡੀ ਗਿਣਤੀ 'ਚ ਵੋਟਾਂ ਕਿਵੇਂ ਮਿਲੀਆਂ। 20 ਨਵੰਬਰ ਨੂੰ ਮਹਾਰਾਸਟਰ ਚੋਣਾਂ ਵਿਚ ਭਾਜਪਾ, ਏਕਨਾਥ ਸਿ?ਦੇ ਦੀ ਅਗਵਾਈ ਵਾਲੀ ਸਿ?ਵ ਸੈਨਾ ਅਤੇ ਅਜੀਤ ਪਵਾਰ ਦੀ ਅਗਵਾਈ ਵਾਲੀ ਐਨ. ਸੀ. ਪੀ ਦੇ ਸੱਤਾਧਾਰੀ ਮਹਾਗਠਜੋੜ ਨੇ ਵਿਰੋਧੀ ਮਹਾ ਵਿਕਾਸ ਅਗਾੜੀ (ਐਮ. ਵੀ. ਏ) ਨੂੰ ਹਰਾਇਆ।

# ਮੇਵਾੜ ਰਾਜਵੰਸ਼ 'ਚ ਵਧਿਆ ਵਿਵਾਦ, ਵਿਸ਼ਵਰਾਜ ਸਿੰਘ ਦੀ ਤਾਜਪੋਸੀ ਮਗਰੋਂ ਸਿਟੀ ਪੈਲੇਸ 'ਤੇ ਕਬਜਾ

ਤੇਜਿੰਦਰ ਕੌਰ ਬੱਬਰ

ਨੈਸਨਲ ਡੈਸਕ 27 ਨਵੰਬਰ। ਉਦੈਪੁਰ ਵਿੱਚ ਮੇਵਾੜ ਰਾਜਵੰਸ ਦੇ ਦੋ ਡੇਰਿਆਂ ਦਰਮਿਆਨ ਡੂੰਘੇ ਵਿਵਾਦ ਨੇ ਪ੍ਰਸਾਸਨ ਨੂੰ ਸਖਤ ਕਾਰਵਾਈ ਕਰਨ ਲਈ ਮਜਬੂਰ ਕਰ ਦਿੱਤਾ। ਰਾਜਸਥਾਨ ਸਰਕਾਰ ਨੇ ਉਦੈਪੁਰ ਦੇ ਸਿਟੀ ਪੈਲੇਸ ਦੇ ਵਿਵਾਦਿਤ ਹਿੱਸੇ ਨੂੰ ਜਬਤ ਕਰ ਲਿਆ ਅਤੇ ਉੱਥੇ ਰਿਸੀਵਰ ਨਿਯੁਕਤ ਕਰ ਦਿੱਤਾ। ਨਾਥਦੁਆਰੇ ਦੇ ਵਿਧਾਇਕ ਅਤੇ ਮੇਵਾੜ ਵੰਸ ਦੇ ਵੰਸਜ ਵਿਸਵਰਾਜ ਸਿੰਘ ਦੀ ਸੋਮਵਾਰ ਨੂੰ ਚਿਤੌੜਗੜ੍ਹ ਕਿਲ੍ਹੇ ਦੇ ਫਤਿਹ ਪ੍ਰਕਾਸ ਮਹਿਲ ਵਿੱਚ ਰਵਾਇਤੀ ਤਾਜਪੋਸੀ ਕੀਤੀ ਗਈ। ਰਵਾਇਤ ਅਨੁਸਾਰ ਤਾਜਪੋਸੀ ਤੋਂ ਬਾਅਦ ਉਨ੍ਹਾਂ ਨੇ ਉਦੈਪੁਰ ਸਿਟੀ ਪੈਲੇਸ ਦੀ ਧੂਣੀ ਦਰਸਨ ਦੀ ਰਸਮ ਕਰਨੀ ਸੀ। ਹਾਲਾਂਕਿ, ਸਿਟੀ ਪੈਲੇਸ ਵਿੱਚ ਰਹਿੰਦੇ ਉਹਨਾਂ ਦੇ ਚਾਚਾ ਅਰਵਿੰਦ ਸਿੰਘ ਮੇਵਾੜ ਨੇ ਵਿਸਵਰਾਜ ਦੇ ਦਾਖਲੇ 'ਤੇ ਰੋਕ ਲੱਗਾ ਦਿੱਤੀ। ਇਸ ਫੈਸਲੇ ਨਾਲ ਦੋਵੇਂ ਡੇਰਿਆਂ ਦੇ ਸਮਰਥਕ ਆਹਮੋ-ਸਾਹਮਣੇ ਆ ਗਏ। ਸੋਮਵਾਰ ਰਾਤ ਨੂੰ ਸਥਿਤੀ ਤਣਾਅਪੂਰਨ ਹੋ ਗਈ ਅਤੇ ਸਿਟੀ ਪੈਲੇਸ ਦੇ ਬਾਹਰ ਪੱਥਰਬਾਜੀ ਅਤੇ ਝੜਪਾਂ ਹੋਈਆਂ, ਜਿਸ ਨਾਲ ਕਈ ਲੋਕ ਜਖਮੀ ਹੋ ਗਏ। ਸਥਿਤੀ ਵਿਗੜਨ 'ਤੇ ਪੁਲਸ ਅਤੇ ਪ੍ਰਸਾਸਨ ਨੇ ਦਖਲ ਦਿੱਤਾ। ਮੰਗਲਵਾਰ ਨੂੰ ਜਿ?ਲ੍ਹਾ



ਮੈਜਿਸਟਰੇਟ ਨੇ ਸਿਟੀ ਪੈਲੇਸ ਦੇ ਵਿਵਾਦਿਤ ਹਿੱਸੇ ਨੂੰ ਆਪਣੇ ਕਬਜੇ ਵਿੱਚ ਲੈਣ ਦੇ ਹੁਕਮ ਦਿੱਤੇ ਅਤੇ ਘੰਟਾਘਰ ਥਾਣੇ ਦੇ ਅਧਿਕਾਰੀ ਨੂੰ ਰਿਸੀਵਰ ਨਿਯੁਕਤ ਕੀਤਾ। ਵਿਸਵਰਾਜ ਸਿੰਘ ਦੀ ਤਾਜਪੋਸੀ ਰਵਾਇਤੀ ਤੌਰ 'ਤੇ ਉਨ੍ਹਾਂ ਦੇ ਪਿਤਾ, ਸਾਬਕਾ ਸੰਸਦ ਮੈਂਬਰ ਮਹਿੰਦਰ ਸਿੰਘ ਮੇਵਾੜ ਦੀ ਮੌਤ ਤੋਂ ਬਾਅਦ ਹੋਈ ਸੀ। ਉਧਰ ਉਦੈਪੁਰ ਸਿਟੀ ਪੈਲੇਸ ਦੇ ਮਾਲਕੀ ਹੱਕ ਨੂੰ ਲੈ ਕੇ ਅਰਵਿੰਦ ਸਿੰਘ ਅਤੇ ਵਿਸਵਰਾਜ ਸਿੰਘ ਵਿਚਾਲੇ ਕਾਫੀ ਸਮੇਂ ਤੋਂ ਵਿਵਾਦ ਚੱਲ ਰਿਹਾ ਹੈ। ਅਰਵਿੰਦ ਸਿੰਘ ਦਾ ਕਹਿਣਾ ਹੈ ਕਿ ਸਿਟੀ ਪੈਲੇਸ 'ਤੇ ਵਿਸਵਰਾਜ ਦਾ ਕੋਈ ਅਧਿਕਾਰ ਨਹੀਂ ਹੈ, ਜਦਕਿ ਵਿਸਵਰਾਜ ਇਸ ਨੂੰ ਆਪਣੇ ਖਾਨਦਾਨ ਦਾ ਹਿੱਸਾ ਮੰਨਦਾ ਹੈ। ਵਿਵਾਦ ਉਦੋਂ ਹੋਰ ਡੂੰਘਾ ਹੋ ਗਿਆ, ਜਦੋਂ ਵਿਸਵਰਾਜ ਦੇ ਸਮਰਥਕਾਂ ਨੇ ਬੈਰੀਕੇਡ ਹਟਾਉਣ ਦੀ ਕੋਸਿ?ਸ ਸ਼ੁਰੂ ਕਰ ਦਿੱਤੀ। ਭਾਵੇਂ ਭਾਰਤ ਵਿੱਚ ਲੋਕਤੰਤਰ ਆਉਣ ਤੋਂ ਬਾਅਦ ਰਾਜਸਾਹੀ ਖਤਮ ਹੋ ਗਈ ਪਰ ਬਹੁਤ ਸਾਰੇ ਸਾਬਕਾ ਸਾਹੀ ਘਰਾਣਿਆਂ ਵਿੱਚ ਅਜੇ ਵੀ ਰਵਾਇਤੀ ਰਸਮਾਂ ਨਿਭਾਈਆਂ ਜਾਂਦੀਆਂ ਹਨ। ਮੇਵਾੜ ਰਾਜਵੰਸ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਪਰੰਪਰਾਗਤ ਰੀਤੀ ਰਿਵਾਜਾਂ ਨੂੰ ਲੈ ਕੇ ਸੰਘਰਸ ਨੇ ਹਿੰਸਕ ਰੂਪ ਲੈ ਲਿਆ। ਵਿਸਵਰਾਜ ਸਿੰਘ ਨੇ ਮੰਗਲਵਾਰ ਦੁਪਹਿਰ ਨੂੰ ਆਪਣੇ ਸਮਰਥਕਾਂ ਨੂੰ ਘਰ ਪਰਤਣ ਦੀ ਅਪੀਲ ਕੀਤੀ ਅਤੇ ਖੁਦ ਸਮੋਰਬਾਗ ਸਥਿਤ ਆਪਣੇ ਮਹਿਲ ਪਰਤ ਆਏ। ਇਸ ਦੌਰਾਨ ਪ੍ਰਸਾਸਨ ਦੀ ਕਾਰਵਾਈ ਨਾਲ ਵਿਵਾਦਿਤ ਥਾਂ 'ਤੇ ਕਿਸੇ ਵੀ ਤਰ੍ਹਾਂ ਦੇ ਨਵੇਂ ਟਕਰਾਅ ਨੂੰ ਰੋਕਣ ਦੀ ਕੋਸਿ?ਸ ਕੀਤੀ ਗਈ।

## ਮਲਿਕਾਰਜੁਨ ਖੜਗੇ ਨੇ ਈਵੀਐੱਮ 'ਤੇ ਚੁੱਕੇ ਸਵਾਲ, ਬੈਲੇਟ ਪੇਪਰ ਨਾਲ ਚੋਣਾਂ ਦੀ ਕੀਤੀ ਮੰਗ

ਨਵੀਂ ਦਿੱਲੀ 27 ਨਵੰਬਰ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਕਮਜੋਰ ਤਬਕਿਆਂ ਦਾ ਵੋਟ ਫਿਜ਼ੂਲ ਹੋ ਰਿਹਾ ਹੈ ਅਤੇ ਅਜਿਹੇ 'ਚ ਬੈਲਟ ਪੇਪਰ ਰਾਹੀਂ ਵੋਟਿੰਗ ਹੋਣੀ ਚਾਹੀਦੀ ਅਤੇ ਇਸ ਮੰਗ ਨੂੰ ਲੈ ਕੇ 'ਭਾਰਤ ਜੋੜੋ ਯਾਤਰਾ' ਦੀ ਤਰ੍ਹਾਂ ਇਕ ਮੁਹਿੰਮ ਸ਼ੁਰੂ ਕਰਨੀ ਹੋਵੇਗੀ। ਉਨ੍ਹਾਂ ਨੇ ਕਾਂਗਰਸ ਦੇ ਵੱਖ-ਵੱਖ ਸੈੱਲਾਂ ਵਲੋਂ ਆਯੋਜਿਤ 'ਸੰਵਿਧਾਨ ਰੱਖਿਅਕ ਮੁਹਿੰਮ' ਪ੍ਰੋਗਰਾਮ 'ਚ ਇਹ ਦਾਅਵਾ ਵੀ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਾਤੀ ਜਨਗਣਨਾ ਕਰਵਾਉਣ ਤੋਂ ਡਰਦੇ ਹਨ। ਕਾਂਗਰਸ ਪ੍ਰਧਾਨ ਨੇ ਕਿਹਾ,"ਐੱਸ.ਸੀ., ਐੱਸ.ਟੀ., ਓ.ਬੀ.ਸੀ., ਗਰੀਬ ਤਬਕੇ ਦੇ ਲੋਕ ਆਪਣੀ ਪੂਰੀ ਸ਼ਕਤੀ ਲਗਾ ਕੇ ਵੋਟ ਦੇ ਰਹੇ ਹਨ, ਉਨ੍ਹਾਂ ਦਾ ਵੋਟ ਫਿਜ਼ੂਲ ਜਾ ਰਿਹਾ ਹੈ... ਸਾਨੂੰ ਬੈਲਟ ਪੇਪਰ ਰਾਹੀਂ ਵੋਟ ਚਾਹੀਦਾ।" ਉਨ੍ਹਾਂ ਨੇ ਤੰਜ ਕੱਸਦੇ ਹੋਏ ਕਿਹਾ,"ਮੋਦੀ ਜੀ ਦੇ ਘਰ ਜਾਂ ਅਮਿਤ ਸ਼ਾਹ ਦੇ ਘਰ ਮਸ਼ੀਨ ਰੱਖਣ ਦਿਓ, ਅਹਿਮਦਾਬਾਦ ਦੇ ਕਿਸੇ ਗੋਦਾਮ 'ਚ ਰੱਖਣ ਦਿਓ ਪਰ ਸਾਨੂੰ ਬੈਲਟ ਪੇਪਰ ਚਾਹੀਦਾ।" ਖੜਗੇ ਨੇ ਕਿਹਾ,"ਪਾਰਟੀ ਵਲੋਂ ਇਕ ਮੁਹਿੰਮ ਸ਼ੁਰੂ ਕਰਨੀ ਚਾਹੀਦੀ ਹੈ। ਸਾਰੀਆਂ ਪਾਰਟੀਆਂ ਨੂੰ ਕਹਾਂਗੇ। ਜਿਵੇਂ ਰਾਹੁਲ ਗਾਂਧੀ ਦੀ ਅਗਵਾਈ 'ਚ 'ਭਾਰਤ ਜੋੜੋ ਯਾਤਰਾ' ਕੱਢੀ ਗਈ ਸੀ, ਉਂਝ ਹੀ 'ਬੈਲਟ ਪੇਪਰ ਚਾਹੀਦਾ' ਦੀ ਮੁਹਿੰਮ ਸ਼ੁਰੂ ਕਰਨੀ ਹੋਵੇਗੀ।" ਉਨ੍ਹਾਂ ਨੇ ਮਹਾਰਾਸ਼ਟਰ 'ਚ ਮਹਾ ਵਿਕਾਸ ਆਘਾੜੀ ਦੀ ਕਰਾਰੀ ਹਾਰ ਤੋਂ



ਬਾਅਦ ਇਹ ਟਿੱਪਣੀ ਕੀਤੀ ਹੈ। ਉਨ੍ਹਾਂ ਨੇ ਭਾਜਪਾ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਦਾਅਵਾ ਕੀਤਾ,"ਇਨ੍ਹਾਂ ਦੀ ਸਰਕਾਰ 'ਚ ਸਿਰਫ ਕੱਟੋ, ਵੰਡੋ ਦੀਆਂ ਗੱਲਾਂ ਹੋ ਰਹੀਆਂ ਹਨ। ਕਿਤੇ ਆਦਿਵਾਸੀਆਂ ਦੇ ਉੱਪਰ ਪਿਸ਼ਾਬ ਕਰਦੇ ਹਨ, ਕਿਤੇ ਔਰਤਾਂ ਨਾਲ ਜਬਰ ਜਿ?ਨਾਹ ਕਰਦੇ ਹਨ, ਕਿਤੇ ਘੋੜੀ 'ਤੇ ਲਾੜਾ ਹੈ ਤਾਂ ਉਸ ਨੂੰ ਕੁੱਟਦੇ ਹਨ। ਇਹ ਸੰਵਿਧਾਨ ਦੇ ਰੱਖਿਅਕ ਨਹੀਂ, ਭਕਸ਼ਕ ਹਨ।"

# ਕੁੱਲੜ੍ਹ ਪਿੱਜਾ ਕੱਪਲ ਵੱਲੋਂ ਸੁਰੱਖਿਆ ਦੀ ਮੰਗ ਕਰਨ ਮਗਰੋਂ ਨਿਹੰਗ ਸਿੰਘ ਨੇ ਮੁੜ ਲਾਈਵ ਹੋ ਕੇ ਦਿੱਤੀ ਚਿਤਾਵਨੀ

ਜਲੰਧਰ 27 ਨਵੰਬਰ। ਨਿਹੰਗਾ ਸਿੰਘਾਂ ਨਾਲ ਵਿਵਾਦ ਛਿੜਨ ਮਗਰੋਂ ਮਸ਼ਹੂਰ ਕੁੱਲੜ੍ਹ ਪਿੱਜਾ ਕੱਪਲ ਇਕ ਵਾਰ ਫਿਰ ਸੁਰਖੀਆਂ ਵਿੱਚ ਆ ਗਿਆ ਹੈ। ਬੀਤੇ ਦਿਨੀਂ ਜੋੜੇ ਨੇ ਆਪਣੀ ਸੁਰੱਖਿਆ ਨੂੰ ਲੈ ਕੇ ਚਿੰਤਾ ਜਾਹਰ ਕੀਤੀ। ਕੱਪਲ ਵੱਲੋਂ ਪੰਜਾਬ ਅਤੇ ਹਰਿਆਣਾ ਹਾਈਕੋਰਟ 'ਚ ਪਟੀਸਨ ਦਾਇਰ ਕੀਤੀ ਗਈ ਹੈ, ਜਿਸ ਵਿੱਚ ਉਨ੍ਹਾਂ ਨੇ ਸੁਰੱਖਿਆ ਦੀ ਮੰਗ ਕੀਤੀ ਹੈ। ਸੁਰੱਖਿਆ ਦੀ ਮੰਗ ਕਰਨ ਤੋਂ ਬਾਅਦ ਨਿਹੰਗ ਮਾਨ ਸਿੰਘ ਇਕ ਵਾਰ ਫਿਰ ਤੋਂ ਲਾਈਵ ਹੋਇਆ ਹੈ। ਨਿਹੰਗ ਮਾਨ ਸਿੰਘ ਨੇ ਲਾਈਵ ਦੌਰਾਨ ਕਿਹਾ ਕਿ ਕੁੱਲ੍ਹੜ ਪਿੱਜਾ ਵਾਲਿਆਂ ਨੂੰ ਲੈ ਕੇ ਸਾਨੂੰ ਬਹੁਤ ਸਾਰੇ ਫੋਨ ਆ ਰਹੇ ਹਨ। ਆਪਣੇ ਆਪ ਨੂੰ ਬਚਾਉਣ ਲਈ ਕੁੱਲ੍ਹੜ ਪਿੱਜਾ ਕੱਪਲ ਹੀ ਸਾਨੂੰ ਫੋਨ ਕਰਵਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ 18 ਤਾਰੀਖ ਤੱਕ ਕੁੱਲ੍ਹੜ ਪਿੱਜਾ ਕੱਪਲ ਸਾਡੇ ਸਾਹਮਣੇ ਨਹੀਂ ਆਉਂਦਾ ਅਤੇ ਜੇਕਰ ਬਾਅਦ ਵਿਚ ਐੱਸ. ਐੱਚ. ਓ. ਕਾਰਵਾਈ ਨਹੀਂ ਕਰਦਾ ਤਾਂ ਅੱਗੇ ਦੀ ਤਿਆਰੀ ਸਾਡੀ ਪੂਰੀ ਹੈ। ਉਨ੍ਹਾਂ ਧਮਕੀ ਦਿੰਦੇ ਹੋਏ ਕਿਹਾ ਕਿ ਜੇਕਰ ਬੈਠ ਕੇ ਕੁੱਲ੍ਹੜ ਪਿੱਜਾ ਕੱਪਲ ਗੱਲ ਖਤਮ ਕਰ ਲਵੇ ਤਾਂ ਇਸ ਦੇ ਲਈ ਚੰਗਾ ਹੈ। ਅਸੀਂ ਪ੍ਰਸ਼ਾਸਨ ਅਤੇ ਮੀਡੀਆ ਵਿਚਾਲੇ ਬੈਠ ਕੇ ਗੱਲਬਾਤ ਕਰਾਂਗੇ। ਮੇਰੇ ਵੱਲੋਂ ਪਹਿਲਾਂ ਹੀ ਸਾਰੇ ਸਮੱਰਥਕਾਂ ਨੂੰ ਹੁੱਲੜਬਾਜੀ ਨਾ ਕਰਨ ਦੀ ਅਪੀਲ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਪੱਗ ਨੂੰ ਦਾਗ ਲਗਾਉਂਦਾ ਹੈ ਤਾਂ ਉਸ ਨੂੰ ਰੋਕਣਾ ਚਾਹੀਦਾ ਹੈ। ਮੈਂ ਕਿਸੇ ਦੀ ਪੱਗ ਲਹਾ ਕੇ ਖੁਸ਼ ਨਹੀਂ ਹਾਂ ਅਤੇ ਨਾ ਹੀ ਮੈਂ ਪੱਗਾਂ ਨੂੰ ਖੋਹਣ ਵਾਸਤੇ ਆਵਾਜ ਬੁਲੰਦ ਕੀਤੀ ਹੈ। ਮੇਰਾ ਮਕਸਦ ਇਹੀ ਹੈ ਕਿ ਜੇਕਰ ਅਸੀਂ ਸੋਸ਼ਲ ਮੀਡੀਆ 'ਤੇ ਗੰਦ ਹੀ ਪਾਉਣਾ ਹੈ ਤਾਂ ਸਿਰ 'ਤੇ ਪੱਗ ਨਾ ਰੱਖੀ ਜਾਵੇ। ਜਿਹੜੇ ਲੋਕ ਵੀ ਸਿੱਖੀ ਦਾ ਤਮਾਸ਼ਾ ਬਣਾ ਰਹੇ ਹਨ, ਉਨ੍ਹਾਂ ਨੂੰ ਸਮਾਂ ਆਉਣ 'ਤੇ ਇਕੱਲੇ-ਇਕੱਲੇ ਨੂੰ ਮਿਲਾਂਗੇ। ਸਮਾਂ ਜਰੂਰ ਲੱਗੇਗਾ। ਇਸ ਦੇ ਨਾਲ ਹੀ ਉਨ੍ਹਾਂ ਇਸਾਈ ਧਰਮ ਵੱਲ ਜਾ ਰਹੇ ਸਿੱਖਾਂ ਬਾਰੇ ਕਿਹਾ ਕਿ ਜਿਹੜੇ ਇਸਾਈ ਧਰਮ ਵਿਚ ਜਾ ਰਹੇ ਹਨ, ਉਨ੍ਹਾਂ ਨੂੰ ਪਿਆਰ ਸਹਿਤ ਬੇਨਤੀ ਹੈ ਕਿ ਸਟੇਜਾਂ 'ਤੇ ਚੜ੍ਹ ਕੇ ਇਹ ਬੋਲਣਾ ਕਿ ਇਹ ਬਾਬੇ ਨੇ ਮੈਨੂੰ ਗੱਡੀ, ਸਾਈਕਲ, ਸਕੂਟਰ ਦੇ ਦਿੱਤਾ ਤਾਂ ਅਜਿਹੇ ਬੋਲ ਬੋਲ ਕੇ ਸਿੱਖਾਂ ਦਾ ਅਕਸ ਖਰਾਬ ਨਾ ਕਰਨ ਅਤੇ ਸਿੱਖੀ 'ਤੇ ਕੋਈ ਕਲੰਕ ਨਾ ਲਗਾ ਕੇ ਜਾਓ। ਦੱਸ ਦੇਈਏ ਕਿ ਬੀਤੇ ਦਿਨੀਂ ਬਾਬਾ ਬੁੱਢਾ ਗਰੁੱਪ ਦੇ ਨਿਹੰਗਾਂ ਨੇ ਕੁਲੱੜ੍ਹ ਪਿੱਜਾ ਦੀ ਦੁਕਾਨ 'ਤੇ ਹੰਗਾਮਾ ਕਰ ਦਿੱਤਾ ਸੀ। ਇਸ ਤੋਂ ਬਾਅਦ ਕੁੱਲੜ੍ਹ ਪਿੱਜਾ ਜੋੜਾ ਸਹਿਜ ਅਰੋੜਾ ਅਤੇ ਗੁਰਪ੍ਰੀਤ ਕੌਰ ਨੇ ਜਾਨ-ਮਾਲ ਦੀ ਸੁਰੱਖਿਆ ਲਈ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਪਟੀਸਨ ਦਾਇਰ ਕੀਤੀ ਹੈ। ਦੱਸ ਦੇਈਏ ਕਿ ਹਾਲ ਹੀ 'ਚ ਜਲੰਧਰ 'ਚ ਕੁੱਲੜ੍ਹ ਪਿੱਜਾ ਕੱਪਲ ਦੇ ਰੈਸਟੋਰੈਂਟ ਦੇ ਬਾਹਰ ਨਿਹੰਗਾਂ ਨੇ ਜਬਰਦਸਤ ਪ੍ਰਦਰਸਨ ਕੀਤਾ ਸੀ। ਨਿਹੰਗਾਂ ਨੇ ਮੰਗ ਕੀਤੀ ਸੀ ਕਿ ਕੁੱਲੜ੍ਹ ਪਿੱਜਾ ਜੋੜੇ ਵੱਲੋਂ ਵਾਇਰਲ ਕੀਤੀ ਗਈ ਅਸਲੀਲ ਵੀਡੀਓ ਦਾ ਬੱਚਿਆਂ 'ਤੇ ਮਾੜਾ ਅਸਰ ਪੈ ਰਿਹਾ ਹੈ। ਜੇਕਰ ਕੁੱਲੜ੍ਹ ਪੀਜਾ ਜੋੜਾ ਸਾਰੇ ਸੋਸਲ ਮੀਡੀਆ ਪਲੇਟਫਾਰਮਾਂ ਤੋਂ ਸਾਰੀਆਂ ਵੀਡੀਓਜ ਡਿਲੀਟ ਕਰ ਦਿੰਦਾ ਹੈ ਤਾਂ ਠੀਕ ਹੈ ਨਹੀਂ ਤਾਂ ਉਹ ਪੁਲਸ ਨੂੰ ਬੁਲਾ ਕੇ ਉਨ੍ਹਾਂ ਦੇ ਸਾਹਮਣੇ ਆਪਣੀਆਂ ਪੱਗਾਂ ਵਾਪਸ ਕਰ ਸਕਦੇ ਹਨ। ਇਸ ਤੋਂ ਬਾਅਦ ਉਨ੍ਹਾਂ ਨੂੰ ਜੋੜੇ ਵੱਲੋ ਬਣਾਈ ਗਈ ਵੀਡੀਓ 'ਤੇ ਕੋਈ ਇਤਰਾਜ ਨਹੀਂ ਹੋਵੇਗਾ। ਨਿਹੰਗਾਂ ਨੇ ਕਿਹਾ ਸੀ ਕਿ ਜੇਕਰ ਉਨ੍ਹਾਂ ਨੇ ਵੀਡੀਓ ਡਿਲੀਟ ਨਾ ਕੀਤੀ, ਤਾਂ ਉਹ ਉਨ੍ਹਾਂ ਖਿ਼ਲਾਫ ਸਖਤ ਕਾਰਵਾਈ ਕਰਨਗੇ। ਨਿਹੰਗਾਂ ਨੇ ਕਿਹਾ ਕਿ ਉਹ ਜੇਲ੍ਹ ਜਾਣ ਤੋਂ ਡਰਨ ਵਾਲੇ ਨਹੀਂ ਹਨ। ਉਹ ਇਸ ਮਾਮਲੇ ਨੂੰ ਲੈ ਕੇ ਆਪਣਾ ਗੁੱਸਾ ਜਾਹਰ ਕਰਨਗੇ। ਉਨ੍ਹਾਂ ਨੇ ਦੱਸਿਆ ਕਿ ਥਾਣਾ ਡਿਵੀਜਨ ਨੰਬਰ 4 ਦੇ ਇੰਚਾਰਜ ਨੇ ਮੌਕੇ 'ਤੇ ਪਹੁੰਚ ਕੇ ਕਿਸੇ ਤਰ੍ਹਾਂ ਮਾਮਲਾ ਸਾਂਤ ਕਰਵਾਇਆ। ਇਸ ਦੇ ਨਾਲ ਹੀ ਜਾਂਦੇ ਹੋਏ ਨਿਹੰਗਾਂ ਨੇ ਧਮਕੀ ਦਿੱਤੀ ਸੀ ਕਿ ਜੇਕਰ ਅਜਿਹਾ ਨਾ ਹੋਇਆ ਤਾਂ ਉਹ ਖੁਦ ਕਾਰਵਾਈ ਕਰਨਗੇ। ਨਿਹੰਗ ਸਿੰਘਾਂ ਵੱਲੋਂ ਕੀਤੇ ਗਏ ਵਿਰੋਧ ਅਤੇ ਮਿਲੀ ਧਮਕੀ ਤੋਂ ਬਾਅਦ ਹੁਣ ਕੁੱਲ੍ਹੜ ਪਿੱਜਾ ਕੱਪਲ ਨੇ ਇਕ ਬਿਆਨ ਜਾਰੀ ਕੀਤਾਸੀ। ਕੱਪਲ ਨੇ ਕਿਹਾ ਕਿ ਉਹ ਆਪਣੇ ਪਰਿਵਾਰ ਨਾਲ ਸ੍ਰੀ ਦਰਬਾਰ ਸਾਹਿਬ ਜਾਣਗੇ ਅਤੇ ਆਪਣੀ ਅਰਜੀ ਲਾਉਣਗੇ। ਸਹਿਜ ਅਰੋੜਾ ਨੇ ਲਾਈਵ ਹੋ ਕੇ ਕਿਹਾ ਕਿ ਮੈਂ ਸ੍ਰੀ ਦਰਬਾਰ ਸਾਹਿਬ ਪਹੁੰਚਣ ਤੋਂ ਬਾਅਦ ਮੈਂ ਪੁੱਛਾਂਗਾ ਕਿ ਕੀ ਮੈਂ ਦਸਤਾਰ (ਦਸਤਾਰ) ਸਜਾ ਸਕਦਾ ਹਾਂ ਜਾਂ ਨਹੀਂ ਪਰ ਜੇਕਰ ਮੈਂ ਗਲਤ ਹਾਂ ਤਾਂ ਮੈਨੂੰ ਸਜਾ ਮਿਲਣੀ ਚਾਹੀਦੀ ਹੈ। ਵੀਡੀਓ 'ਚ ਸਹਿਜ ਅਤੇ ਉਨ੍ਹਾਂ ਦੀ ਪਤਨੀ ਗੁਰਪ੍ਰੀਤ ਕੌਰ ਵੀ ਮੌਜੂਦ ਹਨ। ਵੀਡੀਓ ਸੋਸਲ ਮੀਡੀਆ 'ਤੇ ਕਾਫੀ ਵਾਇਰਲ ਹੋ ਰਿਹਾ ਹੈ। ਸਹਿਜ ਨੇ ਅੱਗੇ ਕਿਹਾ ਸੀ ਕਿ ਮੈਨੂੰ ਭਰੋਸਾ ਹੈ ਕਿ ਸਾਨੂੰ ਇਨਸਾਫ ਮਿਲੇਗਾ, ਕਿਉਂਕਿ ਸਾਡੀ ਸੰਸਥਾ ਸਹੀ ਨੂੰ ਸਹੀ ਅਤੇ ਗਲਤ ਨੂੰ ਗਲਤ ਕਰਾਰ ਦਿੰਦੀ ਹੈ। ਇਸਾਈ ਧਰਮ ਵੱਲ ਜਾ ਰਹੇ ਸਿੱਖਾਂ ਬਾਰੇ ਕਿਹਾ ਕਿ ਜਿਹੜੇ ਇਸਾਈ ਧਰਮ ਵਿਚ ਜਾ ਰਹੇ ਹਨ, ਉਨ੍ਹਾਂ ਨੂੰ ਪਿਆਰ ਸਹਿਤ ਬੇਨਤੀ ਹੈ ਕਿ ਸਟੇਜਾਂ 'ਤੇ ਚੜ੍ਹ ਕੇ ਇਹ ਬੋਲਣਾ ਕਿ ਇਹ ਬਾਬੇ ਨੇ ਮੈਨੂੰ ਗੱਡੀ, ਸਾਈਕਲ, ਸਕੂਟਰ ਦੇ ਦਿੱਤਾ ਤਾਂ ਅਜਿਹੇ ਬੋਲ ਬੋਲ ਕੇ ਸਿੱਖਾਂ ਦਾ ਅਕਸ ਖਰਾਬ ਨਾ ਕਰਨ ਅਤੇ ਸਿੱਖੀ 'ਤੇ ਕੋਈ ਕਲੰਕ ਨਾ ਲਗਾ ਕੇ ਜਾਓ। ਦੱਸ ਦੇਈਏ ਕਿ ਬੀਤੇ ਦਿਨੀਂ ਬਾਬਾ ਬੁੱਢਾ ਗਰੁੱਪ ਦੇ ਨਿਹੰਗਾਂ ਨੇ ਕੁਲੱੜ੍ਹ ਪਿੱਜਾ ਦੀ ਦੁਕਾਨ 'ਤੇ ਹੰਗਾਮਾ ਕਰ ਦਿੱਤਾ ਸੀ। ਇਸ ਤੋਂ ਬਾਅਦ ਕੁੱਲੜ੍ਹ ਪਿੱਜਾ ਮੈਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਹ ਮੇਰੀ ਅਤੇ ਮੇਰੇ ਪਰਿਵਾਰ ਦੀ ਸੁਰੱਖਿਆ ਦਾ ਧਿਆਨ ਰੱਖਣ ਅਤੇ ਮੇਰੇ ਰੈਸਟੋਰੈਂਟ ਦੀ ਸੁਰੱਖਿਆ ਦਾ ਵੀ ਧਿਆਨ ਰੱਖਣ।

## ਘਰ 'ਚ ਬਜੁਰਗ ਜੋੜੇ ਨੂੰ ਬੰਧਕ ਬਣਾ ਕੇ ਨਕਾਬਪੋਸ਼ਾਂ ਨੇ ਉਡਾਏ ਲੱਖਾਂ ਦੇ ਗਹਿਣੇ

ਅਲਵਰ 27 ਨਵੰਬਰ। ਰਾਜਸਥਾਨ ਦੇ ਅਲਵਰ ਸ਼ਹਿਰ ਦੇ ਕੋਤਵਾਲੀ ਥਾਣੇ ਅਧੀਨ ਚਿਨਾਰ ਪਬਲਿਕ ਸਕੂਲ ਦੇ ਮਾਲਕ ਅਤੇ ਚਾਰਟਰਡ ਅਕਾਊਂਟੇਂਟ ਨੀਰਜ ਗਰਗ ਦੇ ਘਰ 'ਚ ਨਕਾਬਪੋਸ਼ ਬਦਮਾਸ਼ਾਂ ਨੇ ਬਜੁਰਗ ਜੋੜੇ ਨੂੰ ਬੰਧਕ ਬਣਾ ਕੇ ਕਰੀਬ 15 ਲੱਖ ਰੁਪਏ ਦੀ ਨਕਦੀ, ਸੋਨੇ ਦੇ ਗਹਿਣੇ ਅਤੇ ਹੋਰ ਸਾਮਾਨ ਲੈ ਕੇ ਫਰਾਰ ਹੋ ਗਏ। ਪੁਲਸ ਸੁਪਰਡੈਂਟ ਆਨੰਦ ਸ਼ਰਮਾ ਨੇ ਦੱਸਿਆ ਕਿ ਸਵੇਰੇ 5 ਵਜੇ ਸੂਚਨਾ ਮਿਲੀ ਕਿ ਨੀਰਜ ਗਰਗ ਦੇ ਘਰ 'ਚ ਵਾਰਦਾਤ ਹੋਈ ਹੈ। ਸੂਚਨਾ ਮੁਤਾਬਕ 5 ਨਕਾਬਪੋਸ਼ ਘਰ ਅੰਦਰ ਦਾਖਲ ਹੋਏ ਅਤੇ ਕਰੀਬ 15 ਲੱਖ ਰੁਪਏ ਨਕਦੀ ਅਤੇ ਹੋਰ ਸਾਮਾਨ ਲੈ ਕੇ ਜਾਣ ਦੀ ਗੱਲ ਸਾਹਮਣੇ ਆਈ ਹੈ। ਘਰ ਵਿਚ ਲੱਗੇ ਸੀ. ਸੀ. ਟੀ. ਵੀ. ਫੁਟੇਜ ਅਤੇ ਆਲੇ ਦੁਆਲੇ ਦੀ ਸੀ. ਸੀ. ਟੀ. ਵੀ. ਫੁਟੇਜ ਖੰਗਾਲੇ ਜਾ ਰਹੇ



ਹਨ। ਇਹ ਸਾਰੇ ਨਕਾਬਪੋਸ਼ ਰਾਤ ਕਰੀਬ 2 ਵਜੇ ਅੰਡਰਗਰਾਊਂਡ ਤੋਂ ਦਾਖਲ ਹੋਏ ਸਨ ਅਤੇ ਦਾਖਲ ਹੋਣ ਮਗਰੋਂ ਇਨ੍ਹਾਂ ਨੇ ਘਰ ਵਿਚ ਸੁੱਤੇ ਪਏ ਚਾਰਟਰਡ ਅਕਾਊਂਟੇਂਟ ਨੀਰਜ ਗਰਗ ਦੇ ਪਿਤਾ ਹਰੀਸ਼ ਗਰਗ ਅਤੇ ਮਾਤਾ ਤਾਰਾ ਨੂੰ ਜਗਾਇਆ ਅਤੇ ਉਨ੍ਹਾਂ ਤੋਂ ਚਾਬੀ ਮੰਗੀ। ਚਾਬੀ ਲੈਣ ਮਗਰੋਂ ਉਨ੍ਹਾਂ ਨੇ ਕਰੀਬ ਇਕ ਘੰਟੇ ਤੱਕ ਬਜੁਰਗ ਜੋੜੇ ਨੂੰ ਬੰਧਕ ਬਣਾ ਕੇ ਸਾਮਾਨ ਲੁੱਟ ਕੇ ਫਰਾਰ ਹੋ ਗਏ। ਮੌਕੇ 'ਤੇ ਪਹੁੰਚੀ ਸਪੈਸ਼ਲ ਪੁਲਸ ਟੀਮ ਨੇ ਡੌਗ ਸਕਵਾਇਡ ਬੁਲਾ ਕੇ ਅਤੇ ਸੀ. ਸੀ. ਟੀ. ਵੀ. ਕੈਮਰੇ ਤੋਂ ਦੋਸ਼ੀਆਂ ਦੀ ਪਛਾਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਹਿਲੀ ਨਜਰੇ ਇਹ ਗੱਲ ਸਾਹਮਣੇ ਆ ਰਹੀ ਹੈ ਕਿ ਇਸ ਘਟਨਾ ਵਿਚ ਇਸ ਪਰਿਵਾਰ ਨਾਲ ਜੁੜਿਆ ਹੋਇਆ ਕੋਈ ਨੇੜਲਾ ਵਿਅਕਤੀ ਜਾਪਦਾ ਹੈ।

## ਮੋਬਾਈਲ ਐਪ ਜਰੀਏ ਸ਼ੇਅਰ ਮਾਰਕੀਟ 'ਚ ਇਨਵੈਸਟ ਕੀਤੀ ਰਕਮ ਕਢਵਾਉਣ ਲਈ 3 ਲੱਖ ਮੰਗੇ

ਜਲੰਧਰ 27 ਨਵੰਬਰ। ਮੋਬਾਈਲ ਐਪ ਕੈਪੀਟਲ ਇਨਕਮ ਬਿਲਡਰ (ਸੀ. ਆਈ. ਐੱਨ. ਯੂ.) ਜਰੀਏ ਸ਼ੇਅਰ ਮਾਰਕੀਟ ਵਿਚ ਲੱਖਾਂ ਰੁਪਏ ਇਨਵੈਸਟ ਕਰਨ ਤੋਂ ਬਅਦ ਬੈਲੇਂਸ ਨੂੰ ਬਲਾਕ ਕਰਨ ਅਤੇ ਪੈਸੇ ਕਢਵਾਉਣ ਲਈ ਲਗਭਗ 3 ਲੱਖ ਰੁਪਏ ਮੰਗਣ 'ਤੇ ਥਾਣਾ ਨੰਬਰ 5 ਦੀ ਪੁਲਸ ਨੇ ਕੰਪਨੀ ਅਤੇ ਸੰਚਾਲਕਾਂ ਨੂੰ ਨਾਮਜਦ ਕੀਤਾ ਹੈ। ਮੁਲਜਮ ਟੈਕਸ ਦੇ ਨਾਂ 'ਤੇ ਲਏ ਪੈਸੇ ਵੀ ਠੱਗਣਾ ਚਾਹੁੰਦਾ ਸੀ, ਜਿਸ ਨੂੰ ਲੈ ਕੇ ਪੀੜਤ ਨੇ




ਪੁਲਸ ਨੂੰ ਸ਼ਿਕਾਇਤ ਕਰ ਦਿੱਤੀ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਸੁਰਿੰਦਰ ਵਰਮਾ ਪੁੱਤਰ ਖਾਨ ਚੰਦ ਨਿਵਾਸੀ ਨਿਊ ਸੰਤ ਨਗਰ ਬਸਤੀ ਸ਼ੇਖ ਨੇ ਦੱਸਿਆ ਕਿ ਉਸ ਨੇ ਮੋਬਾਈਲ ਐਪ ਕੈਪੀਟਲ ਇਨਕਮ ਬਿਲਡਰ (ਸੀ. ਆਈ. ਐੱਨ. ਯੂ.) ਜਰੀਏ 20 ਮਈ 2024 ਨੂੰ 7.15 ਲੱਖ ਰੁਪਏ ਸ਼ੇਅਰ ਮਾਰਕੀਟ ਵਿਚ ਇਨਵੈਸਟ ਕੀਤੇ ਸਨ। ਉਸ ਨੇ ਆਰ. ਟੀ. ਜੀ. ਐੱਸ. ਜਰੀਏ ਕੰਪਨੀ ਨੂੰ ਪੈਸੇ ਦਿੱਤੇ ਸਨ। ਐਪ ਵਿਚ ਉਸ ਦਾ ਬੈਲੇਂਸ 23 ਲੱਖ 91 ਹਜਾਰ 423 ਸ਼ੋਅ ਹੋ ਰਿਹਾ ਹੈ ਪਰ ਜਦੋਂ ਉਹ ਪੈਸੇ ਕਢਵਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਪੈਸੇ ਨਹੀਂ ਨਿਕਲਦੇ। ਅਜਿਹੀ ਕੋਸ਼ਿਸ਼ ਕਰਨ 'ਤੇ ਕੰਪਨੀ ਤੋਂ ਉਸ ਨੂੰ ਇਕ ਔਰਤ ਦਾ ਫੋਨ ਆਇਆ, ਜਿਸ ਨੇ ਸਾਰੀ ਰਕਮ ਕਢਵਾਉਣ ਲਈ 2 ਲੱਖ 99 ਹਜਾਰ 520 ਰੁਪਏ ਟੈਕਸ ਜਮ੍ਹਾ ਕਰਵਾਉਣ ਨੂੰ ਕਿਹਾ।

## ਪਿਆਰ 'ਚ ਅੰਨ੍ਹੀ ਹੋਈ ਮਾਂ ਨੇ ਕਰ'ਤਾ ਵੱਡਾ ਕਾਂਡ, ਆਪਣੇ ਹੀ ਬੇਟੇ ਦੀ ਚਾੜ੍ਹ 'ਤੀ ਬਲੀ

ਨੈਸ਼ਨਲ ਡੈਸਕ 27 ਨਵੰਬਰ। ਮੇਰਠ ਦੇ ਸਰਧਾਨਾ ਥਾਣਾ ਖੇਤਰ 'ਚ ਸੋਮਵਾਰ ਨੂੰ 11 ਸਾਲ ਦੇ ਬੱਚੇ ਦੀ ਸੱਕੀ ਹਾਲਾਤਾਂ 'ਚ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਸਾਹਿਲ ਨਾਂ ਦਾ ਇਹ ਬੱਚਾ ਦੌਰਾਲਾ ਰੋਡ 'ਤੇ ਸਥਿਤ ਮੁਹੱਲਾ ਗੜ੍ਹੀ ਖਟੀਕਾਂ 'ਚ ਆਪਣੇ ਘਰ ਦੇ ਸਟੋਰ ਰੂਮ 'ਚ ਫਾਹੇ ਨਾਲ ਲਟਕਦਾ ਮਿਲਿਆ। ਘਟਨਾ ਤੋਂ ਬਾਅਦ ਇਲਾਕੇ 'ਚ ਸਨਸਨੀ ਫੈਲ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਮੌਕੇ 'ਤੇ ਪਹੁੰਚੀ ਪੁਲਸ ਨੇ ਲਾਸ ਨੂੰ ਕਬਜੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਕੇ ਮਾਮਲੇ ਦੀ ਜਾਂਚ ਸੁਰੂ ਕਰ ਦਿੱਤੀ ਹੈ। ਸਾਹਿਲ ਦੇ ਦਾਦਾ ਹਨੀਫ ਨੇ ਪੁਲਸ ਸਟੇਸਨ 'ਚ ਸਿ਼ਕਾਇਤ ਦਰਜ ਕਰਵਾਈ ਤੇ ਸਾਹਿਲ ਦੀ ਮਾਂ ਨਸਰੀਨ ਅਤੇ ਉਸ ਦੇ ਪ੍ਰੇਮੀ ਸਮੀਰ



ਉਰਫ ਸੱਬੂ 'ਤੇ ਹੱਤਿਆ ਦਾ ਦੋਸ ਲਗਾਇਆ ਹੈ। ਹਨੀਫ ਦਾ ਕਹਿਣਾ ਹੈ ਕਿ ਸਾਹਿਲ ਦੇ ਪਿਤਾ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਸੀ ਅਤੇ ਨਸਰੀਨ ਹੁਣ ਸਮੀਰ ਨਾਲ ਪਤੀ-ਪਤਨੀ ਵਾਂਗ ਰਹਿ ਰਹੀ ਸੀ। ਹਨੀਫ ਨੇ ਦੋਸ ਲਾਇਆ ਕਿ ਸਮੀਰ ਦੀ ਸਾਹਿਲ ਨਾਲ ਰੰਜਿਸ ਸੀ ਅਤੇ ਉਸ ਨੇ ਨਸਰੀਨ ਨਾਲ ਮਿਲ ਕੇ ਸਾਹਿਲ ਦਾ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ ਅਤੇ ਫਿਰ ਖੁਦਕੁਸੀ ਦਾ ਬਹਾਨਾ ਬਣਾ ਕੇ ਲਾਸ ਨੂੰ ਲਟਕਾ ਦਿੱਤਾ। ਪੁੱਛਗਿੱਛ ਤੋਂ ਬਾਅਦ ਦੋਵਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ। ਇਸ ਘਟਨਾ 'ਤੇ ਮੇਰਠ ਦੇ ਐੱਸਪੀ ਦੇਹਤ ਰਾਕੇਸ ਕੁਮਾਰ ਨੇ ਦੱਸਿਆ ਕਿ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ। ਸੁਰੂਆਤੀ ਜਾਂਚ ਵਿੱਚ ਕਤਲ ਦੇ ਦੋਸਾਂ ਦੀ ਪੁਸਟੀ ਹੋਈ ਹੈ। ਬੱਚੇ ਦੀ ਮਾਂ ਅਤੇ ਉਸ ਦੇ ਪ੍ਰੇਮੀ ਖਿਲਾਫ ਢੁੱਕਵੇਂ ਸਬੂਤ ਮਿਲਣ ਤੋਂ ਬਾਅਦ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਕਤਲ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।

# ਚੀਨ ਦੇ ਹੱਥਾਂ ਲੱਗਾ ਕੁਬੇਰ ਦਾ ਖਜਾਨਾ, ਭੂ-ਵਿਗਿਆਨੀਆਂ ਨੇ ਲੱਭੇ ਸੋਨੇ ਦੇ ਵੱਡੇ ਭੰਡਾਰ

ਬੀਜਿੰਗ 27 ਨਵੰਬਰ। ਚੀਨ ਦੇ ਹੁਨਾਨ ਸੂਬੇ 'ਚ ਸੋਨੇ ਦੇ ਵੱਡੇ ਭੰਡਾਰ ਦਾ ਪਤਾ ਲੱਗਾ ਹੈ। ਇਸ ਖੋਜ ਦਾ ਗਲੋਬਲ ਸੋਨੇ ਦੇ ਉਤਪਾਦਨ ਅਤੇ ਬਾਜਾਰਾਂ 'ਤੇ ਵੱਡਾ ਪ੍ਰਭਾਵ ਪੈਣ ਦੀ ਉਮੀਦ ਹੈ। ਦੱਸਿਆ ਜਾ ਰਿਹਾ ਹੈ ਕਿ ਭੂ-ਵਿਗਿਆਨੀਆਂ ਨੇ ਚੀਨ ਦੇ ਹੁਨਾਨ ਸੂਬੇ ਦੀ ਪਿੰਗਜਿਆਂਗ ਕਾਉਂਟੀ ਦੇ ਵਾਂਗੂ ਇਲਾਕੇ 'ਚ ਸੋਨੇ ਦੇ ਵੱਡੇ ਭੰਡਾਰ ਦੀ ਖੋਜ ਕੀਤੀ ਹੈ। ਇਹ ਖੋਜ ਜਮੀਨ ਤੋਂ 2,000 ਮੀਟਰ ਤੋਂ ਵੱਧ ਦੀ ਡੂੰਘਾਈ 'ਤੇ ਕੀਤੀ ਗਈ ਸੀ। ਖੋਜ ਦੌਰਾਨ 40 ਤੋਂ ਵੱਧ ਸੋਨੇ ਦੀਆਂ ਸੁਰੰਗਾਂ ਦੇ ਹੋਣ ਦੀ ਪੁਸ਼ਟੀ ਹੋਈ ਹੈ। ਸੁਰੂਆਤੀ ਖੋਜ ਵਿੱਚ ਮਿਲਿਆ ਸੋਨਾ ਲਗਭਗ 300.2 ਟਨ ਹੋਣ ਦਾ ਅਨੁਮਾਨ ਹੈ। ਇਸ ਖੇਤਰ ਵਿੱਚ ਸੋਨੇ ਦੀ ਸਭ ਤੋਂ ਵੱਧ ਸਮੱਗਰੀ 138 ਗ੍ਰਾਮ ਪ੍ਰਤੀ ਟਨ ਤੱਕ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਸੋਨੇ ਦਾ ਭੰਡਾਰ 3,000 ਮੀਟਰ ਤੱਕ ਡੂੰਘਾ ਹੋ ਸਕਦਾ ਹੈ। ਜਾਣੋ ਇਸ ਖੋਜ ਦਾ ਵਿਸਵ ਪੱਧਰ 'ਤੇ ਸੋਨੇ ਦੇ ਉਤਪਾਦਨ 'ਤੇ ਕੀ ਅਸਰ ਪਵੇਗਾ। ਮਾਹਿਰਾਂ ਅਨੁਸਾਰ 3,000 ਮੀਟਰ ਤੋਂ ਵੱਧ ਦੀ ਡੂੰਘਾਈ 'ਤੇ ਸੋਨੇ ਦਾ ਭੰਡਾਰ 1,000 ਟਨ ਤੱਕ ਹੋ ਸਕਦਾ ਹੈ। ਇਸ ਖਜਾਨੇ ਦੀ ਕੁੱਲ ਕੀਮਤ 82.8 ਬਿਲੀਅਨ ਡਾਲਰ ਭਾਵ ਲਗਭਗ 69,306 ਕਰੋੜ ਰੁਪਏ ਹੈ। ਹੁਣ 2024 ਦੀ ਦੂਜੀ ਤਿਮਾਹੀ 'ਚ ਚੀਨ ਦਾ ਸੋਨਾ ਭੰਡਾਰ 2,264.32 ਟਨ 'ਤੇ ਪਹੁੰਚ ਗਿਆ ਹੈ। ਇਹ



ਅੰਕੜਾ ਨਵੰਬਰ 2022 ਦੇ ਮੁਕਾਬਲੇ 314 ਟਨ ਜਿ਼ਆਦਾ ਹੈ। ਚੀਨ ਦੁਨੀਆ ਦਾ ਸਭ ਤੋਂ ਵੱਡਾ ਸੋਨਾ ਉਤਪਾਦਕ ਹੈ। ਵਿਸਵ ਗੋਲਡ ਕੌਂਸਲ ਅਨੁਸਾਰ, 2023 ਵਿੱਚ ਵਿਸਵ ਸੋਨੇ ਦੇ ਉਤਪਾਦਨ ਵਿੱਚ ਚੀਨ ਦੀ ਹਿੱਸੇਦਾਰੀ ਲਗਭਗ 10% ਸੀ। ਹੁਣ ਇਸ ਨਵੀਂ ਖੋਜ ਨਾਲ ਇਹ ਗਿਣਤੀ ਹੋਰ ਵਧ ਸਕਦੀ ਹੈ, ਜਿਸ ਨਾਲ ਸੋਨੇ ਦੇ ਉਤਪਾਦਨ 'ਚ ਚੀਨ ਦਾ ਦਬਦਬਾ ਹੋਰ ਮਜਬੂਤ ਹੋਵੇਗਾ। ਵਾਂਗੂ ਸਾਈਟ ਦੀ ਖੋਜ ਚੀਨ ਦੇ ਉੱਨਤ ਭੂ-ਵਿਗਿਆਨ ਅਤੇ ਮਾਈਨਿੰਗ ਤਕਨੀਕਾਂ ਨੂੰ ਦਰਸਾਉਂਦੀ ਹੈ। ਇੰਨੀ ਡੂੰਘਾਈ 'ਤੇ ਸੋਨਾ ਲੱਭਣਾ ਨਾ ਸਿਰਫ ਤਕਨੀਕੀ ਤਰੱਕੀ ਨੂੰ ਦਰਸਾਉਂਦਾ ਹੈ ਸਗੋਂ ਭੂ-ਵਿਗਿਆਨੀਆਂ ਲਈ ਇੱਕ ਨਵੀਂ ਚੁਣੌਤੀ ਵੀ ਹੈ। ਇਸ ਖੋਜ ਤੋਂ ਬਾਅਦ ਅਮਰੀਕਾ, ਰੂਸ ਅਤੇ ਆਸਟ੍ਰੇਲੀਆ ਵਰਗੇ ਦੁਨੀਆ ਦੇ ਵੱਡੇ ਸੋਨਾ ਉਤਪਾਦਕ ਦੇਸਾਂ ਲਈ ਮੁਕਾਬਲੇ ਦਾ ਮਾਹੌਲ ਬਣ ਸਕਦਾ ਹੈ। ਚੀਨ ਦਾ ਇਹ ਕਦਮ ਉਸ ਨੂੰ ਭੂ-ਆਰਥਿਕ ਸਕਤੀ ਵਜੋਂ ਹੋਰ ਮਜਬੂਤ ਕਰ ਸਕਦਾ ਹੈ। ਵਾਂਗਹੂ ਸਾਈਟ ਦੀ ਖੋਜ ਨਾਲ ਨਾ ਸਿਰਫ ਚੀਨ ਦੇ ਸੋਨੇ ਦੇ ਭੰਡਾਰ ਵਿੱਚ ਵਾਧਾ ਹੋਵੇਗਾ ਸਗੋਂ ਸਥਾਨਕ ਆਰਥਿਕ ਗਤੀਵਿਧੀਆਂ ਨੂੰ ਵੀ ਹੁਲਾਰਾ ਮਿਲੇਗਾ। ਇਸ ਕਾਰਨ ਮਾਈਨਿੰਗ, ਰੁਜਗਾਰ ਅਤੇ ਨਿਵੇਸ ਦੇ ਖੇਤਰਾਂ ਵਿੱਚ ਵਾਧਾ ਹੋਣ ਦੀ ਸੰਭਾਵਨਾ ਹੈ। ਸੋਨੇ ਦੀ ਖੁਦਾਈ ਦਾ ਵਾਤਾਵਰਨ 'ਤੇ ਅਸਰ ਪੈ ਸਕਦਾ ਹੈ। ਚੀਨ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਮਾਈਨਿੰਗ ਪ੍ਰਕਿਰਿਆ ਵਾਤਾਵਰਣ ਸੰਤੁਲਨ ਨੂੰ ਭੰਗ ਨਾ ਕਰੇ।

## ਸੜਕ ਹਾਦਸੇ 'ਚ ਮੌਤ ਦੇ ਮਾਮਲੇ 'ਚ ਡਰਾਈਵਰ ਨਾਮਜਦ

ਬਠਿੰਡਾ 27 ਨਵੰਬਰ। ਥਾਣਾ ਸਦਰ ਪੁਲਸ ਨੇ ਹਾਦਸੇ 'ਚ ਇਕ ਵਿਅਕਤੀ ਦੀ ਮੌਤ ਹੋ ਜਾਣ ਦੇ ਮਾਮਲੇ 'ਚ ਟਰਾਲਾ ਚਾਲਕ ਖਿ਼ਲਾਫ ਮਾਮਲਾ ਦਰਜ ਕੀਤਾ ਹੈ, ਜਦਕਿ ਪੁਲਸ ਨੇ ਹਾਦਸੇ 'ਚ ਇਕ ਪਿਕਅਪ ਚਾਲਕ ਨੂੰ ਵੀ ਜਿ਼ੰਮੇਵਾਰ ਠਹਿਰਾਇਆ ਹੈ। ਜਾਣਕਾਰੀ ਅਨੁਸਾਰ ਬਰਖਾ ਵਾਸੀ ਬਠਿੰਡਾ ਨੇ ਪੁਲਸ ਨੂੰ ਦਿੱਤੇ ਬਿਆਨਾਂ 'ਚ ਦੱਸਿਆ ਕਿ ਉਸ ਦਾ ਪਤੀ ਲਵਲੀ ਕੁਮਾਰ ਬੀਤੇ ਦਿਨੀਂ ਗਰੋਥ ਸੈਂਟਰ ਨੇੜੇ ਸਕੂਟਰੀ 'ਤੇ ਜਾ ਰਿਹਾ ਸੀ। ਇਸ ਦੌਰਾਨ ਇਕ ਟਰਾਲਾ ਚਾਲਕ ਸਿ਼ਵਰਾਮ ਵਾਸੀ ਬੀਕਾਨੇਰ ਨੇ ਲਾਪਰਵਾਹੀ ਨਾਲ ਟਰਾਲਾ ਚਲਾਉਂਦੇ ਹੋਏ ਉਸ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਉਹ ਗੰਭੀਰ ਜਖਮੀ ਹੋ ਗਿਆ। ਉਸ ਦੀ ਇਲਾਜ ਦੌਰਾਨ ਮੌਤ ਹੋ ਗਈ। ਪੁਲਸ ਨੇ ਸਿ਼ਕਾਇਤ ਦੇ ਆਧਾਰ 'ਤੇ ਟਰਾਲਾ ਚਾਲਕ ਖਿ਼ਲਾਫ ਕੇਸ ਦਰਜ ਕਰ ਲਿਆ ਹੈ। ਇਸ ਤਰ੍ਹਾਂ ਹਰਵਿੰਦਰ ਕੌਰ ਵਾਸੀ ਬਠਿੰਡਾ ਨੇ ਪੁਲਸ ਨੂੰ ਦਿੱਤੇ ਬਿਆਨਾਂ 'ਚ ਦੱਸਿਆ ਕਿ ਉਸ ਦਾ ਪਤੀ ਸੁਖਵਿੰਦਰ ਸਿੰਘ ਫੌਜੀ ਚੌਂਕ ਨੇੜੇ ਪੈਦਲ ਜਾ ਰਿਹਾ ਸੀ ਤਾਂ ਕਿਸੇ ਅਣਪਛਾਤੇ ਪਿਕਅਪ ਚਾਲਕ ਨੇ ਉਸ ਨੂੰ ਟੱਕਰ ਮਾਰ ਦਿੱਤੀ

# ਭੰਡਾਰਿਆਂ ਦੇ ਚੱਲਦੇ ਡੇਰਾ ਬਿਆਸ ਜਾਣ ਵਾਲੀ ਸੰਗਤ ਲਈ ਵੱਡੀ ਖੁਸ਼ਖਬਰੀ

ਜਲੰਧਰ 27 ਨਵੰਬਰ। ਰਾਧਾ ਸੁਆਮੀ ਸਤਿਸੰਗ ਡੇਰਾ ਬਿਆਸ ਜਾਣ ਵਾਲੀ ਸੰਗਤ ਲਈ ਰਾਹਤ ਭਰੀ ਖਬਰ ਹੈ। ਦਰਅਸਲ, 5 ਦਿਨਾਂ ਲਈ ਰੱਦ ਕੀਤੀਆਂ ਟਰੇਨਾਂ ਦਾ ਸੰਚਾਲਨ ਚਾਰ ਦਿਨ ਬਾਅਦ 27 ਨਵੰਬਰ ਤੋਂ ਮੁੜ ਸੁਰੂ ਹੋਵੇਗਾ, ਇਸ ਨਾਲ ਡੇਰਾ ਬਿਆਸ ਜਾਣ ਵਾਲੀ ਸੰਗਤ ਨੂੰ ਵੱਡੀ ਰਾਹਤ ਮਿਲੇਗੀ। ਜਾਣਕਾਰੀ ਅਨੁਸਾਰ ਚਹੇੜੂ ਰੇਲਵੇ ਸਟੇਸਨ 'ਤੇ ਇੰਟਰਲਾਕਿੰਗ ਦੇ ਕੰਮ ਕਾਰਨ ਕਈ ਰੇਲ ਗੱਡੀਆਂ ਪ੍ਰਭਾਵਿਤ ਹੋ ਰਹੀਆਂ ਹਨ, ਜਿਸ ਕਾਰਨ ਰੇਲਵੇ ਨੇ ਬਿਆਸ ਭੰਡਾਰੇ ਲਈ 2 ਰੇਲ ਗੱਡੀਆਂ ਬਹਾਲ ਕਰ ਦਿੱਤੀਆਂ ਹਨ ਤਾਂ ਜੋ ਬਿਆਸ ਆਉਣ-ਜਾਣ ਵਾਲੀ ਸੰਗਤ ਨੂੰ ਕਿਸੇ ਤਰ੍ਹਾਂ ਦੀ ਪ੍ਰੇਸਾਨੀ ਦਾ ਸਾਹਮਣਾ ਨਾ ਕਰਨਾ ਪਵੇ। ਦੱਸਣਯੋਗ ਹੈ ਕਿ ਡੇਰਾ ਬਿਆਸ ਵਿਚ ਇਨ੍ਹੀਂ ਦਿਨੀਂ ਭੰਡਾਰਿਆਂ ਦਾ ਆਯੋਜਨ ਹੋ ਰਿਹਾ ਹੈ। ਸ਼ੁੱਕਰਵਾਰ ਤੋਂ ਲੈ ਕੇ ਐਤਵਾਰ ਤਕ ਵੱਡੀ ਗਿਣਤੀ ਵਿਚ ਸੰਗਤ ਡੇਰਾ ਬਿਆਸ ਬਾਬਾ ਗੁਰਿੰਦਰ ਸਿੰਘ ਢਿੱਲੋਂ ਦੇ ਦਰਸ਼ਨ ਕਰਨ ਅਤੇ ਉਨ੍ਹਾਂ ਦਾ ਸਤਿਸੰਗ ਸੁਣਨ ਲਈ ਬਿਆਸ ਆਉਂਦੀ ਹੈ। ਸੰਗਤ ਦੀ ਸਹੂਲਤ ਦੇ ਮੱਦੇਨਜਰ ਦੋ ਟ੍ਰੇਨਾਂ ਬਹਾਲ ਕੀਤੀਆਂ




ਗਈਆਂ ਹਨ ਤਾਂ ਜੋ ਆਉਣ ਜਾਣ ਵਾਲੀ ਸੰਗਤ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਨਾ ਹੋਵੇ। ਯਾਦ ਰਹੇ ਕਿ ਕੁਝ ਦਿਨਾਂ ਤੋਂ ਤਕਨੀਕੀ ਕਾਰਣਾਂ ਕਰਕੇ ਟ੍ਰੇਨਾਂ ਦੀ ਆਵਾਜਾਈ ਕਾਫੀ ਪ੍ਰਭਾਵਤ ਹੋ ਰਹੀ ਹੈ। ਜਲੰਧਰ ਕੈਂਟ ਸਟੇਸ਼ਨ 'ਤੇ ਨਿਰਮਾਣ ਕਾਰਜ ਚੱਲਣ ਕਰਕੇ ਕਈ ਟ੍ਰੇਨਾਂ ਨੂੰ ਫਗਵਾੜਾ ਸਟੇਸ਼ਨ 'ਤੇ ਹੀ ਟਰਮੀਨੇਟ ਕੀਤਾ ਜਾ ਰਿਹਾ ਹੈ। ਜਿਸ ਕਾਰਣ ਸੰਗਤ ਨੂੰ ਡੇਰਾ ਬਿਆਸ ਪਹੁੰਚਣ ਵਿਚ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਸੇ ਕਰਕੇ ਰਾਧਾ ਸੁਆਮੀ ਸਤਿਸੰਗ ਘਰ ਜਲੰਧਰ ਅਤੇ ਫਗਵਾੜਾ ਦੇ ਪ੍ਰਬੰਧਕਾਂ ਨੇ ਸੰਗਤ ਦੀ ਸਹੂਲਤ ਲਈ ਫਗਵਾੜਾ ਸਟੇਸ਼ਨ 'ਤੇ ਸੇਵਾਦਾਰਾਂ ਨੂੰ ਤਾਇਨਾਤ ਕੀਤਾ ਹੈ ਅਤੇ ਡੇਰਾ ਬਿਆਸ ਆਉਣ ਵਾਲੀ ਦੂਜੇ ਸੂਬਿਆਂ ਦੀ ਸੰਗਤ ਨੂੰ ਡੇਰਾ ਪਹੁੰਚਣ ਦਾ ਇੰਤਜਾਮ ਕੀਤਾ ਹੈ। ਸੰਗਤ ਲਈ ਸਪੈਸ਼ਲ ਬੱਸਾਂ ਲਗਾਈਆਂ ਗਈਆਂ ਹਨ। ਇੰਨਾ ਹੀ ਨਹੀਂ ਸੰਗਤ ਦੇ ਨਾਲ-ਨਾਲ ਹੋਰ ਰੇਲ ਯਾਤਰੀਆਂ ਲਈ ਚਾਹ ਪਾਣੀ ਦਾ ਲੰਗਰ ਦਾ ਵੀ ਪ੍ਰਬੰਧਕ ਕੀਤਾ ਗਿਆ ਹੈ। ਬਜੁਰਗਾਂ ਲਈ ਵ੍ਹੀਲਚੇਅਰ ਦਾ ਬੰਦੋਬਸਤ ਕੀਤਾ ਗਿਆ ਹੈ। ਸਮੇਂ ਸਿਰ ਡੇਰਾ ਬਿਆਸ ਪਹੁੰਚੀ ਸੰਗਤ ਨੇ ਇਸ ਸਹੂਲਤ ਲਈ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਹੈ।

## ਪਰਾਲੀ ਨੂੰ ਅੱਗ ਲਾਉਣ ਵਾਲੇ 23 ਕਿਸਾਨਾਂ ਖਿਲਾਫ ਮਾਮਲਾ ਦਰਜ

ਗੁਰੂਹਰਸਹਾਏ 27 ਨਵੰਬਰ। ਵੱਖ-ਵੱਖ ਖੇਤਰਾਂ ਵਿਚ ਪਰਾਲੀ ਸਾੜਨ ਦੇ ਮਾਮਲੇ 'ਚ ਥਾਣਾ ਲੱਖੋਕੇ ਬਹਿਰਾਮ ਅਤੇ ਥਾਣਾ ਗੁਰੂਹਰਸਹਾਏ ਨੇ 18 ਅਣਪਛਾਤੇ ਕਿਸਾਨਾਂ ਖਿ਼ਲਾਫ ਮਾਮਲਾ ਦਰਜ ਕੀਤਾ ਹੈ। ਇਹ ਕਾਰਵਾਈ 223 ਬੀ. ਐੱਨ. ਐੱਸ. ਤਹਿਤ ਕੀਤੀ ਗਈ ਹੈ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਗਸ਼ਤ ਦੌਰਾਨ ਮੁਖਬਰਾਂ ਤੋਂ ਮਿਲੀ ਜਾਣਕਾਰੀ ਦੇ ਅਧਾਰ 'ਤੇ ਇਹ ਸਪੱਸ਼ਟ ਹੋਇਆ ਕਿ ਪਿੰਡ ਅਲਫੂ ਕੇ, ਕੋਹਰ ਸਿੰਘ ਵਾਲਾ, ਆਤੂ ਵਾਲਾ, ਲੱਖੋਕੇ ਬਹਿਰਾਮ, ਚੱਕ ਮੇਘਾ ਵੀਰਾਨ, ਗੁਲਾਮ ਪੱਤਰਾ, ਕਿਲੀ, ਬਹਾਦਰ ਕੇ, ਛਾਂਗਾ ਮਹਾਤਮ, ਸ਼ਰੀਹ ਵਾਲਾ ਰੋਡ, ਕੁਟੀ, ਮੰਡੀਵਾਲ, ਬੂਲਾ ਮਹਾਤਮ ਅਤੇ ਮਹੰਤਾਂ ਵਾਲਾ 'ਚ ਪਰਾਲੀ ਨੂੰ ਅੱਗ ਲਾਈ ਗਈ। ਇਹ ਮਾਮਲਾ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਸਟੇਟ ਸਰਕਾਰ ਦੇ ਨਿਰਦੇਸ਼ਾਂ ਦੀ ਸਿੱਧੀ ਉਲੰਘਣਾ ਹੈ। ਅਣਪਛਾਤੇ ਕਿਸਾਨਾਂ ਵਿਰੁੱਧ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਪੁਲਸ ਨੇ ਦੱਸਿਆ ਕਿ ਪਰਾਲੀ ਸਾੜਨ ਕਾਰਨ ਹਵਾ ਪ੍ਰਦੂਸ਼ਣ ਦਾ ਮੱਦਾ ਗੰਭੀਰ ਰੂਪ ਧਾਰ ਲੈਂਦਾ ਹੈ, ਜਿਸ ਨਾਲ ਲੋਕਾਂ ਦੀ ਸਿਹਤ 'ਤੇ ਗੰਭੀਰ ਪ੍ਰਭਾਵ ਪੈਂਦਾ ਹੈ। ਸਰਕਾਰ ਵੱਲੋਂ ਕਾਨੂੰਨੀ ਕਾਰਵਾਈ ਤੋਂ ਇਲਾਵਾ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ ਸਹੂਲਤਾਂ ਅਤੇ ਉਪਕਰਣ ਮੁਹੱਈਆ ਕਰਵਾਉਣ ਦੇ ਯਤਨ ਕੀਤੇ ਜਾ ਰਹੇ ਹਨ।

## ਨਾਬਾਲਗ ਲੜਕੀ ਨੇ ਬੱਸ ਤੋਂ ਮਾਰੀ ਛਾਲ, ਛੇੜਛਾੜ ਦੀ ਅਫਵਾਹ 'ਤੇ ਲੋਕਾਂ ਨੇ ਡਰਾਈਵਰ ਸਣੇ ਦੋ ਦਾ ਚਾੜ੍ਹ'ਤਾ ਕੁਟਾਪਾ

ਨੈਸਨਲ ਡੈਸਕ 27 ਨਵੰਬਰ। ਉੱਤਰੀ ਦਿੱਲੀ 'ਚ ਬੱਸ ਡਰਾਈਵਰ ਅਤੇ ਇਕ ਹੋਰ ਵਿਅਕਤੀ ਨਾਲ ਬਹਿਸ ਤੋਂ ਬਾਅਦ ਇਕ ਨਾਬਾਲਗ ਲੜਕੀ ਨੇ ਚੱਲਦੀ ਮਿੰਨੀ ਬੱਸ ਤੋਂ ਛਾਲ ਮਾਰ ਦਿੱਤੀ। ਪੁਲਸ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਇਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਇਹ ਘਟਨਾ ਬੁੱਧਵਾਰ ਸਾਮ ਨੂੰ ਬੁਰਾੜੀ ਦੇ ਨਾਥਪੁਰਾ ਇਲਾਕੇ 'ਚ ਵਾਪਰੀ। ਅਧਿਕਾਰੀ ਨੇ ਦੱਸਿਆ ਕਿ ਲੜਕੀ ਇਬਰਾਹਿਮਪੁਰ ਚੌਂਕ 'ਤੇ ਬੱਸ 'ਚ ਚੜ੍ਹੀ ਸੀ ਅਤੇ ਡਰਾਈਵਰ ਦੀਪਕ ਅਤੇ ਮਨੋਜ ਨਾਂ ਦੇ ਇਕ ਹੋਰ ਵਿਅਕਤੀ ਨਾਲ ਉਸ ਦੀ ਬਹਿਸ ਹੋ ਗਈ। ਦੀਪਕ ਅਤੇ ਮਨੋਜ ਦੋਵੇਂ ਇੱਕ ਦੂਜੇ ਨੂੰ ਜਾਣਦੇ ਸਨ। ਉਸ ਨੇ ਕਿਹਾ ਕਿ ਮੌਕਾ ਪਾ ਕੇ ਉਹ ਚੱਲਦੀ ਗੱਡੀ ਤੋਂ ਛਾਲ ਮਾਰ ਕੇ ਭੱਜਣ ਲੱਗੀ। ਪੁਲਸ ਨੇ ਦੱਸਿਆ ਕਿ ਦੋ ਚਸਮਦੀਦਾਂ ਨੇ ਗਲਤ ਹਰਕਤ ਦਾ ਸੱਕ ਜਤਾਇਆ ਅਤੇ ਸਾਲੀਮਾਰ ਪੈਲੇਸ ਚੌਕ ਨੇੜੇ ਬੱਸ ਨੂੰ ਰੋਕਿਆ। ਜਿਨਸੀ ਸੋਸਣ ਦੀ ਅਫਵਾਹ




ਫੈਲਣ ਤੋਂ ਬਾਅਦ ਉੱਥੇ ਭੀੜ ਇਕੱਠੀ ਹੋ ਗਈ ਅਤੇ ਮਨੋਜ ਅਤੇ ਦੀਪਕ ਦੀ ਕੁੱਟਮਾਰ ਕੀਤੀ। ਅਧਿਕਾਰੀ ਨੇ ਕਿਹਾ ਕਿ ਪੀਸੀਆਰ ਕਾਲ ਮਿਲਣ 'ਤੇ, ਪੁਲਸ ਮੌਕੇ 'ਤੇ ਪਹੁੰਚੀ ਅਤੇ ਨਾਬਾਲਗ ਲੜਕੀ ਅਤੇ ਦੋਵਾਂ ਵਿਅਕਤੀਆਂ ਨੂੰ ਮੈਡੀਕਲ ਜਾਂਚ ਲਈ ਹਸਪਤਾਲ ਲੈ ਗਈ। ਲੜਕੀ ਨੇ ਆਪਣਾ ਬਿਆਨ ਦਰਜ ਕਰਵਾਇਆ, ਜਿਸ ਵਿਚ ਉਸ ਨੇ ਜਿਨਸੀ ਸੋਸਣ, ਛੇੜਛਾੜ ਜਾਂ ਛੇੜਛਾੜ ਦੇ ਦੋਸਾਂ ਤੋਂ ਇਨਕਾਰ ਕੀਤਾ। ਮੈਡੀਕਲ ਜਾਂਚ ਨੇ ਵੀ ਉਸ ਦੇ ਬਿਆਨ ਦੀ ਪੁਸਟੀ ਕੀਤੀ। ਲੜਕੀ ਦੇ ਬਿਆਨ ਦੇ ਆਧਾਰ 'ਤੇ ਪੁਲਸ ਨੇ ਬੁਰਾੜੀ ਥਾਣੇ 'ਚ ਭਾਰਤੀ ਨਿਆਂ ਸੰਹਿਤਾ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਐੱਫਆਈਆਰ ਦਰਜ ਕਰ ਲਈ ਹੈ।

## ਢਿੱਲੋਂ ਬ੍ਰਦਰਜ ਦੀ ਮੌਤ ਦੇ ਮਾਮਲੇ 'ਚ ਖੁੱਲ੍ਹੀਆਂ ਵੱਡੀਆਂ ਪਰਤਾਂ, ਖੜ੍ਹੇ ਹੋਣ ਲੱਗੇ ਵੱਡੇ ਸਵਾਲ

ਜਲੰਧਰ 27 ਨਵੰਬਰ। ਢਿੱਲੋਂ ਬ੍ਰਦਰਜ ਦੀ ਮੌਤ ਦੇ ਮਾਮਲੇ 'ਚ ਜਿਸ ਮਾਨਵਦੀਪ ਉੱਪਲ ਦੇ ਬਿਆਨਾਂ 'ਤੇ ਕੇਸ ਦਰਜ ਕੀਤਾ ਗਿਆ ਸੀ, ਉਹ ਹੁਣ ਕਪੂਰਥਲਾ ਪੁਲਸ ਦੇ ਨਾਲ-ਨਾਲ ਢਿੱਲੋਂ ਪਰਿਵਾਰ 'ਤੇ ਵੀ ਸਵਾਲ ਖੜ੍ਹਾ ਕਰ ਰਿਹਾ ਹੈ। ਪਹਿਲਾਂ ਤਾਂ ਮਾਨਵਦੀਪ ਉੱਪਲ ਨੇ ਕਿਹਾ ਕਿ ਜਸ਼ਨਬੀਰ ਸਿੰਘ ਤੋਂ ਉਸ ਦੇ ਜਿਸ ਕਮਰੇ ਦੀ ਚਾਬੀ ਮਿਲੀ, ਪੁਲਸ ਨੇ ਉਸ ਕਮਰੇ ਵਿਚ ਸਰਚ ਤਕ ਨਹੀਂ ਕੀਤੀ। ਜੇਕਰ ਕੀਤੀ ਤਾਂ ਉਸ ਦੀ ਵੀਡੀਓ ਕਿਉਂ ਲੁਕਾਈ ਜਾ ਰਹੀ ਹੈ। ਇਸ ਦੇ ਇਲਾਵਾ ਜਿਸ ਸਕੋਡਾ ਕਾਰ ਰਾਹੀਂ ਉਹ ਆਖਰੀ ਵਾਰ ਬਿਆਸ ਦਰਿਆ 'ਤੇ ਗਿਆ, ਉਸ ਨੂੰ ਮੌਕੇ 'ਤੇ ਕੌਣ ਲਿਆਇਆ ਸੀ ਅਤੇ ਕਾਰ ਦੀ ਵੀ ਤਲਾਸ਼ੀ ਲਈ ਗਈ ਸੀ ਜਾਂ ਨਹੀਂ। ਮਾਨਵਦੀਪ ਨੇ ਕਿਹਾ ਕਿ ਹੋ ਸਕਦਾ ਹੈ ਕਿ ਕਮਰੇ ਜਾਂ ਗੱਡੀ ਵਿਚ ਕੋਈ ਸੁਸਾਈਡ ਨੋਟ ਜਾਂ ਫਿਰ ਅਜਿਹੇ ਸਬੂਤ ਹੋਣ ਜੋ ਸਾਬਕਾ ਇੰਸ. ਨਵਦੀਪ ਸਿੰਘ ਖਿ਼ਲਾਫ ਜਾ ਸਕਦੇ ਹੋਣ। ਇਸ ਦੇ ਇਲਾਵਾ ਮਾਨਵਦੀਪ ਉੱਪਲ ਨੇ ਇਹ ਵੀ ਕਿਹਾ ਕਿ ਬੀਤੇ ਸਾਲ ਦੀ 16 ਅਗਸਤ ਨੂੰ ਜਦੋਂ ਥਾਣਾ ਨੰਬਰ 1 ਵਿਚ ਸਾਰਾ ਵਿਵਾਦ ਹੋਇਆ, ਉਦੋਂ ਉਹ ਮੌਕੇ 'ਤੇ ਨਹੀਂ ਸੀ, ਫਿਰ ਵੀ ਢਿੱਲੋਂ ਪਰਿਵਾਰ ਨੇ ਉਸ ਦੇ ਬਿਆਨਾਂ 'ਤੇ ਐੱਫ. ਆਈ. ਆਰ. ਦਰਜ ਕਰਵਾਈ। ਉਸ ਤੋਂ ਉਹ ਬਿਆਨ ਦਿਵਾਏ ਗਏ ਜੋ ਸੱਚ ਸਨ ਹੀ ਨਹੀਂ। ਜੇਕਰ ਇਸ ਮਾਮਲੇ ਵਿਚ ਸਾਬਕਾ ਇੰਸ. ਨਵਦੀਪ ਸਿੰਘ 'ਤੇ ਲੱਗਾ ਇਕ ਵੀ ਦੋਸ਼ ਸਾਬਿਤ ਨਾ ਹੋਇਆ ਤਾਂ ਕੀ ਨਵਦੀਪ ਸਿੰਘ ਉਸਦੇ ਉੱਪਰ ਕਾਰਵਾਈ ਕਰਵਾਉਣ ਲਈ ਕੋਰਟ ਦੇ ਰਸਤੇ ਨਹੀਂ ਜਾ ਸਕਦਾ ਅਤੇ ਉਦੋਂ ਉਸ ਨਾਲ ਕੌਣ ਖੜ੍ਹਾ ਹੋਵੇਗਾ? ਮਾਨਵਦੀਪ ਨੇ ਕਿਹਾ ਕਿ ਨਵਦੀਪ ਸਿੰਘ ਧਿਰ ਵੱਲੋਂ ਕੋਰਟ ਵਿਚ ਜੋ ਦਸਤਾਵੇਜ ਲਾਏ ਗਏ ਹਨ, ਉਨ੍ਹਾਂ ਦਸਤਾਵੇਜਾਂ ਦੀ ਇਕ ਕਾਪੀ ਮਾਣਯੋਗ ਅਦਾਲਤ ਨੇ ਉਸ ਨੂੰ ਵੀ ਦਿੱਤੀ ਹੈ, ਜਿਸ ਨੂੰ ਵੇਖ ਸਾਬਿਤ ਹੁੰਦਾ ਹੈ ਕਿ ਹਰੇਕ ਦੋਸ਼ ਸਬੂਤਾਂ ਦੇ ਆਧਾਰ 'ਤੇ ਗਲਤ ਹੈ ਅਤੇ ਉਨ੍ਹਾਂ ਦੇ ਗਲਤ ਦੋਸ਼ਾਂ ਕਾਰਨ ਨਵਦੀਪ ਸਿੰਘ ਨੂੰ ਨੌਕਰੀ ਤੋਂ ਡਿਸਮਿਸ ਕੀਤਾ ਗਿਆ ਪਰ ਨਵਦੀਪ ਦੇ ਬਰੀ ਹੋਣ 'ਤੇ ਉਨ੍ਹਾਂ ਖਿ਼ਲਾਫ ਐਕਸਨ ਲਾਜਮੀ ਲਿਆ ਜਾਵੇਗਾ।

# ਮੋਟਰਸਾਈਕਲ ਜੁਗਾੜੂ ਰੇਹੜੀ ਰਜਬਾਹੇ 'ਚ ਡਿੱਗੀ

ਬਰਨਾਲਾ 27 ਨਵੰਬਰ। ਬਰਨਾਲਾ ਤੋਂ ਫਰਵਾਹੀ ਰੋਡ 'ਤੇ ਵਾਪਰੇ ਹਾਦਸੇ 'ਚ ਮੋਟਰਸਾਈਕਲ ਜੁਗਾੜੂ ਰੇਹੜੀ ਰਜਬਾਹੇ 'ਚ ਡਿੱਗ ਗਈ, ਜਿਸ ਕਾਰਨ ਇਕ 3 ਮਹੀਨਿਆਂ ਦੇ ਬੱਚੇ ਦੀ ਮੌਤ ਹੋ ਗਈ। ਇਸ ਹਾਦਸੇ 'ਚ 6-7 ਮਰਦ ਤੇ ਔਰਤਾਂ ਵੀ ਜ਼ਖਮੀ ਹੋ ਗਈਆਂ। ਜਾਣਕਾਰੀ ਅਨੁਸਾਰ ਮੋਟਰਸਾਈਕਲ ਜੁਗਾੜੂ ਰੇਹੜੀ 'ਤੇ ਸਵਾਰ ਸਾਰੇ ਵਿਅਕਤੀ ਪ੍ਰਵਾਸੀ ਮਜ਼ਦੂਰ ਪਰਿਵਾਰ ਨਾਲ ਸਬੰਧਤ ਸਨ। ਇਹ ਲੋਕ ਬਰਨਾਲਾ ਤੋਂ ਕੱਟੂ ਪਿੰਡ ਦੀ ਮੰਡੀ 'ਚ ਝੋਨਾ ਇਕੱਠਾ ਕਰਨ ਜਾ ਰਹੇ ਸਨ। ਜਦੋਂ ਇਹ ਜਥਾ ਫਰਵਾਹੀ ਨੇੜੇ ਰਜਬਾਹੇ ਦੇ ਪੁਲ 'ਤੇ ਪਹੁੰਚਿਆ ਤਾਂ ਸੜਕ 'ਤੇ ਇਕ ਡੂੰਘੇ ਹੰਪ ਕਾਰਨ ਜੁਗਾੜੂ ਰੇਹੜੀ ਬੇਕਾਬੂ ਹੋ ਕੇ ਰਜਬਾਹੇ 'ਚ ਡਿੱਗ ਗਈ। ਮੋਟਰਸਾਈਕਲ ਜੁਗਾੜੂ ਰੇਹੜੀ 'ਚ ਬੈਠੀ ਇਕ ਔਰਤ ਆਪਣੀ ਬੁੱਕਲ 'ਚ ਤਿੰਨ ਮਹੀਨਿਆਂ ਦੇ ਬੱਚੇ ਨੂੰ ਲਿਜਾ ਰਹੀ ਸੀ। ਰੇਹੜੀ ਦੇ ਰਜਬਾਹੇ 'ਚ ਡਿੱਗਣ ਕਾਰਨ ਬੱਚੇ ਦੀ ਮੌਕੇ 'ਤੇ ਹੀ ਮੌਤ ਹੋ ਗਈ। ਹਾਦਸੇ 'ਚ ਮੌਜੂਦ ਹੋਰ ਸਾਰੇ ਵਿਅਕਤੀ ਗੰਭੀਰ ਰੂਪ 'ਚ ਜ਼ਖਮੀ ਹੋ ਗਏ। ਰਜਬਾਹੇ ਦੇ ਨੇੜੇ ਮੌਜੂਦ ਲੋਕ ਤੁਰੰਤ ਮੌਕੇ 'ਤੇ ਪੁੱਜੇ। ਬਚਾਅ ਮੁਹਿੰਮ ਦੌਰਾਨ ਜ਼ਖਮੀਆਂ ਨੂੰ ਬੜੀ ਮੁਸ਼ੱਕਤ ਨਾਲ ਰਜਬਾਹੇ 'ਚੋਂ ਕੱਢ ਕੇ ਬਰਨਾਲਾ ਸਿਵਲ ਹਸਪਤਾਲ 'ਚ ਦਾਖਲ ਕਰਵਾਇਆ ਗਿਆ। ਹਸਪਤਾਲ 'ਚ ਸਾਰੇ ਜੇਰੇ ਇਲਾਜ ਹਨ। ਇਸ ਹਾਦਸੇ ਨੇ ਬਰਨਾਲਾ ਅਤੇ ਇਸ ਦੇ ਆਲੇ-ਦੁਆਲੇ ਦੀਆਂ ਸੜਕਾਂ ਦੀ ਖਰਾਬ ਹਾਲਤ ਨੂੰ ਇਕ ਵਾਰ ਫਿਰ ਸਾਹਮਣੇ ਲਿਆ ਦਿੱਤਾ ਹੈ। ਹੰਪ ਅਤੇ ਖੱਡੇ ਦਿਨੋਂ-ਦਿਨ ਹਾਦਸਿਆਂ ਦਾ ਕਾਰਨ ਬਣ ਰਹੇ ਹਨ। ਇਸ ਮਾਮਲੇ ਦੇ ਮੱਦੇਨਜ਼ਰ ਪ੍ਰਦੇਸ਼ ਵਾਸੀਆਂ ਨੇ ਸੜਕਾਂ ਦੀ ਮੁਰੰਮਤ ਅਤੇ ਸੁਰੱਖਿਆ ਦੇ ਕਰੜੇ ਪ੍ਰਬੰਧ ਕਰਨ ਦੀ ਮੰਗ ਕੀਤੀ ਹੈ। ਲੋਕਾਂ ਦਾ ਕਹਿਣਾ ਹੈ ਕਿ ਜੇਕਰ ਸੜਕਾਂ ਦੀ ਵਕਤੀ ਮੁਰੰਮਤ ਕੀਤੀ



ਜਾਂਦੀ ਤਾਂ ਇਸ ਤਰ੍ਹਾਂ ਦੇ ਹਾਦਸਿਆਂ ਨੂੰ ਰੋਕਿਆ ਜਾ ਸਕਦਾ ਸੀ। ਇਸ ਰੋਡ ਉਪਰ ਰੋਜ਼ਾਨਾ ਸੈਂਕੜੇ ਦੀ ਤਾਦਾਦ 'ਚ ਵਾਹਨ ਲੰਘਦੇ ਹਨ ਅਤੇ ਇਹ ਦਬੀ ਹੋਈ ਪੁਲੀ ਸੂਏ ਦੇ ਬਿਲਕੁਲ ਹੀ ਨੇੜੇ ਹੋਣ ਕਾਰਨ ਅਤੇ ਨਾਲ ਹੀ ਮੋੜ ਹੋਣ ਕਰ ਕੇ ਇੱਥੇ ਰੋਜ਼ਾਨਾ ਹੀ ਹਾਦਸੇ ਹੁੰਦੇ ਰਹਿੰਦੇ ਹਨ। ਨਹਿਰੀ ਵਿਭਾਗ ਵੱਲੋਂ ਇਸ ਜਗ੍ਹਾ ਉਪਰ ਦੀ ਦੋ ਪੁਲੀਆਂ ਪਾਈਆਂ ਗਈਆਂ ਹਨ, ਜਿੱਥੇ ਪੁਲੀ ਪਾਈ ਗਈ ਹੈ, ਉਹ ਸੜਕ ਹੇਠਾਂ ਨੂੰ ਦੱਬ ਗਈ, ਜਿਸ ਕਾਰਨ ਇੱਥੇ ਡੂੰਘਾ ਟੋਏ ਪੈ ਗਏ। ਜਿਸ ਕਾਰਨ ਰੋਜ਼ਾਨਾ ਹੀ ਅਨੇਕਾਂ ਹਾਦਸਿਆਂ ਹੁੰਦੇ ਸਨ। ਇਕ ਟੋਇਆ ਤਾਂ ਪਿਛਲੇ ਦਿਨੀਂ ਹੀ ਪਿੰਡ ਦੇ ਨਵੇਂ ਚੁਣੇ ਸਰਪੰਚ ਜਗਸੀਰ ਸਿੰਘ ਜੱਗਾ ਵਲੋਂ ਆਪਣੀ ਪੰਚਾਇਤ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਭਰਿਆ ਗਿਆ ਅਤੇ ਦੂਸਰਾ ਟੋਆ ਜੋ ਕਿ ਪਹਿਲਾਂ ਘੱਟ ਦਬਿਆ ਹੋਇਆ ਸੀ ਅਤੇ ਹੁਣ ਜ਼ਿਆਦਾ ਦੱਬ ਗਿਆ ਅਤੇ ਸੂਏ ਦੇ ਪੁਲ ਦੇ ਨਜਦੀਕ ਹੋਣ ਕਾਰਨ ਇਹ ਦਬੇ ਹੋਏ ਟੋਏ ਕਾਰਨ ਅਨੇਕਾਂ ਹਾਦਸੇ ਹੋ ਰਹੇ ਹਨ। ਪਹਿਲਾਂ ਵੀ ਇਸ ਜਗ੍ਹਾ 'ਤੇ ਦਰਜਨਾਂ ਦੇ ਕਰੀਬ ਹਾਦਸੇ ਹੋ ਚੁੱਕੇ ਹਨ।

## ਨਸ਼ੇ ਵਾਲੇ ਟੀਕੇ ਤੇ ਦਵਾਈਆਂ ਦੀ ਤਸਕਰੀ ਦੇ ਮਾਮਲੇ 'ਚ 2 ਨੂੰ 10-10 ਸਾਲ ਦੀ ਕੈਦ

ਜਲੰਧਰ 27 ਨਵੰਬਰ। ਐਡੀਸ਼ਨਲ ਸੈਸਨ ਜੱਜ ਕ੍ਰਿਸਨ ਕਾਂਤ ਜੈਨ ਦੀ ਅਦਾਲਤ ਵਲੋਂ ਨਸ਼ੇ ਵਾਲੇ ਟੀਕੇ ਅਤੇ ਨਸੇ ਵਾਲੀਆਂ ਦਵਾਈਆਂ ਦੀ ਤਸਕਰੀ ਕਰਨ ਦੇ ਮਾਮਲੇ ਵਿਚ ਕਰਨੈਲ ਸਿੰਘ ਉਰਫ ਕਾਲੀਆ ਪੁੱਤਰ ਹਰਵਿੰਦਰ ਸਿੰਘ ਵਾਸੀ ਸਰਸਿੰਘਵਾਲਾ ਜਿ਼ਲ੍ਹਾ ਕਪੂਰਥਲਾ ਤੇ ਜਸਵਿੰਦਰ ਸਿੰਘ ਉਰਫ ਜੱਸਾ ਪੁੱਤਰ ਚਰਨ ਸਿੰਘ ਵਾਸੀ ਭੁਲੱਥ ਜਿ਼ਲ੍ਹਾ ਕਪੂਰਥਲਾ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਹੈ। ਦੋਸ਼ ਸਾਬਤ ਹੋ ਜਾਣ 'ਤੇ ਉਕਤ ਦੋਹਾਂ ਨੂੰ 10-10 ਸਾਲ ਦੀ ਕੈਦ ਤੇ 1-1 ਲੱਖ ਰੁਪਏ ਜੁਰਮਾਨਾ, ਜੁਰਮਾਨਾ ਨਾ ਦੇਣ 'ਤੇ ਦੋਸੀਆਂ ਨੂੰ ਚਾਰ-ਚਾਰ ਮਹੀਨੇ ਦੀ ਹੋਰ ਕੈਦ ਦੀ ਸਜਾ ਦਾ ਹੁਕਮ ਸੁਣਾਇਆ ਗਿਆ। ਇਸ ਮਾਮਲੇ ਵਿਚ ਦੋਸੀਆਂ ਦੇ ਖਿ਼ਲਾਫ 23 ਜੂਨ 2021 ਨੂੰ ਥਾਣਾ ਫਿਲੌਰ ਦੀ ਪੁਲਸ ਨੇ ਭਾਰੀ ਮਾਤਰਾ ਵਿਚ ਨਸ਼ੇ ਵਾਲੇ ਟੀਕੇ ਤੇ ਦਵਾਈਆਂ ਸਮੇਤ ਉਕਤ ਦੋਹਾਂ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਮਾਮਲਾ ਦਰਜ ਕੀਤਾ ਗਿਆ ਸੀ।

ਕੌਮੀ ਪਤ੍ਰਿਕਾ
ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।
Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad
Ph. : 011-41509689, 011-23315814
Mob. : 9971359517, 9312262300
E-mail address: qpatrika@gmail.com
R.N.I. No. 39272/81
Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਸ਼ੇਅਰ ਬਾਜਾਰ 'ਚ ਹਾਹਾਕਾਰ : ਸੈਂਸੈਕਸ 980 ਤੋਂ ਵੱਧ ਅੰਕ ਡਿੱਗਿਆ ਤੇ ਨਿਫਟੀ ਵੀ ਟੁੱਟ ਕੇ 23,559 ਦੇ ਪੱਧਰ 'ਤੇ ਬੰਦ

ਮੁੰਬਈ 27 ਨਵੰਬਰ। ਅੱਜ ਯਾਨੀ 13 ਨਵੰਬਰ ਨੂੰ ਲਗਾਤਾਰ ਤੀਜੇ ਦਿਨ ਗਿਰਾਵਟ ਦਾ ਰੁਝਾਨ ਦੇਖਣ ਨੂੰ ਮਿਲ ਰਿਹਾ ਹੈ। ਸੈਂਸੈਕਸ 984.23 ਅੰਕ ਭਾਵ 1.25% ਫੀਸਦੀ ਦੀ ਗਿਰਾਵਟ ਦੇ ਨਾਲ 77,690.95 ਦੇ ਪੱਧਰ 'ਤੇ ਬੰਦ ਹੋਇਆ ਹੈ। ਸੈਂਸੈਕਸ ਦੇ 30 ਸਟਾਕਾਂ ਵਿੱਚੋਂ 23 ਵੱਧ ਰਹੇ ਹਨ ਅਤੇ 7 ਵਿੱਚ ਗਿਰਾਵਟ ਹੈ। ਦੂਜੇ ਨਿਫਟੀ 'ਚ ਵੀ 324.40 ਅੰਕ ਭਾਵ 1.36% ਦੀ ਗਿਰਾਵਟ ਦੇ ਨਾਲ ਇਹ 23,559.05 ਦੇ ਪੱਧਰ 'ਤੇ ਬੰਦ ਹੋਇਆ ਹੈ। ਨਿਫਟੀ ਦੇ 50 ਸਟਾਕਾਂ ਵਿੱਚੋਂ 44 ਵਿੱਚ ਗਿਰਾਵਟ ਅਤੇ 06 ਵਾਧੇ ਨਾਲ ਕਾਰੋਬਾਰ ਕਰਦੇ ਦੇਖੇ ਜਾ ਰਹੇ ਹਨ। ਦੇ ਸਾਰੇ ਸੈਕਟਰਲ ਸੂਚਕਾਂਕ ਗਿਰਾਵਟ ਦੇ ਨਾਲ ਕਾਰੋਬਾਰ ਕਰ ਰਹੇ ਹਨ। ਦੇ ਅੰਕੜਿਆਂ ਅਨੁਸਾਰ, ਵਿਦੇਸੀ ਨਿਵੇਸਕਾਂ () ਨੇ 12 ਨਵੰਬਰ ਨੂੰ 3,024.31 ਕਰੋੜ ਰੁਪਏ ਦੇ ਸੇਅਰ ਵੇਚੇ। ਇਸ ਮਿਆਦ ਦੇ ਦੌਰਾਨ, ਘਰੇਲੂ ਨਿਵੇਸਕਾਂ () ਨੇ 1,854.46 ਕਰੋੜ ਰੁਪਏ ਦੇ ਸੇਅਰ ਖਰੀਦੇ। ਏਸੀਆਈ ਬਾਜਾਰ 'ਚ ਜਾਪਾਨ ਦਾ ਨਿੱਕੇਈ 1.07 ਫੀਸਦੀ ਤੱਕ ਡਿੱਗਿਆ ਹੈ। ਜਦੋਂ ਕਿ ਕੋਰੀਆ ਦਾ ਕੋਸਪੀ 1.49% ਦੀ ਗਿਰਾਵਟ ਨਾਲ ਅਤੇ ਚੀਨ ਦਾ ਸੰਘਾਈ ਕੰਪੋਜ?ਿਟ 0.19% ਦੇ ਵਾਧੇ ਨਾਲ ਕਾਰੋਬਾਰ ਕਰ ਰਿਹਾ ਹੈ। 12 ਨਵੰਬਰ ਨੂੰ, ਯੂਐਸ ਡਾਓ ਜੋਂਸ ਇੰਡਸਟਰੀਅਲ ਔਸਤ 0.86% ਡਿੱਗ ਕੇ 43,910 'ਤੇ ਅਤੇ × 500 0.29% ਡਿੱਗ ਕੇ 5,983 'ਤੇ ਆ ਗਿਆ। ਨੈਸਡੈਕ 0.090% ਡਿੱਗ ਕੇ 19,281 'ਤੇ ਬੰਦ ਹੋਇਆ। ਇਸ ਤੋਂ ਪਹਿਲਾਂ ਕੱਲ੍ਹ ਯਾਨੀ 12 ਨਵੰਬਰ ਨੂੰ ਸੈਂਸੈਕਸ ਦਿਨ ਦੇ ਉੱਚੇ ਪੱਧਰ 79,820 ਤੋਂ 1145 ਅੰਕ ਡਿੱਗ ਗਿਆ ਸੀ। ਇਸ ਦੇ ਨਾਲ ਹੀ ਨਿਫਟੀ ਵੀ ਦਿਨ ਦੇ ਉੱਚੇ ਪੱਧਰ 24242 ਤੋਂ 359 ਅੰਕ ਡਿੱਗ ਗਿਆ। ਦਿਨ ਦੇ ਕਾਰੋਬਾਰ ਤੋਂ ਬਾਅਦ ਸੈਂਸੈਕਸ 820 ਅੰਕਾਂ (1.03%) ਦੀ ਗਿਰਾਵਟ ਨਾਲ 78675 'ਤੇ ਬੰਦ ਹੋਇਆ। ਨਿਫਟੀ 'ਚ ਵੀ 257 ਅੰਕ (1.07 ਫੀਸਦੀ) ਦੀ ਗਿਰਾਵਟ ਦਰਜ ਕੀਤੀ ਗਈ, ਇਹ 23,883 ਦੇ ਪੱਧਰ 'ਤੇ ਬੰਦ ਹੋਇਆ। ਸੈਂਸੈਕਸ ਦੇ 30 ਸਟਾਕਾਂ 'ਚੋਂ 27 'ਚ ਗਿਰਾਵਟ ਅਤੇ 3 'ਚ ਤੇਜੀ ਰਹੀ।

# 40 ਕੁਆਰੀਆਂ ਕੁੜੀਆਂ ਨੂੰ ਇਕੱਠੇ ਦੱਸਿਆ ਗਰਭਵਤੀ, ਫੋਨ 'ਤੇ ਆਏ ਮੈਸੇਜ ਨੇ ਉਡਾਏ ਹੋਸ਼

ਵਾਰਾਣਸੀ 27 ਨਵੰਬਰ। ਉੱਤਰ ਪ੍ਰਦੇਸ ਦੇ ਵਾਰਾਣਸੀ ਤੋਂ ਇੱਕ ਅਜੀਬ ਅਤੇ ਸਭ ਨੂੰ ਹੈਰਾਨ ਕਰ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਆਂਗਣਵਾੜੀ ਵਰਕਰ ਦੀ ਗਲਤੀ ਕਾਰਨ ਬਾਲ ਵਿਕਾਸ ਮੰਤਰਾਲੇ ਨੇ 40 ਕੁਆਰੀਆਂ ਕੁੜੀਆਂ ਨੂੰ ਗਰਭਵਤੀ ਐਲਾਨ ਦਿੱਤਾ ਹੈ। ਦੀਵਾਲੀ 'ਤੇ ਮੋਬਾਈਲ 'ਤੇ ਆਏ ਮੈਸੇਜ ਤੋਂ ਬਾਅਦ ਸਾਰੀਆਂ ਕੁੜੀਆਂ ਹੈਰਾਨ ਰਹਿ ਗਈਆਂ ਅਤੇ ਫਿਰ ਇਸ ਮਾਮਲੇ ਦੀ ਸੱਚਾਈ ਵੀ ਸਭ ਦੇ ਸਾਹਮਣੇ ਆਈ। ਇਸ ਮੈਸੇਜ ਨਾਲ ਕੁੜੀਆਂ ਦੇ ਪਰਿਵਾਰ ਵਾਲੇ ਵੀ ਸੋਚਾਂ ਵਿਚ ਪੈ ਗਏ। ਵੱਡੀ ਮਾਤਰਾ ਵਿਚ ਕੁੜੀਆਂ ਦੇ ਗਰਭਵਤੀ ਹੋਣ ਦਾ ਪਤਾ ਲੱਗਣ 'ਤੇ ਪਿੰਡ ਤੋਂ ਲੈ ਕੇ ਜ?ਿਲ੍ਹਾ ਪ੍ਰਸਾਸਨ ਤੱਕ ਦਹਿਸਤ ਦਾ ਮਾਹੌਲ ਸੀ। ਜਦੋਂ ਇਹ ਮਾਮਲਾ ਅਧਿਕਾਰੀਆਂ ਤੱਕ ਪਹੁੰਚਿਆ ਤਾਂ ਇਸ ਦੀ ਜਾਂਚ ਕੀਤੀ ਗਈ। ਪਤਾ ਲੱਗਾ ਕਿ ਇਸ ਸਾਰੇ ਮਾਮਲੇ ਪਿੱਛੇ ਇੱਕ ਆਂਗਣਵਾੜੀ ਵਰਕਰ ਦਾ ਕਸੂਰ ਸੀ। ਫਿਲਹਾਲ ਮੁੱਖ ਵਿਕਾਸ ਅਧਿਕਾਰੀ ਹਿਮਾਂਸੂ ਨਾਗਪਾਲ ਨੇ ਇਸ ਮਾਮਲੇ ਦੀ ਜਾਂਚ ਕਰਨ ਦੇ ਹੁਕਮ ਦਿੱਤੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਾਰੀਆਂ ਲੜਕੀਆਂ ਦੇ ਨਾਂ 'ਤੇ ਸਮੱਗਰੀ ਅਲਾਟ ਕੀਤੀ ਗਈ ਹੈ ਜਾਂ ਨਹੀਂ, ਇਸ ਦੀ ਬੀਡੀਓ ਰਾਹੀਂ ਜਾਂਚ ਕੀਤੀ ਜਾ ਰਹੀ ਹੈ। ਜਾਂਚ ਤੋਂ ਬਾਅਦ ਇਸ ਮਾਮਲੇ ਵਿੱਚ ਕਾਰਵਾਈ ਕੀਤੀ ਜਾਵੇਗੀ। ਪ੍ਰਾਪਤ ਜਾਣਕਾਰੀ ਅਨੁਸਾਰ ਵਾਰਾਣਸੀ ਦੇ ਰਾਮਨਾ ਗ੍ਰਾਮ ਪੰਚਾਇਤ ਦੇ



ਮੱਲ੍ਹੀਆ ਪਿੰਡ ਵਿੱਚ ਇਹ ਅਜੀਬ ਮਾਮਲਾ ਸਾਹਮਣੇ ਆਇਆ ਹੈ। ਇੱਥੇ 40 ਲੜਕੀਆਂ ਨੂੰ ਬਾਲ ਵਿਕਾਸ ਮੰਤਰਾਲੇ ਵੱਲੋਂ ਪੋਸਣ ਯੋਜਨਾ ਤਹਿਤ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਸਬੰਧੀ ਸੁਨੇਹਾ ਮਿਲਿਆ। ਇਸ ਸੰਦੇਸ ਵਿੱਚ ਲਿਖਿਆ ਗਿਆ ਸੀ - ਪੋਸ਼ਣ ਟਰੈਕਰ ਵਿੱਚ ਤੁਹਾਡਾ ਸੁਆਗਤ ਹੈ। ਇੱਕ ਦੁੱਧ ਚੁੰਘਾਉਣ ਵਾਲੀ ਮਾਂ ਹੋਣ ਦੇ ਨਾਤੇ, ਤੁਸੀਂ ਆਂਗਣਵਾੜੀ ਕੇਂਦਰ ਤੋਂ ਘਰ ਦੇ ਦੌਰੇ ਰਾਹੀਂ ਗਰਮ ਪਕਾਇਆ ਹੋਇਆ ਭੋਜਨ ਜਾਂ ਰਾਸਨ, ਸਲਾਹ, ਬਾਲ ਸਿਹਤ ਦੀ ਨਿਗਰਾਨੀ ਅਤੇ ਛਾਤੀ ਦਾ ਦੁੱਧ ਚੁੰਘਾਉਣ ਦੀ ਸਹਾਇਤਾ ਵਰਗੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ। ਗਰਭਵਤੀ ਹੋਣ ਦਾ ਮੈਸੇਜ ਮਿਲਣ 'ਤੇ ਕੁੜੀਆਂ ਹੈਰਾਨ ਹੋ ਗਈਆਂ ਅਤੇ ਉਹਨਾਂ ਨੇ ਇਸ ਬਾਰੇ ਪਰਿਵਾਰ ਨੂੰ ਦੱਸਿਆ, ਜਿਸ ਤੋਂ ਬਾਅਦ ਉਹਨਾਂ ਦੇ ਪੈਰਾਂ ਹੇਠੋਂ ਜਮੀਨ ਖਿਸਕ ਗਈ। ਉਹਨਾਂ ਨੇ ਆਂਗਨਵਾੜੀ ਅਧਿਕਾਰੀਆਂ ਨੂੰ ਫੋਨ ਕਰਨਾ ਸ਼ੁਰੂ ਕਰ ਦਿੱਤੀ। ਪਰਿਵਾਰਾਂ ਮੁਤਾਬਤ ਆਂਗਨਵਾੜੀ ਵਰਕਰਾਂ ਨੇ ਆਪਣੀ ਗਲਤੀ ਮੰਨਣ ਦੀ ਥਾਂ ਉਲਟਾ ਉਹਨਾਂ ਨੂੰ ਹੀ ਬੋਲਣਾ ਸ਼ੁਰੂ ਕਰ ਦਿੱਤਾ। ਇਸ ਤੋਂ ਬਾਅਦ ਸਾਰੀਆਂ ਪੀੜਤ ਕੁੜੀਆਂ ਨੇ ਇਸ ਦੀ ਸ?ਿਕਾਇਤ ਪਿੰਡ ਦੇ ਮੁਖੀ ਨੂੰ ਕੀਤੀ। ਦੱਸਿਆ ਜਾ ਰਿਹਾ ਹੈ ਕਿ ਵੋਟਰ ਆਈਡੀ ਨਾਲ ਆਧਾਰ ਨੂੰ ਲਿੰਕ ਕਰਨ ਦੇ ਨਾਂ 'ਤੇ ਆਂਗਣਵਾੜੀ ਵਰਕਰ ਨੇ ਪਹਿਲਾਂ ਸਾਰਿਆਂ ਦੇ ਆਧਾਰ ਕਾਰਡ ਦੀ ਫੋਟੋ ਕਾਪੀ ਲਈ ਅਤੇ ਫਿਰ ਕਾਗਜ 'ਤੇ ਕੁਆਰੀਆਂ ਲੜਕੀਆਂ ਨੂੰ ਗਰਭਵਤੀ ਬਣਾ ਕੇ ਉਨ੍ਹਾਂ ਦੇ ਨਾਂ 'ਤੇ ਦਿੱਤੇ ਗਏ ਪੋਸਣ ਸੰਬੰਧੀ ਸਮੱਗਰੀ ਨੂੰ ਗਬਨ ਕਰ ਲਿਆ।

## ਹੈਲਥ ਸੈਂਟਰ 'ਚ ਇਲਾਜ ਲਈ ਆਉਣ ਵਾਲੇ ਲੋਕਾਂ ਨੂੰ ਕਰਨਾ ਪੈ ਰਿਹਾ ਸਮੱਸਿਆਵਾਂ ਦਾ ਸਾਹਮਣਾ

ਜਲੰਧਰ 27 ਨਵੰਬਰ। ਜਲੰਧਰ ਵਿਖੇ 120 ਫੁੱਟ ਰੋਡ ਅਰਬਨ ਕਮਿਊਨਿਟੀ ਹੈਲਥ ਸੈਂਟਰ ਵਿਖੇ ਬੀਮਾਰੀਆਂ ਦਾ ਇਲਾਜ ਕਰਵਾਉਣ ਆਉਣ ਵਾਲੇ ਮਰੀਜਾਂ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦਰਅਸਲ ਉਕਤ ਹੈਲਥ ਸੈਂਟਰ ਵਿਚ ਬਸਤੀ ਗੁਜਾਂ ਸਮੇਤ ਹੋਰ ਬਸਤੀ ਇਲਾਕੇ ਦੇ ਲੋਕ ਆਪਣੀਆਂ ਬੀਮਾਰੀਆਂ ਸਬੰਧੀ ਇਲਾਜ ਕਰਵਾਉਣ ਲਈ ਆਉਂਦੇ ਹਨ ਪਰ ਇਸ ਦੇ ਉਲਟ ਇਸ ਸਿਹਤ ਕੇਂਦਰ ਦੇ ਅੰਦਰ ਸਫਾਈ ਦਾ ਕੋਈ ਪ੍ਰਬੰਧ ਨਹੀਂ ਹੈ। ਸਫਾਈ ਦਾ ਪ੍ਰਬੰਧ ਨਾ ਹੋਣ ਕਾਰਨ ਇਥੇ ਆਵਾਰਾ ਕੁੱਤੇ ਅਕਸਰ ਹੀ ਆਰਾਮ ਕਰਦੇ ਨਜਰ ਆਉਂਦੇ ਹਨ। ਇਸ ਦੇ ਇਲਾਵਾ ਸਮੱਸਿਆਵਾਂ ਦਾ ਸਾਹਮਣਾ ਕਰਨ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਹੈਲਥ ਸੈਂਟਰ ਦੇ ਅੰਦਰ ਅਤੇ ਕੇਂਦਰ ਦੇ ਅੰਦਰ ਲਗਾਈ ਗਈ ਲਿਫਟ ਕਈ ਮਹੀਨਿਆਂ ਤੋਂ ਬੰਦ ਪਈ ਹੈ ਅਤੇ ਅਜੇ ਤੱਕ ਇਸ ਸਿਹਤ ਕੇਂਦਰ ਦੇ ਬਾਹਰ ਵੀ ਗੰਦਗੀ ਫੈਲੀ ਹੋਈ ਹੈ, ਜਿਸ ਕਾਰਨ ਆਉਣ ਵਾਲੇ ਲੋਕਾਂ ਨੂੰ ਸਿਹਤ ਸਬੰਧੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਥੇ ਹੀ ਲੋਕਾਂ ਵੱਲੋਂ ਜਲੰਧਰ ਸਿਹਤ ਵਿਭਾਗ ਦੇ ਅਧਿਕਾਰੀ ਇਸ ਸਿਹਤ ਕੇਂਦਰ ਦੀਆਂ ਸਮੱਸਿਆਵਾਂ ਨੂੰ ਠੀਕ ਕਰਕੇ ਇਲਾਜ ਕਰਵਾਉਣ ਲਈ ਆਉਣ ਵਾਲੇ ਲੋਕਾਂ ਨੂੰ ਰਾਹਤ ਪ੍ਰਦਾਨ ਕਰਨ ਦੀ ਮੰਗ ਕੀਤੀ ਗਈ।

# 35 ਸਾਲਾ ਮਸ਼ਹੂਰ ਟੀਵੀ ਅਦਾਕਾਰ ਨੇ ਚੁੱਕਿਆ ਖੌਫਨਾਕ ਕਦਮ, ਸਦਮੇ 'ਚ ਪਰਿਵਾਰ

ਨੈਸ਼ਨਲ ਡੈਸਕ 27 ਨਵੰਬਰ। ਟੀਵੀ ਇੰਡਸਟਰੀ ਤੋਂ ਇੱਕ ਬੁਰੀ ਖਬਰ ਸਾਹਮਣੇ ਆ ਰਹੀ ਹੈ। ਅਦਾਕਾਰ ਨਿਤਿਨ ਕੁਮਾਰ ਸਤਿਆਪਾਲ ਸਿੰਘ ਨੇ ਖੁਦਕੁਸੀ ਕਰ ਲਈ ਹੈ। 35 ਸਾਲ ਦੀ ਉਮਰ 'ਚ ਨਿਤਿਨ ਨੇ ਇਹ ਕਦਮ ਚੁੱਕ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਹੈ। ਪੁਲਸ ਰਿਪੋਰਟਾਂ ਮੁਤਾਬਕ ਨਿਤਿਨ ਮੁੰਬਈ ਦੇ ਗੋਰੇਗਾਂਵ 'ਚ ਰਹਿੰਦਾ ਸੀ। ਉਸ ਨੇ ਸੁੱਕਰਵਾਰ ਸਾਮ ਨੂੰ ਖੁਦਕੁਸੀ ਕਰ ਲਈ। ਨਿਤਿਨ ਕੁਮਾਰ ਦਾ ਅਪਾਰਟਮੈਂਟ ਯਸੋਧਾਮ ਇਲਾਕੇ ਵਿੱਚ ਸੀ। ਜਿੱਥੇ ਉਸ ਨੇ ਪੱਖੇ ਨਾਲ ਫਾਹਾ ਲੈ ਕੇ ਖੁਦਕੁਸੀ ਕਰ ਲਈ। ਪੁਲਸ ਅਧਿਕਾਰੀਆਂ ਨੇ ਬਿਆਨ 'ਚ ਇਹ ਜਾਣਕਾਰੀ ਦਿੱਤੀ। ਨਿਤਿਨ ਡਿਪ੍ਰੈਸਨ ਤੋਂ ਪੀੜਤ ਸੀ। ਉਹ ਕਈ ਸਾਲਾਂ ਤੋਂ ਡਿਪ੍ਰੈਸਨ ਦੀ ਦਵਾਈ ਵੀ ਲੈ ਰਿਹਾ ਸੀ। ਉਸ ਨੂੰ ਟੀਵੀ ਜਾਂ ਫ?ਿਲਮਾਂ ਵਿੱਚ ਕੰਮ ਨਹੀਂ ਮਿਲ ਰਿਹਾ ਸੀ। ਅਜਿਹੇ ਹਾਲਾਤ




ਵਿੱਚ ਉਹ ਬਹੁਤ ਦੁਖੀ ਰਹਿੰਦਾ ਸੀ। ਥੈਰੇਪੀ ਅਤੇ ਦਵਾਈਆਂ ਦੇ ਬਾਵਜੂਦ ਉਹ ਡਿਪਰੈਸਨ ਤੋਂ ਬਾਹਰ ਨਹੀਂ ਆ ਸਕਿਆ, ਜਿਸ ਕਾਰਨ ਉਸਨੇ ਖੁਦਕੁਸੀ ਕਰ ਲਈ। ਨਿਤਿਨ ਦੀ ਪਤਨੀ ਨੇ ਦੱਸਿਆ ਕਿ ਉਹ ਆਪਣੀ ਬੇਟੀ ਨਾਲ ਪਾਰਕ 'ਚ ਗਈ ਹੋਈ ਸੀ। ਜਦੋਂ ਉਹ ਘਰ ਪਰਤੀ ਤਾਂ ਘਰ ਅੰਦਰੋਂ ਬੰਦ ਸੀ। ਉਸ ਨੂੰ ਨਹੀਂ ਸੀ ਪਤਾ ਕਿ ਨਿਤਿਨ ਪਿੱਛੋਂ ਅਜਿਹਾ ਕਰੇਗਾ। ਜਦੋਂ ਘਰ ਬੰਦ ਮਿਲਿਆ ਤੇ ਵਾਰ-ਵਾਰ ਖੜਕਾਉਣ ਦੇ ਬਾਵਜੂਦ ਦਰਵਾਜਾ ਨਹੀਂ ਖੁੱਲ੍ਹਿਆ ਤਾਂ ਉਸ ਨੇ ਰੌਲਾ ਪਾਇਆ। ਕਿਸੇ ਤਰ੍ਹਾਂ ਉਹ ਫਲੈਟ ਦੇ ਅੰਦਰ ਜਾਣ 'ਚ ਕਾਮਯਾਬ ਰਹੀ। ਅੰਦਰ ਜਾ ਕੇ ਦੇਖਿਆ ਤਾਂ ਨਿਤਿਨ ਪੱਖੇ ਨਾਲ ਲਟਕਿਆ ਹੋਇਆ ਸੀ। ਨਿਤਿਨ ਦੀ ਹਾਲਤ ਨੂੰ ਦੇਖਦੇ ਹੋਏ ਉਸ ਨੂੰ ਹਸਪਤਾਲ ਲਿਜਾਇਆ ਗਿਆ। ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲਸ ਅਧਿਕਾਰੀਆਂ ਮੁਤਾਬਕ ਮਾਮਲਾ ਦਰਜ ਕਰ ਲਿਆ ਗਿਆ ਹੈ। ਅਗਲੇਰੀ ਜਾਂਚ ਕੀਤੀ ਜਾ ਰਹੀ ਹੈ। ਨਿਤਿਨ ਦਾ ਪਰਿਵਾਰ ਸਦਮੇ ਵਿੱਚ ਹੈ।

## ਔਰਤ ਨੇ ਤਾਂਤਰਿਕ 'ਤੇ ਕੀਤਾ ਅੰਨ੍ਹਾ ਵਿਸ਼ਵਾਸ, ਫਿਰ ਹੋਇਆ ਉਹ ਜੋ ਸੋਚਿਆ ਨਾ ਸੀ

ਜਲੰਧਰ 27 ਨਵੰਬਰ। ਜਲੰਧਰ ਦੇ ਇਕ ਇਲਾਕੇ ਵਿਚ ਝਾੜ-ਫੂਕ ਦੇ ਨਾਂ 'ਤੇ ਦਰਿੰਦਗੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਦਰਅਸਲ ਜਲੰਧਰ ਦੇ ਇਕ ਇਲਾਕੇ ਵਿਚ ਤਾਂਤਰਿਕ ਕੋਲ ਫਾਂਡਾ ਕਰਵਾਉਣ ਗਈ ਬੀਮਾਰ ਔਰਤ ਨੂੰ ਨਸ਼ੇ ਵਾਲੀ ਚੀਜ ਸੁੰਘਾ ਬੇਹੋਸ਼ ਕਰਕੇ ਬਾਬੇ ਨੇ ਉਸ ਨਾਲ ਗੈਰ-ਕੁਦਰਤੀ ਸੈਕਸ ਕੀਤਾ। ਥਾਣਾ ਨੰਬਰ 5 ਨੇ ਮੁਲਜਮ ਤਾਂਤਰਿਕ ਸਰਫਰਾਜ ਖ?ਿਲਾਫ ਕੇਸ ਦਰਜ ਕਰ ਲਿਆ ਹੈ। ਪੀੜਤਾ ਨੇ ਦੱਸਿਆ ਕਿ ਉਹ ਕਾਫੀ ਸਮੇਂ ਤੋਂ ਬੀਮਾਰ ਚੱਲ ਰਹੀ ਸੀ। ਕਿਸੇ ਨੇ ਦੱਸਿਆ ਕਿ ਤਾਂਤਰਿਕ ਸਰਫਰਾਜ ਫਾਂਡਾ ਕਰਕੇ ਬੀਮਾਰੀ ਠੀਕ ਕਰਦਾ ਹੈ। 6 ਨਵੰਬਰ ਨੂੰ ਉਹ ਉਸ ਕੋਲ ਗਈ, ਜਿਸ ਨੇ ਨਹਿਰ ਦੇ ਕੰਢੇ ਉਸ ਨੂੰ ਇਕ ਤਵੀਤ ਬੰਨ੍ਹਣ ਨੂੰ ਕਿਹਾ। ਰਾਤ ਲਗਭਗ 9 ਵਜੇ ਤਾਂਤਰਿਕ ਨੇ ਔਰਤ ਦੇ ਪਤੀ ਨੂੰ ਕਮਰੇ ਦੇ ਬਾਹਰ ਰੁਕਣ ਦਾ ਕਹਿ ਕੇ ਔਰਤ ਨੂੰ ਕਮਰੇ 'ਚ ਲਿਜਾ ਕੇ ਬੇਹੋਸ਼ ਕਰ ਦਿੱਤਾ। ਇਸ ਦੌਰਾਨ ਸਰਫਰਾਜ ਨੇ ਉਸ ਨਾਲ ਗੈਰ-ਕੁਦਰਤੀ ਸੈਕਸ ਕੀਤਾ। ਕਾਫੀ ਸਮਾਂ ਲੱਗਣ 'ਤੇ ਔਰਤ ਦੇ ਪਤੀ ਨੇ ਦਰਵਾਜਾ ਖੜਕਾਉਣਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਤਾਂਤਰਿਕ ਨੇ ਕੱਪੜੇ ਪਾਉਣੇ ਸ਼ੁਰੂ ਕਰ ਦਿੱਤੇ। ਜਿਵੇਂ ਹੀ ਪੀੜਤਾ ਦਾ ਪਤੀ ਦਰਵਾਜਾ ਤੋੜ ਕੇ ਅੰਦਰ ਦਾਖਲ ਹੋਇਆ ਤਾਂ ਤਾਂਤਰਿਕ ਉਸ ਨੂੰ ਧੱਕਾ ਮਾਰ ਕੇ ਮੌਕੇ ਤੋਂ ਫਰਾਰ ਹੋ ਗਿਆ। ਪੀੜਤਾ ਨੇ ਇਸ ਸਬੰਧੀ ਥਾਣਾ ਨੰਬਰ 5 ਦੀ ਪੁਲਸ ਨੂੰ ਸ਼ਿਕਾਇਤ ਦਿੱਤੀ ਹੈ। ਪੁਲਸ ਨੇ ਔਰਤ ਦੇ ਬਿਆਨਾਂ 'ਤੇ ਤਾਂਤਰਿਕ ਸਰਫਰਾਜ ਖ?ਿਲਾਫ ਕੇਸ ਦਰਜ ਕਰ ਲਿਆ ਹੈ। ਪੁਲਸ ਦਾ ਕਹਿਣਾ ਹੈ ਕਿ ਜਲਦ ਹੀ ਮੁਲਜਮ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

## ਭਾਰਤੀ ਰੇਲਵੇ ਨੇ ਬਣਾਇਆ ਨਵਾਂ ਰਿਕਾਰਡ, ਇੱਕ ਦਿਨ 'ਚ 3 ਕਰੋੜ ਤੋਂ ਵੱਧ ਯਾਤਰੀਆਂ ਨੇ ਟਰੇਨ ਰਾਹੀਂ ਕੀਤਾ ਸਫਰ

ਨਵੀਂ ਦਿੱਲੀ 27 ਨਵੰਬਰ। ਭਾਰਤੀ ਰੇਲਵੇ ਨੇ ਇੱਕ ਨਵਾਂ ਰਿਕਾਰਡ ਬਣਾਇਆ ਹੈ। ਰੇਲ ਮੰਤਰਾਲਾ ਦੇ ਇੱਕ ਤਾਜਾ ਬਿਆਨ ਦੇ ਅਨੁਸਾਰ, 4 ਨਵੰਬਰ 2024 ਨੂੰ 3 ਕਰੋੜ ਤੋਂ ਵੱਧ ਯਾਤਰੀਆਂ ਨੇ ਟਰੇਨ ਰਾਹੀਂ ਯਾਤਰਾ ਕੀਤੀ। ਯਾਤਰੀਆਂ ਦੀ ਇਹ ਗਿਣਤੀ ਭਾਰਤੀ ਰੇਲਵੇ ਲਈ ਨਵਾਂ ਰਿਕਾਰਡ ਬਣਾਉਣ ਲਈ ਮਹੱਤਵਪੂਰਨ ਹੈ। ਮੰਤਰਾਲਾ ਨੇ ਇਸ ਨੂੰ ਦੇਸ ਦੇ ਟਰਾਂਸਪੋਰਟ ਇਤਿਹਾਸ ਵਿੱਚ ਇਤਿਹਾਸਕ ਪ੍ਰਾਪਤੀ ਦੱਸਿਆ ਹੈ। ਜਾਣਕਾਰੀ ਮੁਤਾਬਕ 4 ਨਵੰਬਰ ਨੂੰ ਭਾਰਤੀ ਰੇਲ ਰਾਹੀਂ 120.72 ਲੱਖ ਨੋਨ-ਸਬਅਰਬਨ ਯਾਤਰੀਆਂ ਨੇ ਸਫਰ ਕੀਤਾ, ਜਿਸ 'ਚ 19.43 ਲੱਖ ਰਿਜਰਵਡ ਯਾਤਰੀ ਅਤੇ 101.29 ਲੱਖ ਗੈਰ-ਰਿਜਰਵ ਯਾਤਰੀ ਸਾਮਲ ਸਨ। ਇਸ ਤੋਂ ਇਲਾਵਾ 180 ਲੱਖ ਸਬਅਰਬਨ ਯਾਤਰੀ ਸਨ, ਜੋ 2024 ਵਿਚ ਇਕ ਦਿਨ ਵਿਚ ਯਾਤਰੀਆਂ ਦੀ ਸਭ ਤੋਂ ਵੱਧ ਗਿਣਤੀ ਸੀ। ਇਸ ਦਿਨ ਕੁੱਲ ਯਾਤਰੀ ਟ੍ਰੈਫਿਕ 3 ਕਰੋੜ ਤੋਂ ਉੱਪਰ ਪਹੁੰਚ ਗਿਆ, ਜਿਸ ਨੇ ਨਵਾਂ ਮਾਪਦੰਡ ਸਥਾਪਤ ਕੀਤਾ। ਮੰਤਰਾਲਾ ਦੇ ਅਨੁਸਾਰ, 1 ਅਕਤੂਬਰ ਤੋਂ 5 ਨਵੰਬਰ ਤੱਕ ਲਗਭਗ 6.85 ਕਰੋੜ ਯਾਤਰੀਆਂ ਨੇ ਭਾਰਤੀ ਰੇਲਵੇ ਵਿੱਚ ਬਿਹਾਰ, ਪੂਰਬੀ ਉੱਤਰ ਪ੍ਰਦੇਸ ਅਤੇ ਝਾਰਖੰਡ ਲਈ ਨਿਰਧਾਰਤ ਟ੍ਰੇਨਾਂ ਰਾਹੀਂ ਯਾਤਰਾ ਕੀਤੀ। ਯਾਤਰੀਆਂ ਦੀ ਇਹ ਪ੍ਰਭਾਵਸਾਲੀ ਸੰਖਿਆ ਆਸਟ੍ਰੇਲੀਆ ਅਤੇ ਨਿਊਜੀਲੈਂਡ ਵਰਗੇ ਦੇਸਾਂ ਦੀ ਸੰਯੁਕਤ ਆਬਾਦੀ ਤੋਂ ਵੀ ਵੱਧ ਹੈ। ਤਿਉਹਾਰਾਂ ਦੇ ਸੀਜਨ ਦੌਰਾਨ ਯਾਤਰੀਆਂ ਦੀ ਭਾਰੀ ਭੀੜ ਦੇ ਮੱਦੇਨਜਰ, ਭਾਰਤੀ ਰੇਲਵੇ ਨੇ ਵਾਧੂ ਰੇਲ ਸੇਵਾਵਾਂ ਪ੍ਰਦਾਨ ਕੀਤੀਆਂ। 1 ਅਕਤੂਬਰ ਤੋਂ 5 ਨਵੰਬਰ ਦੇ ਵਿਚਕਾਰ, ਰੇਲਵੇ ਨੇ 4,521 ਵਿਸੇਸ ਟਰੇਨਾਂ ਚਲਾਈਆਂ। ਇਨ੍ਹਾਂ ਵਿਸੇਸ ਟਰੇਨਾਂ ਦਾ ਉਦੇਸ



ਤਿਉਹਾਰਾਂ ਦੌਰਾਨ ਯਾਤਰੀਆਂ ਨੂੰ ਆਰਾਮਦਾਇਕ ਅਤੇ ਨਿਰਵਿਘਨ ਯਾਤਰਾ ਪ੍ਰਦਾਨ ਕਰਨਾ ਸੀ।

## ਟਰੇਨ ਯਾਤਰੀਆਂ ਨੂੰ ਵੱਡਾ ਝਟਕਾ, 48 ਰੇਲ ਗੱਡੀਆਂ 3 ਮਹੀਨੇ ਤੱਕ ਰੱਦ

ਨੈਸਨਲ ਡੈਸਕ 27 ਨਵੰਬਰ। ਭਾਰਤੀ ਮੌਸਮ ਵਿਭਾਗ () ਨੇ 15 ਨਵੰਬਰ ਤੋਂ ਬਾਅਦ ਠੰਡ ਵਧਣ ਅਤੇ 21 ਨਵੰਬਰ ਤੋਂ ਸੰਘਣੀ ਧੁੰਦ ਪੈਣ ਦੀ ਭਵਿੱਖਬਾਣੀ ਕੀਤੀ ਹੈ। ਇਸ ਚਿਤਾਵਨੀ ਤੋਂ ਬਾਅਦ ਭਾਰਤੀ ਰੇਲਵੇ ਨੇ ਦਸੰਬਰ 2024 ਤੋਂ ਫਰਵਰੀ 2025 ਤੱਕ ਉਤਰਾਖੰਡ ਦੀਆਂ ਕਈ ਰੇਲ ਗੱਡੀਆਂ ਨੂੰ ਰੱਦ ਕਰਨ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਘੱਟ ਵਿਜੀਬਿਲਟੀ ਅਤੇ ਧੁੰਦ ਕਾਰਨ ਹਾਦਸਿਆਂ ਦੀ ਸੰਭਾਵਨਾ ਨੂੰ ਦੇਖਦੇ ਹੋਏ ਲਿਆ ਗਿਆ ਹੈ। ਮੀਡੀਆ ਰਿਪੋਰਟਾਂ ਦੇ ਅਨੁਸਾਰ, ਸਰਦੀਆਂ 'ਚ ਧੁੰਦ ਕਾਰਨ ਰੇਲ ਗੱਡੀਆਂ ਦੀ ਆਵਾਜਾਈ 'ਚ ਸੰਭਾਵਿਤ ਮੁਸਕਲਾਂ ਦੇ




ਮੱਦੇਨਜਰ, ਉੱਤਰੀ ਰੇਲਵੇ ਨੇ ਦੇਹਰਾਦੂਨ, ਰਿਸੀਕੇਸ, ਹਰਿਦੁਆਰ, ਕਾਠਗੋਦਾਮ ਅਤੇ ਲਾਲਕੁਆਨ ਵਰਗੇ ਸਟੇਸਨਾਂ ਤੋਂ ਚੱਲਣ ਵਾਲੀਆਂ 20 ਪ੍ਰਮੁੱਖ ਟਰੇਨਾਂ ਨੂੰ ਰੱਦ ਕਰ ਦਿੱਤਾ ਹੈ। ਦੇਹਰਾਦੂਨ ਸਟੇਸਨ ਦੇ ਸੁਪਰਡੈਂਟ ਰਵਿੰਦਰ ਕੁਮਾਰ ਨੇ ਦੱਸਿਆ ਕਿ ਹਾਵੜਾ-ਦੇਹਰਾਦੂਨ ਉਪਾਸਨਾ ਐਕਸਪ੍ਰੈੱਸ (12327/28) ਅਤੇ ਵਾਰਾਣਸੀ-ਦੇਹਰਾਦੂਨ ਜਨਤਾ ਐਕਸਪ੍ਰੈੱਸ (15119/20) 3 ਦਸੰਬਰ ਤੋਂ 1 ਮਾਰਚ 2025 ਤੱਕ ਰੱਦ ਰਹਿਣਗੀਆਂ। ਰੇਲ ਮੰਤਰਾਲਾ ਨੇ ਹਾਲ ਹੀ 'ਚ ਰੇਲ ਯਾਤਰਾ 'ਚ ਇਕ ਨਵੀਂ ਉਪਲੱਬਧੀ ਹਾਸਲ ਕੀਤੀ ਹੈ। 4 ਨਵੰਬਰ ਨੂੰ ਇਕ ਦਿਨ 'ਚ 3 ਕਰੋੜ ਤੋਂ ਵੱਧ ਯਾਤਰੀਆਂ ਨੇ ਭਾਰਤੀ ਰੇਲਵੇ 'ਚ ਸਫਰ ਕੀਤਾ। ਇਸ ਵਾਰ 1 ਅਕਤੂਬਰ ਤੋਂ 5 ਨਵੰਬਰ ਤੱਕ 4521 ਸਪੈਸਲ ਟਰੇਨਾਂ ਚਲਾਈਆਂ ਗਈਆਂ, ਜਦੋਂ ਕਿ ਤਿਉਹਾਰਾਂ ਦੇ ਸੀਜਨ 'ਚ 7724 ਸਪੈਸਲ ਟਰੇਨਾਂ ਚਲਾ ਕੇ ਪਿਛਲੇ ਸਾਲ ਦੇ ਮੁਕਾਬਲੇ 73 ਫੀਸਦੀ ਜ?ਿਆਦਾ ਸਪੈਸਲ ਟਰੇਨਾਂ ਮੁਹੱਈਆ ਕਰਵਾਈਆਂ ਗਈਆਂ। ਇਨ੍ਹਾਂ 'ਚੋਂ ਬਿਹਾਰ, ਪੂਰਬੀ ਉੱਤਰ ਪ੍ਰਦੇਸ਼ ਅਤੇ ਝਾਰਖੰਡ ਦੇ 6.85 ਕਰੋੜ ਯਾਤਰੀਆਂ ਨੇ ਸਫਰ ਕੀਤਾ। ਰੇਲ ਮੰਤਰਾਲਾ ਦਾ ਇਹ ਫੈਸਲਾ ਸਰਦੀਆਂ ਦੌਰਾਨ ਯਾਤਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਉਦੇਸ ਨਾਲ ਲਿਆ ਗਿਆ ਹੈ।

## ਵਿਦਿਆਰਥੀ ਨੂੰ ਲੋਹੇ ਦੀ ਵਸਤੂ ਨਾਲ ਦਾਗਿਆ, ਮਦਰਸਾ ਟੀਚਰ ਗ੍ਰਿਫਤਾਰ

ਨੈਸ਼ਨਲ ਡੈਸਕ 27 ਨਵੰਬਰ। ਇਕ ਵਿਦਿਆਰਥੀ ਨੂੰ ਲੋਹੇ ਦੀ ਵਸਤੂ ਨਾਲ ਦਾਗਣ ਨੂੰ ਲੈ ਕੇ ਇਕ ਮਦਰਸਾ ਅਧਿਆਪਕ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਸ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਇਹ ਮਾਮਲਾ ਕੇਰਲ ਦੇ ਕਨੂੰਰ ਜ?ਿਲ੍ਹੇ ਦਾ ਹੈ। ਪੁਲਸ ਨੇ ਦੱਸਿਆ ਕਿ ਗੁਆਂਢੀ ਮਲਪੁਰਮ ਜ?ਿਲ੍ਹਾ ਸਥਿਤ ਤਨੂਰ ਦੇ ਰਹਿਣ ਵਾਲੇ ਉਮਰ ਅਸ਼ਰਫੀ 'ਤੇ ਇਹ ਵੀ ਦੋਸ਼ ਹੈ ਕਿ ਉਸ ਨੇ ਵਿਦਿਆਰਥੀ ਦੇ ਗੁਪਤ ਅੰਗ 'ਚ ਮਿਰਚ ਪਾਊਡਰ ਪਾਇਆ। ਪੁਲਸ ਨੇ ਦੱਸਿਆ ਕਿ ਮਦਰਸਾ ਅਧਿਆਪਕ ਨੇ ਉਸ ਦੀ ਆਗਿਆ ਦੀ ਉਲੰਘਣਾ ਕੀਤੇ ਜਾਣ 'ਤੇ ਇਹ ਬੇਰਹਿਮੀ ਕੀਤੀ। ਹਾਲ 'ਚ ਇਸ ਸੰਬੰਧ 'ਚ ਵਿਦਿਆਰਥੀ ਵਲੋਂ ਪੁਲਸ 'ਚ ਸ਼ਿਕਾਇਤ ਦਾਇਰ ਕੀਤੇ ਜਾਣ ਤੋਂ ਬਾਅਦ ਦੋਸ਼ੀ ਅਧਿਆਪਕ ਰਾਜ ਤੋਂ ਫਰਾਰ ਹੋ ਗਿਆ ਅਤੇ ਉਹ ਕਰਨਾਟਕ ਅਤੇ ਤਾਮਿਲਨਾਡੂ 'ਚ ਵੱਖ-ਵੱਖ ਸਥਾਨਾਂ 'ਤੇ ਲੁੱਕ ਕੇ ਰਹਿ ਰਿਹਾ ਸੀ। ਪੁਲਸ ਨੂੰ ਵੀਰਵਾਰ ਨੂੰ ਇਹ ਗੁਪਤ ਸੂਚਨਾ ਮਿਲੀ ਸੀ ਕਿ ਦੋਸ਼ੀ ਅਧਿਆਪਕ ਤਾਮਿਲਨਾਡੂ ਦੇ ਕੋਇੰਬਟੂਰ ਤੋਂ ਆਪਣੇ ਗ੍ਰਹਿ ਜ?ਿਲ੍ਹੇ 'ਚ ਆ ਰਿਹਾ ਹੈ, ਜਿਸ ਤੋਂ ਬਾਅਦ ਇਕ ਟੀਮ ਤਨੂਰ ਪਹੁੰਚੀ ਅਤੇ ਉਸ ਦੇ ਆਉਣ ਦਾ ਇੰਤਜਾਰ ਕੀਤਾ। ਹਾਲਾਂਕਿ ਪੁਲਸ ਨੂੰ ਦੇਖ ਕੇ ਅਸ਼ਰਫੀ ਦੌੜਣ ਦੀ ਕੋਸ਼ਿਸ਼ ਕਰਨ ਲੱਗਾ ਪਰ ਉਸ ਨੂੰ ਫੜ ਲਿਆ ਗਿਆ। ਕਨੰਵਮ ਪੁਲਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਅਤੇ ਭਾਰਤੀ ਨਿਆਂ ਸੰਹਿਤਾ (ਬੀਐੱਨਐੱਸ) ਦੀਆਂ ਸੰਬੰਧਤ ਧਾਰਾਵਾਂ ਦੇ ਅਧੀਨ ਉਸ ਖ?ਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਨੇ ਦੱਸਿਆ ਕਿ ਅਸ਼ਰਫੀ ਨੂੰ ਇੱਥੇ ਇਕ ਅਦਾਲਤ 'ਚ ਪੇਸ਼ ਕੀਤਾ ਗਿਆ, ਜਿਸ ਨੇ ਉਸ ਨੂੰ ਸ਼ੁੱਕਰਵਾਰ ਨੂੰ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ।


**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**

I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**

I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**

I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.



ਦਿੱਲੀ ਸਰਕਾਰ
ਆਪ ਦੀ ਸਰਕਾਰ

ਦਿੱਲੀ ਸਰਕਾਰ
ਆਪ ਦੀ ਸਰਕਾਰ

ਕ੍ਰਿਪਾ ਧਿਆਨ ਦਿਓ।

ਸਰਿਤਾ ਵਿਹਾਰ ਫਲਾਈਓਵਰ 'ਤੇ ਲੋਕ ਨਿਰਮਾਣ ਵਿਭਾਗ ਵਲੋਂ ਮੁਰੰਮਤ ਕਾਰਜ ਕੀਤਾ ਜਾਣਾ ਹੈ।



ਬਦਰਪੁਰ ਤੋਂ ਆਸ਼ਰਮ (ਸ਼੍ਰੇਸ਼ ਅੱਧਾ ਕੈਰਿਜਵੇ) ਮਿਤੀ 15.11.2024 ਤੋਂ 29.11.2024 ਬੰਦ ਰਹੇਗਾ।

ਯਾਤ੍ਰੀਆਂ ਨੂੰ ਅਸੁਵਿਧਾ ਤੋਂ ਬਚਣ ਦੇ ਲਈ ਵੈਕਲਪਿਕ ਮਾਰਗਾਂ ਦਾ ਉਪਯੋਗ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ

ਰੂਟ ਡਾਇਵਰਜ਼ਨ ਪਲਾਨ (ਫੇਜ਼-4)




SARITA VIHAR FLYOVER

ਸਰਿਤਾ ਵਿਹਾਰ ਫਲਾਈਓਵਰ

DIP/Shabdarth/Classified/0213/24-25



**NAME CHANGE**

I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**

I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**

I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**

I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**

I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**

I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**

I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**

I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

**NAME CHANGE**

I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**

I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**

I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**

I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**

I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**

MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH
EX.MALL, SECTOR-9,
ROHINI, NEW DELHI



# ਸੋਹਣੀ ਆਪ ਡੁੱਬੀ ਰੂਹ ਤਰਦੀ

ਸੋਹਣੀ ਮਹੀਂਵਾਲ ਦੇ ਦੁਖਾਂਤ ਤੋਂ ਭਲਾ ਕਿਹੜਾ ਪੰਜਾਬੀ ਜਾਣੂੰ ਨਹੀਂ? ਇਸ ਪ੍ਰੀਤ ਕਥਾ ਨੂੰ ਪੰਜਾਬੀ ਬੜੀਆਂ ਲਟਕਾਂ ਨਾਲ ਗਾਉਂਦੇ ਹਨ। ਬਲਖ ਬੁਖਾਰੇ ਦੇ ਇਕ ਅਮੀਰ ਮਿਰਜ਼ਾ ਅਲੀ ਦਾ ਨੌਜਵਾਨ ਪੁੱਤਰ ਇਜ਼ਤ ਬੇਗ ਪੰਜਾਬ ਵਿਚ ਵਪਾਰ ਕਰਨ ਦੀ ਨੀਅਤ ਨਾਲ ਆਇਆ। ਉਹ ਗੁਜਰਾਤ ਦੇ ਇਕ ਘੁਮਿਆਰ ਤੁਲੇ ਦੀ ਧੀ ਸੋਹਣੀ 'ਤੇ ਫ਼ਿਦਾ ਹੋ ਗਿਆ। ਉਹਨੇ ਸੋਹਣੀ ਦੀ ਖ਼ਾਤਰ ਗੁਜਰਾਤ ਵਿਚ ਹੀ ਇਕ ਭਾਂਡਿਆਂ ਦੀ ਦੁਕਾਨ ਪਾ ਲਈ। ਉਹ ਹਰ ਰੋਜ਼ ਸੋਹਣੀ ਨੂੰ ਤੱਕਣ ਲਈ ਭਾਂਡੇ ਖ਼ਰੀਦਣ ਦੇ ਪੱਜ ਤੁਲੇ ਦੀ ਹੱਟੀ 'ਤੇ ਜਾਂਦਾ। ਆਖਰ ਵਪਾਰ ਵਿਚ ਇਜ਼ਤ ਬੇਗ ਨੂੰ ਐਨਾ ਘਾਟਾ ਪੈ ਗਿਆ ਕਿ ਉਸ ਨੂੰ ਮਜਬੂਰ ਹੋ ਕੇ ਤੁਲੇ ਦੇ ਘਰ ਹੀ ਮੱਝਾਂ ਚਾਰਨ ਦੀ ਨੌਕਰੀ ਕਰਨੀ ਪੈ ਗਈ। ਉਹ ਹਰ ਰੋਜ਼ ਮੱਝੀਆਂ ਚਾਰਨ ਜਾਂਦਾ ਮਗਰੇ ਸੋਹਣੀ ਭੱਤਾ ਲੈ ਟੁਰਦੀ। ਇਜ਼ਤ ਬੇਗ ਤੋਂ ਉਹ ਹੁਣ ਮਹੀਂਵਾਲ ਬਣ ਗਿਆ ਸੀ।

ਸੋਹਣੀ ਮਹੀਂਵਾਲ ਦੀ ਹੋ ਗਈ। ਦੋਹਾਂ ਦਾ ਪਿਆਰ ਦਿਨੋਂ ਦਿਨ ਗੂੜ੍ਹਾ ਹੁੰਦਾ ਗਿਆ। ਪਰ ਇਨ੍ਹਾਂ ਦੇ ਪਿਆਰ ਨੂੰ, ਹੋਰਨਾਂ ਆਸ਼ਕਾਂ ਵਾਂਗ, ਸਮਾਜ ਨੇ, ਜਰਿਆ ਨਾ। ਲੋਕਾਂ ਨੇ ਸੋਹਣੀ ਦੇ ਮਾਂ ਬਾਪ ਪਾਸ ਇਨ੍ਹਾਂ ਦੇ ਪਿਆਰ ਬਾਰੇ ਸ਼ਕਾਇਤਾਂ ਕੀਤੀਆਂ। ਉਲਾਂਭੇ ਦਿੱਤੇ। ਮਹੀਂਵਾਲ ਨੂੰ ਨੌਕਰੀਉਂ ਜਵਾਬ ਮਿਲ ਗਿਆ ਅਤੇ ਸੋਹਣੀ ਨੂੰ ਉਨ੍ਹਾਂ ਗੁਜਰਾਤ ਦੇ ਇਕ ਹੋਰ ਮੁੰਡੇ ਨਾਲ ਵਿਆਹ ਦਿੱਤਾ।

ਸੋਹਣੀ, ਮਹੀਂਵਾਲ ਲਈ ਤੜਫਦੀ ਰਹੀ। ਮਹੀਂਵਾਲ ਸੋਹਣੀ ਦੇ ਵੈਰਾਗ ਵਿਚ ਹੰਝੂ ਕੇਰਦਾ ਰਿਹਾ। ਝੂਠੀ ਲੋਕ ਲਾਜ ਨੇ ਦੋ ਪਿਆਰੇ ਵਿਛੋੜ ਦਿੱਤੇ, ਦੋ ਰੂਹਾਂ ਘਾਇਲ ਕਰ ਦਿੱਤੀਆਂ।

ਇਜ਼ਤ ਬੇਗੋਂ ਮਹੀਂਵਾਲ ਬਣਿਆ ਮਹੀਂਵਾਲ ਮਹੀਂਵਾਲੋਂ ਫ਼ਕੀਰ ਬਣ ਗਿਆ ਅਤੇ ਗੁਜਰਾਤ ਤੋਂ ਵਜ਼ੀਰਾਬਾਦ ਦੇ ਪਾਸੇ ਇਕ ਮੀਲ ਦੀ ਦੂਰੀ 'ਤੇ ਝਨਾਅ ਦਰਿਆ ਦੇ ਪਾਰਲੇ ਕੰਢੇ ਝੁੱਗੀ ਜਾ ਪਾਈ।

ਸੋਹਣੀ ਆਪਣੇ ਸਹੁਰਿਆਂ ਦੇ ਘਰੋਂ ਰਾਤ ਸਮੇਂ ਚੋਰੀ ਮਹੀਂਵਾਲ ਨੂੰ ਮਿਲਣ ਲਈ ਦਰਿਆ ਕੰਢੇ 'ਤੇ ਪੁੱਜ ਜਾਂਦੀ। ਮਹੀਂਵਾਲ ਦਰਿਆ ਪਾਰ ਕਰ ਕੇ ਉਸ ਨੂੰ ਆਣ ਮਿਲਦਾ। ਉਹ ਆਪਣੇ ਨਾਲ ਮੱਛੀ ਦਾ ਮਾਸ ਲਈ ਆਉਂਦਾ। ਕਿਹਾ ਜਾਂਦਾ ਹੈ ਕਿ ਇਕ ਦਿਨ ਮਹੀਂਵਾਲ ਨੂੰ ਮੱਛੀਆਂ ਨਾ ਮਿਲੀਆਂ, ਉਹਨੇ ਆਪਣਾ ਪੱਟ ਚੀਰ ਕੇ ਕਬਾਬ ਬਣਾ ਲਿਆ। ਸੋਹਣੀ ਉਸ ਦਿਨ ਤੋਂ ਦਰਿਆ ਪਾਰ ਕਰ ਕੇ ਆਪਣੇ ਮਹੀਂਵਾਲ ਦੀ ਝੁੱਗੀ ਵਿਚ ਜਾਣ ਲੱਗ ਪਈ। ਸੋਹਣੀ ਦੀ ਸੱਸ ਨੂੰ ਉਹਦੇ ਰਾਤ ਸਮੇਂ ਘੜੇ ਰਾਹੀਂ ਦਰਿਆ ਪਾਰ ਕਰ ਕੇ ਜਾਣ ਦਾ ਪਤਾ ਲੱਗ ਗਿਆ। ਇਕ ਰਾਤ ਉਨ੍ਹਾਂ ਪੱਕੇ ਘੜੇ ਦੀ ਥਾਂ ਕੱਚਾ ਘੜਾ ਰੱਖ ਦਿੱਤਾ। ਸੋਹਣੀ ਕੱਚੇ ਘੜੇ ਸਮੇਤ ਤੂਫ਼ਾਨੀ ਦਰਿਆ ਵਿਚ ਠਿਲ੍ਹ ਪਈ।

ਘੜਾ ਖੁਰ ਗਿਆ ਤੇ ਸੋਹਣੀ ਅੱਧ ਵਿਚਕਾਰ ਡੁੱਬ ਮੋਈ। ਮਹੀਂਵਾਲ ਨੇ ਡੁਬਦੀ ਸੋਹਣੀ ਦੀ ਚੀਕ ਸੁਣੀ ਅਤੇ ਆਪ ਵੀ ਮਗਰੇ ਛਾਲ ਮਾਰ ਦਿੱਤੀ। ਦੋਵੇਂ ਪਿਆਰੇ ਝਨਾਂ ਦੀਆਂ ਤੂਫ਼ਾਨੀ ਲਹਿਰਾਂ ਵਿਚ ਰੁੜ੍ਹ ਗਏ..

ਪੰਜਾਬ ਦੀ ਗੋਰੀ ਇਸ ਪ੍ਰੀਤ ਕਥਾ ਨੂੰ ਆਪਣੇ ਲੋਕ ਗੀਤਾਂ ਵਿਚ ਇਸ ਪ੍ਰਕਾਰ ਗਾਉਂਦੀ ਹੈ :

ਗੋਰੀ ਹਾਰ ਸ਼ਿੰਗਾਰ ਲਗਾ ਕੇ ਗਿੱਧੇ ਵਿਚ ਪੁੱਜ ਜਾਂਦੀ ਹੈ। ਉਹਦਾ ਨੱਚਦੀ ਦਾ ਚਾਅ ਝੱਲਿਆ ਨੀ ਜਾਂਦਾ, ਹਰ ਪਾਸੇ ਉਹਨੂੰ ਆਪਣਾ ਮਹੀਂਵਾਲ ਹੀ ਨਜ਼ਰ ਆਉਂਦਾ ਹੈ :

ਨ੍ਹਾਵੇ ਧੋਵੇ ਸੋਹਣੀ ਪਹਿਨੇ ਪੁਸ਼ਾਕਾਂ
ਅਤਰ ਫੁਲੇਲ ਲਗਾਵੇ
ਗਿੱਧੇ ਵਿਚ ਉਹ ਹਸ-ਹਸ ਆਵੇ
ਮਹੀਂਵਾਲ-ਮਹੀਂਵਾਲ ਗਾਵੇ
ਸੋਹਣੀ ਦੀ ਠੋਡੀ ਤੇ-
ਮਛਲੀ ਹੁਲਾਰੇ ਖਾਵੇ

ਉਹ ਆਪਣੇ ਮਹੀਂਵਾਲ ਨੂੰ ਨਿਹੁੰ ਲਾਣ ਕਰਕੇ ਜਿਹੜੇ ਦੁੱਖ ਝਲਣੇ ਪੈਂਦੇ ਹਨ,

ਉਨ੍ਹਾਂ ਦੀ ਚੁਣੌਤੀ ਵੀ ਦੇ ਜਾਂਦੀ ਹੈ :

ਹਸਕੇ ਨਿਹੁੰ ਨ ਲਾਇਆ ਕਰ ਤੂੰ,
ਸੁਣ ਲੈ ਨਿਹੁੰ ਦੇ ਝੇੜੇ
ਕੱਚਾ ਭੂਤਨਾ ਬਣਕੇ ਚਿੰਬੜਦਾ,
ਨਿਹੁੰ ਨੂੰ ਜਿਹੜਾ ਛੇੜੇ
ਛੱਤੀ ਕੋਠੜੀਆਂ ਨੌ ਦਰਵਾਜ਼ੇ,
ਜਿੱਥੇ ਨਿਹੁੰ ਦੇ ਡੇਰੇ
ਸੋਹਣੀ ਪੁੱਛੇ ਮਹੀਂਵਾਲ ਨੂੰ-,
ਕੀ ਹਾਲ ਆ ਗਭਰੂਆ ਤੇਰੇ

ਮਹੀਂਵਾਲ ਨੂੰ ਵੀ ਆਪਣੀ ਸੋਹਣੀ ਦੀ ਸੂਰਤ ਪਿਆਰੀ-ਪਿਆਰੀ ਲਗਦੀ ਹੈ,

ਚੰਗੀ-ਚੰਗੀ ਲੱਗਦੀ ਹੈ :

ਮੱਥਾ ਤੇਰਾ ਚੌਰਸ ਖੂੰਜਾ,
ਜਿਉਂ ਮੱਕੀ ਦੇ ਕਿਆਰੇ
ਉਠ ਖੜ੍ਹ ਸੋਹਣੀਏਂ ਨੀ,
ਮਹੀਂਵਾਲ ਹਾਕਾਂ ਮਾਰੇ

ਉਹ ਉਸ ਨੂੰ ਜਦੋਂ ਹਸਦੀ ਵੇਖਦਾ ਹੈ ਤਾਂ ਉਹਦਾ ਮਨ ਖਿੜ ਜਾਂਦਾ ਹੈ। ਉਹਦੇ ਬੋਲ ਉਹਦੇ ਕੰਨਾਂ ਵਿਚ ਕੋਈ ਮਿਸ਼ਰੀ ਘੋਲ ਜਾਂਦੇ ਹਨ। ਉਹ ਸੁਆਦ-ਸੁਆਦ ਹੋਇਆ ਗਾ ਉਠਦਾ ਹੈ :

ਤੂੰ ਹੱਸਦੀ ਦਿਲ ਰਾਜ਼ੀ ਮੇਰਾ,
ਲਗਦੇ ਨੇ ਬੋਲ ਪਿਆਰੇ
ਚਲ ਕਿਧਰੇ ਦੋ ਗੱਲਾਂ ਕਰੀਏ,
ਬਹਿਕੇ ਨਦੀ ਕਿਨਾਰੇ
ਲੁਕ-ਲੁਕ ਲਾਈਆਂ ਪਰਗਟ ਹੋਈਆਂ,
ਬਜ ਗਏ ਢੋਲ ਨਗਾਰੇ
ਸੋਹਣੀਏਂ ਆ ਜਾ ਨੀ,
ਡੁੱਬਦਿਆਂ ਨੂੰ ਰੱਬ ਤਾਰੇ।

ਸੋਹਣੀ ਦੀ ਸੱਸ ਨੂੰ ਰਾਤ ਸਮੇਂ ਘੜੇ ਰਾਹੀਂ ਦਰਿਆ ਪਾਰ ਕਰ ਕੇ ਮਹੀਵਾਲ ਨੂੰ ਮਿਲਣ ਜਾਣ ਬਾਰੇ ਜਦੋਂ ਪਤਾ ਲੱਗ ਗਿਆ ਤਾਂ ਇਕ ਰਾਤ ਉਨ੍ਹਾਂ ਪੱਕੇ ਘੜੇ ਦੀ ਥਾਂ ਕੱਚਾ ਘੜਾ ਰੱਖ ਦਿੱਤਾ। ਸੋਹਣੀ ਕੱਚੇ ਘੜੇ ਸਮੇਤ ਤੂਫ਼ਾਨੀ ਦਰਿਆ ਵਿਚ ਠਿਲ੍ਹ ਪਈ...



• ਸੁਖਦੇਵ ਮਾਦਪੁਰੀ
94630-34472

ਉਹ ਮਹੀਂਵਾਲ ਦੇ ਪੱਟ ਚੀਰਨ ਦੀ ਘਟਨਾ ਨੂੰ ਬਿਆਨਦਾ ਹੋਇਆ ਆਪਣੇ ਆਪ ਨੂੰ ਮਹੀਂਵਾਲ ਸਮਝਦਾ ਹੈ :

ਮਹੀਂਵਾਲ ਨੇ ਕਰੀ ਤਿਆਰ,
ਮੋਢੇ ਜਾਲ ਟਕਾਇਆ
ਲੀੜੇ ਲਾਹ ਕੇ ਰੱਖੇ ਪੱਤਣ ਤੇ,
ਜਾਲ ਚੁਫੇਰੇ ਲਾਇਆ
ਅੱਗੇ ਤਾਂ ਮੱਛਲੀ ਸੌ-ਸੌ ਫਸਦੀ,
ਅੱਜ ਲੋਹੜਾ ਕੀ ਆਇਆ
ਯਾਰ ਮੇਰੇ ਨੇ ਮੰਗਣਾ ਗੋਸ਼ਤ,
ਮੈਨੂੰ ਨਹੀਂ ਥਿਆਇਆ
ਲੈ ਕੇ ਫਿਰ ਨਾਮ ਗੁਰਾਂ ਦਾ ,
ਚੀਰਾ ਪੱਟ ਨੂੰ ਲਾਇਆ
ਡੇਢ ਸੇਰ ਕੱਢ ਲਿਆ ਗੋਸ਼ਤ,
ਵਿਚ ਥਾਲ ਦੇ ਪਾਇਆ
ਲੈ ਕੇ ਮਹੀਂਵਾਲ ਤੁਰ ਪਿਆ,
ਕੋਲ ਸੋਹਣੀ ਦੇ ਆਇਆ
ਖਾਤਰ ਸੋਹਣੀ ਦੀ-,
ਪੱਟ ਚੀਰ ਕਬਾਬ ਬਣਾਇਆ।

ਪੰਜਾਬ ਦੀ ਗੋਰੀ ਸੋਹਣੀ ਦੇ ਕੱਚੇ ਘੜੇ 'ਤੇ ਦਰਿਆ ਨੂੰ ਪਾਰ ਕਰਨ ਦੇ ਬਿਰਤਾਂਤ ਨੂੰ ਬੜੇ ਦਰਦੀਲੇ ਸ਼ਬਦਾਂ ਨਾਲ ਬਿਆਨ ਕਰਦੀ ਹੈ। ਪੰਜਾਬਣਾਂ ਇਸ ਗੀਤ ਨੂੰ ਕਰੁਣਾਮਈ ਅੰਦਾਜ਼ ਵਿਚ ਗਾਉਂਦੀਆਂ ਹਨ। ਗਾਉਣ ਸਮੇਂ ਗਲਾ ਭਰ-ਭਰ ਆਉਂਦਾ ਹੈ ਤੇ ਅੱਖੀਆਂ ਸਿਮ-ਸਿਮ ਜਾਂਦੀਆਂ ਹਨ। ਮਹੀਂਵਾਲ ਦੀ ਪ੍ਰੀਤ ਕਹਾਣੀ ਨੈਣਾਂ ਅੱਗੇ ਲਟਕ-ਲਟਕ ਜਾਂਦੀ ਹੈ। ਸੁਣਨ ਵਾਲਿਆਂ ਦੇ ਕਲੇਜੇ ਧੂਹੇ ਜਾਂਦੇ ਹਨ। ਸੋਗਮਈ ਬੋਲ ਉਭਰਦੇ ਹਨ। ਸੰਨਾਟਾ ਛਾ ਜਾਂਦਾ ਹੈ। ਸਿਰਫ਼ ਗੀਤ ਦੇ ਦਰਦ ਵਿੰਨ੍ਹੇ ਬੋਲ ਸੁਣਾਈ ਦੇਂਦੇ ਹਨ :

ਕਿੱਕਰੇ ਨੀ ਕੰਡਿਆਲੀਏ, ਤੇਰੀ ਠੰਢੜੀ ਛਾਂ
ਲਗ-ਲਗ ਜਾਂਦੀਆਂ ਮਜਲਸਾਂ, ਬਹਿ-ਬਹਿ
ਜਾਣ ਦੀਵਾਨ
ਨੀਲੇ ਘੋੜੇ ਵਾਲਿਆ, ਘੋੜਾ ਸਹਿਜ ਦੁੜਾ
ਧਮਕ ਪਵੇ ਮੇਰੇ ਮਹਿਲ ਨੂੰ,
ਕਜਲ ਪਏ ਰਵਾਲ
ਬਾਰੀ ਵਿਚ ਖੜੋਤੀਏ, ਸ਼ੀਸ਼ਾ ਨਾ ਲਿਸ਼ਕਾ
ਕਹਿਰ ਪਵੇ ਤੇਰੇ ਰੂਪ ਨੂੰ,
ਗਿਆ ਕਲੇਜੇ ਨੂੰ ਖਾ
ਪੱਟੀਆਂ ਰੱਖ ਗੰਵਾ ਲਈਆਂ,
ਨੈਣ ਗੰਵਾ ਲਏ ਰੋ
ਏਸ ਜਵਾਨੀ ਦੇ ਹਾਣ ਦਾ, ਮਹਿਰਮ
ਮਿਲਿਆ ਨਾ ਕੋ
ਪੱਟੀਆਂ ਰਖ ਗੁੰਦਾਕੇ, ਨੈਣਾਂ ਨੂੰ ਸਮਝਾ
ਏਸ ਜਵਾਨੀ ਦੇ ਹਾਣ ਦਾ,
ਮਹਿਰਮ ਹੈ ਮਹੀਂਵਾਲ
ਬੇਟਾ ਵੇ ਸੁਣ ਮੇਰਿਆ, ਸੋਹਣੀ ਨੂੰ ਸਮਝਾ
ਤੈਨੂੰ ਸੁੱਤਾ ਛੋੜਕੇ, ਜਾਂਦੀ ਕੋਲ ਮਹੀਂਵਾਲ
ਮਾਏਂ ਨੀ ਸੁਣ ਮੇਰੀਏ, ਐਡੇ ਬੋਲ ਨਾ ਬੋਲ
ਦਿਨੇ ਕਢ੍ਹੇ ਕਸੀਦੜਾ, ਰਾਤੀ ਸੌਂਦੀ ਸਾਡੇ ਕੋਲ
ਨਾਰੀਆਂ ਚੰਚਲ ਹਾਰੀਆਂ, ਚੰਚਲ ਕੰਮ ਕਰਨ
ਦਿਨੇ ਡਰਨ ਥਰ ਥਰ ਕਰਨ,
ਰਾਤੀ ਨਦੀ ਤਰਨ
ਸੱਸ ਗਈ ਘੁਮਿਆਰ ਦੇ, ਕੱਚਾ ਘੜਾ ਪਥਾ
ਛੇਤੀ ਜਾ ਕੇ ਰੱਖਿਆ, ਉਸ ਬੂਝੇ ਲਾਗੇ ਜਾ
ਆ ਸੋਹਣੀ ਲੈ ਤੁਰ ਪਈ, ਠਿਲ੍ਹ ਪਈ ਦਰਿਆ
ਕੱਚਾ ਘੜਾ ਤੇ ਖੁਰ ਗਿਆ,
ਸੋਹਣੀ ਵੀ ਡੁੱਬੀ ਨਾਲ
ਮੱਛੀਓ ਨੀ ਜਲ ਰਹਿੰਦੀਓ,
ਵੱਢ-ਵੱਢ ਖਾਇਓ ਮਾਸ
ਇਕ ਨਾ ਖਾਵੇ ਨੈਣ ਅਸਾਡੜੇ,
ਸਾਨੂੰ ਅਜੇ ਮਿਲਣ ਦੀ ਆਸ
ਦੁੱਧੋਂ ਦਹੀਂ ਜਮਾਹਿਆ ਦਹੀਉਂ
ਬਣ ਗਈ ਛਾਹ,
ਅੱਜ ਨਹੀਂ ਸੋਹਣੀ ਆਂਵਦੀ
ਕਿਤੇ ਪੈ ਗਈ ਲੰਮੜੇ ਰਾਹ
ਦੁੱਧੋਂ ਦਹੀਂ ਜਮਾ ਲਿਆ,
ਦਹੀਉਂ ਬਣਿਆ ਪਨੀਰ
ਅੱਜ ਨਹੀਂ ਸੋਹਣੀ ਆਂਵਦੀ,
ਕਿਤੇ ਪੈ ਗਈ ਡੂੰਘੇ ਨੀਰ

ਗੀਤ ਦੇ ਬੋਲ ਸੋਗੀ 'ਵਾਵਾਂ ਵਿਚ ਗੰਮ ਹੋ ਜਾਂਦੇ ਹਨ। ਕਿਸੇ ਦੀ ਦ੍ਰਿੜਤਾ ਭਰੀ ਆਵਾਜ਼ ਉੱਭਰਦੀ ਹੈ :

ਰਾਤ ਹਨੇਰੀ ਲਿਸ਼ਕਣ ਤਾਰੇ,
ਕੱਚੇ ਘੜੇ ਤੇ ਮੈਂ ਤਰਦੀ
ਵੇਖੀਂ ਰੱਬਾ ਖੈਰ ਕਰੀਂ
ਤੇਰੀ ਆਸ ਤੇ ਮੂਲ ਨਾ ਡਰਦੀ

ਮੂੰਹ ਜ਼ੋਰ ਪਾਣੀਆਂ ਅੱਗੇ ਕੱਚਿਆਂ ਨੇ ਕਿੱਥੇ ਠਹਿਰਨਾ ਹੋਇਆ। ਘੜਾ ਅੱਧ ਵਿਚਕਾਰ ਹੀ ਖੁਰ ਗਿਆ ਤੇ ਸੋਹਣੀ ਆਪਣੀ ਵਫ਼ਾ ਨਿਭਾਉਂਦੀ ਹੋਈ ਆਪਣੀ-ਲਾਜ ਪਾਲ ਗਈ-

ਕੱਚੇ ਘੜੇ ਨੇ ਖੈਰ ਨਾ ਕੀਤੀ
ਡਾਢਾ ਜ਼ੁਲਮ ਕਮਾਇਆ
ਜਿੱਥੇ ਸੋਹਣੀ ਡੁੱਬ ਕੇ ਮਾਰੀ
ਉੱਥੇ ਮੱਛੀਆਂ ਨੇ ਘੇਰਾ ਪਾਇਆ

ਜਿਸ ਸਿਦਕ ਦਿਲੀ ਨਾਲ ਸੋਹਣੀ ਨੇ ਆਪਣੀ ਪ੍ਰੀਤ ਨਿਭਾਈ ਹੈ ਉਸ ਦੇ ਸਦਕੇ ਅੱਜ ਸਦੀਆਂ ਬੀਤਣ ਮਗਰੋਂ ਵੀ ਸੋਹਣੀ ਦੀ ਆਤਮਾ ਨੂੰ ਅੱਜ ਦੀ ਲੋਕ ਆਤਮਾ ਪ੍ਰਣਾਮ ਕਰਦੀ ਹੈ ਅਤੇ ਸਿਜਦੇ ਵਿਚ ਸਿਰ ਝੁਕਾਉਂਦੀ ਹੈ :

ਸੋਹਣੀ ਜਹੀ ਕਿਸੇ ਪ੍ਰੀਤ ਕੀ ਕਰਨੀ
ਉਹਦਾ ਪ੍ਰੀਤ ਵੀ ਪਾਣੀ ਭਰਦੀ
ਵਿਚ ਝਨਾਵਾਂ ਦੇ
ਸੋਹਣੀ ਆਪ ਡੁੱਬੀ ਰੂਹ ਤਰਦੀ

ਸ਼ਾਲਾ! ਜੁੱਗ-ਜੁੱਗ ਜਿਊਣ ਸੋਹਣੀਆਂ ਤੇ ਜਵਾਨੀਆਂ ਮਾਣਨ ਸਾਡੇ ਮਹੀਂਵਾਲ ! •



• ਹਿਮਾਂਸ਼ੂ ਵਿਦਿਆਰਥੀ
92175-2129

ਰੁੱਖ ਆਲੇ-ਦੁਆਲੇ ਨੂੰ ਖ਼ੁਸ਼ਹਾਲ ਬਣਾਉਣ ਤੋਂ ਇਲਾਵਾ ਸਾਨੂੰ ਜੀਵਨ ਰੂਪੀ ਆਕਸੀਜਨ ਵੀ ਦਿੰਦੇ ਹਨ। ਇਹ ਭੂਮੀ ਦੇ ਖੁਰਨ ਤੇ ਹਵਾ ਪ੍ਰਦੂਸ਼ਣ ਆਦਿ ਨੂੰ ਰੋਕਦੇ ਹਨ, ਜਿਸ ਨਾਲ ਕਈ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ...

# ਪੰਛੀ ਅਤੇ ਚੁਗਿਰਦਾ ਪ੍ਰੇਮੀ ਸੰਦੀਪ ਧੌਲਾ



ਧਰਤੀ ਉੱਪਰ ਸਭ ਤੋਂ ਸੋਝੀ ਵਾਲਾ ਮਨੁੱਖ ਹੀ ਮੰਨਿਆ ਗਿਆ ਹੈ ਪਰ ਇਸ ਦੀ ਜੇ ਸਮਝ ਦੀ ਗੱਲ ਕਰੀਏ ਤਾਂ ਸਿਰਫ਼ ਆਪਣੇ ਤਕ ਹੀ ਸੀਮਤ ਰਹਿ ਗਈ ਹੈ। ਇਸ ਦੇ ਨਿੱਜੀ ਸਵਾਰਥ ਦੀ ਗੱਲ ਕਰੀਏ ਤਾਂ ਇਸ ਨੇ ਕੁਦਰਤ ਨਾਲ ਛੇੜ ਛਾੜ ਕਰ ਕੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੀ ਹੋਂਦ ਖ਼ਤਰੇ ਵਿਚ ਪਾ ਦਿੱਤੀ ਹੈ। ਇਸ ਵੱਲੋਂ ਕੁਦਰਤ ਨਾਲ ਹੋਈ ਛੇੜਛਾੜ ਮੁੱਖ ਰੂਪ ਵਿਚ ਦਰੱਖ਼ਤਾਂ ਦੀ ਕਟਾਈ ਹੈ। ਪਿਛਲੇ ਸਮੇਂ ਦੌਰਾਨ ਮਨੁੱਖ ਦੁਆਰਾ ਹੋਏ ਵਿਕਾਸ ਨੇ ਵਾਤਾਵਰਨ ਨੂੰ ਕਾਫ਼ੀ ਪ੍ਰਭਾਵਿਤ ਕੀਤਾ ਹੈ । ਰੁੱਖ ਜੋ ਕਿ ਆਲੇ-ਦੁਆਲੇ ਨੂੰ ਖ਼ੁਸ਼ਹਾਲ ਬਣਾਉਣ ਤੋ ਇਲਾਵਾ ਸਾਨੂੰ ਜੀਵਨ ਰੂਪੀ ਆਕਸੀਜਨ ਵੀ ਦਿੰਦੇ ਹਨ। ਇਹ ਭੂਮੀ ਦੇ ਖੁਰਨ, ਹਵਾ ਪ੍ਰਦੂਸ਼ਣ ਆਦਿ ਨੂੰ ਰੋਕਦੇ ਹਨ ਜਿਸ ਨਾਲ ਕਈ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ।

ਮੌਜੂਦਾ ਸਮੇਂ ਅੰਦਰ ਧਰਤੀ ਦਾ ਸਮਝਦਾਰ ਸਮਝਿਆ ਜਾਣ ਵਾਲਾ ਪ੍ਰਾਣੀ ਹੀ ਇਸ ਨੂੰ ਨਸ਼ਟ ਕਰ ਕੁਦਰਤੀ ਕਰੋਪੀਆਂ ਨੂੰ ਸੱਦਾ ਦੇ ਰਿਹਾ। ਜਿਸ ਸਦਕਾ ਪਿਛਲੇ ਸਮੇਂ ਦੌਰਾਨ ਕਾਫੀ ਹੜ੍ਹ ਆਏ ਅਤੇ ਆਉਣ ਦੇ ਸੰਕੇਤ ਦਿੱਤੇ ਜਾ ਰਹੇ ਹਨ। ਜਿਸ ਨਾਲ ਭਵਿੱਖ ਵਿਚ ਕਾਫੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਵੇਗਾ। ਇਹ ਗੱਲ ਸਿਰਫ਼ ਇੱਥੇ ਹੀ ਮੁੱਕਦੀ ਨਹੀਂ ਉਸ ਦੀ ਇਸ ਸੋਚ ਅਤੇ ਆਪਣੇ ਨਿੱਜੀ ਸਵਾਰਥ ਸਦਕਾ ਪੰਛੀਆਂ ਦੀਆਂ ਕਈ ਪ੍ਰਜਾਤੀਆਂ ਵੀ ਪ੍ਰਭਾਵਿਤ ਹੋਈਆਂ ਹਨ ਜਿਸ ਵਿੱਚੋਂ ਬਹੁਤ ਖ਼ਤਮ ਹੋ ਗਈਆਂ ਅਤੇ ਕੁਝ ਖ਼ਤਮ ਹੋਣ ਦੀ ਕਗਾਰ 'ਤੇ ਹਨ। ਪਹਿਲਾਂ ਸਮਾਂ ਹੁੰਦਾ ਸੀ ਜਦੋਂ ਹਰ ਮੌਸਮ ਵਿਚ ਨਵੇਂ ਤੋਂ ਨਵੇਂ ਪੰਛੀ ਦੇਖਣ ਨੂੰ ਮਿਲਿਆ ਕਰਦੇ ਸਨ ਜਿਸ ਸਦਕਾ ਅਸਮਾਨ ਹਮੇਸ਼ਾ ਹੀ ਅਦਭੁਤ ਨਜ਼ਰ ਆਉਂਦਾ ਸੀ ਪਰ ਇਹ ਸੁਪਨਾ ਹੀ ਬਣ ਕੇ ਰਹਿ ਗਿਆ ਹੈ।

ਪਰ ਅਜਿਹੇ ਸੁਪਨੇ ਨੂੰ ਹਕੀਕਤ ਦਾ ਰੂਪ ਦੇਣ ਵਾਲੇ ਚੁਗਿਰਦੇ ਪ੍ਰੇਮੀ ਅੱਜ ਵੀ ਮੌਜੂਦ ਹਨ ਜੋ ਵਾਤਾਵਰਨ ਨੂੰ ਬਚਾਉਣ ਲਈ ਹਰ ਉਪਰਾਲਾ ਕਰਨ ਲਈ ਤਿਆਰ ਹਨ। ਇਨ੍ਹਾਂ ਵੱਲ ਝਾਤ ਮਾਰੀਏ ਤਾਂ ਜ਼ਿਲ੍ਹਾ ਬਰਨਾਲਾ ਦੇ ਪਿੰਡ ਧੌਲਾ ਦੇ ਸੰਦੀਪ ਧੌਲਾ ਦਾ ਨਾਂ ਆਪ ਮੁਹਾਰੇ ਸਾਹਮਣੇ ਆ ਜਾਂਦਾ ਹੈ। 2 ਅਗਸਤ, 1988 ਨੂੰ ਪਿਤਾ ਮੰਗਲ ਬਾਵਾ ਤੇ ਮਾਤਾ ਮਨਜੀਤ ਕੌਰ ਦੇ ਘਰ ਪੈਦਾ ਹੋਏ ਇਸ ਕੁਦਰਤ ਪ੍ਰੇਮੀ ਅੰਦਰ ਪੰਛੀਆਂ ਅਤੇ ਦਰੱਖ਼ਤਾਂ ਨਾਲ ਸਾਂਝ ਦੀ ਕਹਾਣੀ ਬਚਪਨ ਤੋਂ ਹੀ ਸ਼ੁਰੂ ਹੁੰਦੀ ਹੈ। ਬਚਪਨ ਤੋਂ ਹੀ ਇਹ ਚੁਗਿਰਦਾ ਪ੍ਰੇਮੀ ਜਦ ਕਿਸੇ ਪੰਛੀ ਦੇ ਸੱਟ ਲੱਗੀ ਦੇਖਦਾ ਸਾਰੇ ਕੰਮ ਛੱਡ ਉਨ੍ਹਾਂ ਦੀ ਮੱਲ੍ਹਮ ਪੱਟੀ ਕਰਨ ਲੱਗ ਜਾਂਦਾ। ਜਿਸ ਸਦਕਾ ਉਚੇਰੀ ਪੜ੍ਹਾਈ ਕਰਨ ਤੋਂ ਬਾਅਦ ਵੀ ਕਿਸੇ ਸੰਸਥਾ ਵਿਚ ਨੌਕਰੀ ਕਰਨ ਦੀ ਥਾਂ ਆਪਣੇ ਹੀ ਪਿੰਡ ਦੇ ਸ਼ਹੀਦ ਅਮਰਜੀਤ ਕਲੱਬ ਦੀ ਰਹਿਨੁਮਾਈ ਕਰਦਿਆਂ ਆਪਣਾ ਸੰਪੂਰਨ ਜੀਵਨ ਕੁਦਰਤੀ ਸਾਂਭ ਸੰਭਾਲ ਅਤੇ ਪੰਛੀਆਂ ਦੀਆਂ ਲੁਪਤ ਹੋ ਰਹੀਆਂ ਪ੍ਰਜਾਤੀਆਂ ਨੂੰ ਬਚਾਉਣ ਦੇ ਨਾਮੇ ਕਰ ਦਿੱਤਾ ਹੈ। ਇਸ ਨੇ ਪਿੰਡ ਵਿਚ ਦਰੱਖ਼ਤ ਆਦਿ ਤਾਂ ਲਗਾਏ ਹੀ ਨਾਲ ਹੀ ਇਨ੍ਹਾਂ ਉੱਪਰ ਆਪਣੇ ਵੱਲੋਂ ਪੈਸੇ ਖ਼ਰਚਣ ਤੋਂ ਇਲਾਵਾ ਪਿੰਡ ਵਿਚ ਵੀ ਸਾਂਝੇ ਤੌਰ 'ਤੇ ਕੁਲੈਕਸ਼ਨ ਕਰ ਇਸ ਚੁਗਿਰਦਾ ਪ੍ਰੇਮੀ ਵੱਲੋਂ ਮਿੱਟੀ ਦੇ ਆਲ੍ਹਣੇ ਵੀ ਲਗਾਏ ਜਿਸ ਕਾਰਨ ਪੰਛੀਆਂ ਦੀ ਹੋਂਦ ਕਾਫੀ ਹੱਦ ਤਕ ਬਚਾਈ ਗਈ ਅਤੇ ਨਾਲ ਹੀ ਕਈ ਅਦਭੁਤ ਪੰਛੀਆਂ ਦੀਆਂ ਜਾਤਾਂ ਦੇਖਣ ਨੂੰ ਵੀ ਮਿਲੀਆਂ ਜਿਸ ਵਿੱਚੋਂ ਗਰੁੜ, ਘਰੇਲੂ, ਚਿੜੀ, ਸੁਨਹਿਰੀ ਉੱਲੂ, ਕੋਚਰ, ਗਟਾਰ, ਭੂਰੀ ਗਾਲੜੀ, ਧਾਨ ਚਿੜੀ ਆਦਿ ਸ਼ਾਮਲ ਹਨ।

ਇਸ ਵਾਤਾਵਰਨ ਪ੍ਰੇਮੀ ਨਾਲ ਇਕ ਵਿਸ਼ੇਸ਼ ਮੁਲਾਕਾਤ ਕਰ ਪੰਛੀਆਂ ਅਤੇ ਕੁਦਰਤੀ ਸੋਮਿਆਂ ਨੂੰ ਬਚਾਉਣ ਸਬੰਧੀ ਜੋ ਜਾਣਕਾਰੀ ਇਕੱਠੀ ਕੀਤੀ ਉਹ ਕਾਫ਼ੀ ਮਹੱਤਵਪੂਰਨ ਹੈ ਜਿਸ 'ਤੇ ਅਮਲ ਕਰਦਿਆਂ ਵਾਤਾਵਰਨ ਦੀ ਹੋ ਰਹੀ ਹਾਨੀ ਨੂੰ ਬਚਾ ਕੇ ਮਨੁੱਖ ਦਾ ਆਪਣਾ ਨਾਸ਼ ਵੀ ਰੋਕਿਆ ਜਾ ਸਕਦਾ ਹੈ।

ਆਪਣੇ ਵੱਲੋਂ ਕੀਤੇ ਉਪਰਾਲੇ ਦੱਸਦਿਆਂ ਉਨ੍ਹਾਂ ਕਿਹਾ ਸਾਡੇ ਵੱਲੋਂ ਹੁਣ ਤਕ ਕਾਫ਼ੀ ਦਰੱਖ਼ਤ ਲਗਾਏ ਗਏ ਹਨ ਜਿਨ੍ਹਾਂ ਦੀ ਸੰਭਾਲ ਕਰਦਿਆਂ ਸਮੇਂ-ਸਮੇਂ 'ਤੇ ਪਾਣੀ ਅਤੇ ਖਾਦ ਪਾ ਕੇ ਉਪਰਾਲੇ ਕੀਤੇ ਜਾ ਰਹੇ ਹਨ ਜਿਸ ਕਰਕੇ ਵਧੇਰੇ ਬੂਟੇ, ਦਰੱਖ਼ਤਾਂ ਦਾ ਰੂਪ ਧਾਰਨ ਕਰ ਗਏ ਹਨ। ਇਸ ਤੋਂ ਇਲਾਵਾ ਵੱਖ-ਵੱਖ ਤਰ੍ਹਾਂ ਦੇ ਆਲ੍ਹਣੇ ਲਗਾ ਕੇ ਪੰਛੀਆਂ ਲਈ ਰਹਿਣ ਬਸੇਰਾ ਕੀਤਾ ਗਿਆ ਜਿਸ ਕਾਰਨ ਕਾਫੀ ਨਿਵੇਕਲੀ ਕਿਸਮ ਦੇ ਪੰਛੀਆਂ ਨੇ ਉਕਤ ਆਲ੍ਹਣਿਆਂ ਵਿਚ ਰਹਿਣ ਬਸੇਰਾ ਕੀਤਾ ਹੈ।





ਪੰਛੀਆਂ ਅਤੇ ਵਾਤਾਵਰਨ ਨਾਲ ਪਿਆਰ ਤਾਂ ਬਚਪਨ ਤੋਂ ਹੀ ਪੈ ਗਿਆ ਸੀ ਪਰ ਸਾਲ 2009 ਤੋਂ ਇਸ ਸਬੰਧੀ ਉਪਰਾਲੇ ਕਰ ਕੁਦਰਤ ਦਾ ਕਰਜ਼ ਉਤਾਰ ਰਿਹਾ ਹਾਂ ਅਤੇ ਖ਼ੁਸ਼ੀ ਮਹਿਸੂਸ ਕਰ ਰਿਹਾ ਹਾਂ। ਜਿਸ ਸਦਕਾ ਮੌਕੇ ਦੀਆਂ ਸਰਕਾਰਾਂ ਵੱਲੋਂ ਕਈ ਵਾਰ ਮਾਣ-ਸਨਮਾਨ ਮਿਲਣ ਤੋਂ ਇਲਾਵਾ ਕਲੱਬ ਨੂੰ ਸਮਾਜ ਅਤੇ ਵਾਤਾਵਰਨ ਭਲਾਈ ਸਬੰਧੀ ਕੰਮ ਕਰਨ ਬਦਲੇ ਸਟੇਟ ਐਵਾਰਡ ਨਾਲ ਨਵਾਜ਼ਿਆ ਗਿਆ ਹੈ।

ਉਚੇਰੀ ਪੜ੍ਹਾਈ (ਐਮ.ਬੀ.ਏ. ਅਤੇ ਕੰਪਿਊਟਰ ਡਿਗਰੀਆਂ) ਕਰਨ ਤੋਂ ਬਾਅਦ ਨੌਕਰੀ ਆਦਿ ਕਰਨ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਆਪਣਾ ਪ੍ਰੋਫੈਸ਼ਨ ਵੀ ਪਸ਼ੂਆਂ ਅਤੇ ਪੰਛੀਆਂ ਨਾਲ ਹੀ ਸਾਂਝਾ ਕਰ ਲਿਆ। ਉਨ੍ਹਾਂ ਦੱਸਿਆ ਮੇਰਾ ਮੌਜੂਦਾ ਕੰਮ ਡੇਅਰੀ ਫ਼ਾਰਮਿੰਗ ਹੈ ਜਿਸ ਨਾਲ ਕਈ ਪ੍ਰਕਾਰ ਦੀਆਂ ਗਾਵਾਂ ਅਤੇ ਮੱਝਾਂ ਆਦਿ ਦੀ ਸੇਵਾ ਕਰਦਿਆਂ ਆਪਣਾ ਰੁਜ਼ਗਾਰ ਵੀ ਚੱਲਦਾ ਹੈ ਅਤੇ ਸਕੂਨ ਵੀ ਮਹਿਸੂਸ ਹੁੰਦਾ ਹੈ। ਮੈਂ ਮਨੁੱਖ ਦੁਆਰਾ ਇਨ੍ਹਾਂ ਉੱਪਰ ਕੀਤੇ ਜ਼ੁਲਮ ਦਾ ਮਾਤਰ ਕਰਜ਼ ਉਤਾਰ ਰਿਹਾ ਕਿਉਂਕਿ ਮਨੁੱਖ ਤਾਂ ਬੋਲ ਕੇ ਵੀ ਆਪਣਾ ਦੁੱਖ ਦੱਸ ਸਕਦਾ ਹੈ ਪਰ ਇਹ ਬੇਜ਼ੁਬਾਨ ਪੰਛੀ ਤਾਂ ਕੁਝ ਵੀ ਨਹੀਂ ਕਰ ਸਕਦੇ।

ਇਕ ਸਮਾਂ ਸੀ ਜਦੋਂ ਪੰਛੀਆਂ ਦੇ ਰਹਿਣ ਲਈ ਟਿੱਬੇ, ਬੀੜ, ਦਰੱਖ਼ਤ, ਕੱਚੇ ਘਰ ਅਤੇ ਉਨ੍ਹਾਂ ਵਿਚ ਬਣੀਆਂ ਖੁੱਡਾਂ ਹੋਇਆ ਕਰਦੀਆਂ ਸਨ ਪਰ ਮਨੁੱਖੀ ਲਾਲਚ ਅਤੇ ਤੇਜ਼ੀ ਨਾਲ ਹੋ ਰਹੇ ਵਿਕਾਸ ਨੇ ਇਸ ਨੂੰ ਖ਼ਤਮ ਕਰ ਦਿੱਤਾ ਹੈ ਜਿਸ ਕਾਰਨ ਅਜਿਹੇ ਉਪਰਾਲਿਆਂ ਦੀ ਕਾਫ਼ੀ ਲੋੜ ਹੈ ਤਾਂ ਜੋ ਇਨ੍ਹਾਂ ਪ੍ਰਜਾਤੀਆਂ ਨੂੰ ਬਚਾ ਕੇ ਵਾਤਾਵਰਨ ਨੂੰ ਸੋਹਣਾ ਬਣਾਇਆ ਜਾ ਸਕੇ।

ਇਸ ਸਬੰਧੀ ਆ ਰਹੀਆਂ ਸਮੱਸਿਆਵਾਂ ਬਾਰੇ ਉਨ੍ਹਾਂ ਕਿਹਾ ਕਿ ਵਧੇਰੇ ਲੋਕ ਆਲ੍ਹਣੇ ਲਗਾਉਣ ਦੇ ਉਪਰਾਲਿਆਂ ਨੂੰ ਪੰਛੀਆਂ ਨੂੰ ਅਪਾਹਜ ਕਰਨਾ ਦੱਸਦੇ ਹਨ। ਮੇਰੀ ਉਨ੍ਹਾਂ ਨੂੰ ਬੇਨਤੀ ਹੈ ਕਿ ਇਸ ਵਿਚ ਅਜਿਹੀ ਕੋਈ ਗੱਲ ਨਹੀਂ ਹੈ ਕਿਉਂਕਿ ਮਨੁੱਖ ਦੇ ਲਾਲਚ ਅਤੇ ਤੇਜ਼ੀ ਨਾਲ ਵਧ ਰਹੇ ਵਿਕਾਸ ਨੇ ਇਨ੍ਹਾਂ ਨੂੰ ਬੇ-ਘਰ ਕਰ ਕੇ ਰੱਖ ਦਿੱਤਾ ਹੈ ਜਿਸ ਕਰਕੇ ਅਜਿਹੇ ਉਪਰਾਲਿਆਂ ਦੀ ਹੌਸਲਾ ਅਫਜਾਈ ਕੀਤੀ ਜਾਵੇ ਅਤੇ ਆਪਣੇ ਘਰ ਦੀਆਂ ਛੱਤਾਂ ਉੱਪਰ ਪਾਣੀ ਅਤੇ ਦਾਣਾ ਆਦਿ ਵੀ ਰੱਖ ਕੇ ਇਨ੍ਹਾਂ ਦੀ ਖ਼ਤਮ ਹੋ ਰਹੀ ਹੋਂਦ ਬਚਾਈ ਜਾ ਸਕਦੀ ਹੈ।

ਭਵਿੱਖ ਵਿਚ ਇਸ ਸਬੰਧੀ ਹੋਰ ਉਪਰਾਲਿਆਂ ਬਾਰੇ ਉਨ੍ਹਾਂ ਦੱਸਿਆ ਕਿ ਇਹ ਇਕੱਲੇ ਤੁਰੇ ਕਾਫ਼ਲੇ ਦੇ ਨਾਲ ਸੈਂਕੜੇ ਨੌਜਵਾਨ ਜੁੜਨ ਤੋਂ ਇਲਾਵਾ ਪੂਰਾ ਪਿੰਡ ਵੱਧ ਚੜ੍ਹਕੇ ਯੋਗਦਾਨ ਪਾ ਰਿਹਾ ਅਤੇ ਧੌਲਾ ਪਿੰਡ ਦੇ ਇਸ ਉਪਰਾਲੇ ਨੇ ਪਿੰਡ-ਪਿੰਡ , ਸ਼ਹਿਰ- ਸ਼ਹਿਰ ਤੋਂ ਇਲਾਵਾ ਪੂਰੇ ਦੇਸ਼-ਵਿਦੇਸ਼ ਵਿਚ ਪਹੁੰਚਾਉਣ ਲਈ ਨਿਰੰਤਰ ਕੋਸ਼ਿਸ਼ਾਂ ਜਾਰੀ ਰਹਿਣਗੀਆਂ।

ਵੋਹ ਕਬ ਰੁਕਤੇ ਹੈ ਮੰਜ਼ਿਲ ਪਰ,
ਜਿਨਕੋ ਚਲਨੇ ਮੇ ਮਜਾ ਆਤਾ ਹੈ। •

• ਧਰਮਜੀਤ ਸਿੰਘ ਮਾਨ
94784-60084

ਜਨਮ ਅਤੇ ਮੌਤ ਦੋ ਅਜਿਹੇ ਮੌਕੇ ਹਨ, ਜਦੋਂ ਇਨਸਾਨ ਪੂਰਨ ਆਜ਼ਾਦ ਹੁੰਦਾ ਹੈ। ਦੁਨੀਆਵੀ ਕੰਮਕਾਰ ਅਤੇ ਝਮੇਲੇ ਇਨ੍ਹਾਂ ਦੋਵਾਂ ਮੌਕਿਆਂ 'ਤੇ ਇਨਸਾਨ ਨੂੰ ਪਰੇਸ਼ਾਨ ਨਹੀਂ ਕਰਦੇ। ਜ਼ਿੰਦਗੀ ਦੀਆਂ ਔਕੜਾਂ ਅਤੇ ਸੰਘਰਸ਼ ਭਰਪੂਰ ਰਸਤੇ 'ਤੇ ਚਲਦਿਆਂ ਅਨੇਕਾਂ ਵਾਰ ਮਨ ਆਜ਼ਾਦ ਜ਼ਿੰਦਗੀ ਜਿਊਣ ਨੂੰ ਕਰਦਾ ਹੈ ਪਰ ਜ਼ਿੰਦਗੀ ਦੀਆਂ ਮਜਬੂਰੀਆਂ ਅਤੇ ਜ਼ਿੰਮੇਵਾਰੀਆਂ ਸੂਖਮ ਮਨ ਦੇ ਆਜ਼ਾਦ ਵਿਚਾਰਾਂ ਨੂੰ ਛੇਤੀ ਹੀ ਕਾਬੂ ਕਰ ਲੈਂਦੀਆ ਹਨ।

ਮੌਨ ਧਾਰ ਕੇ ਆਪਣੀਆਂ ਅੱਖਾਂ ਅੱਗੇ ਕਿਸੇ ਮਜ਼ਲੂਮ ਇਨਸਾਨ ਨਾਲ ਹੁੰਦਾ ਇੱਕਪਾਸੜ ਵਿਹਾਰ ਦੇਖਦੇ ਜਾਣਾ ਅੰਦਰਲੀ ਗੁਲਾਮੀ ਨੂੰ ਜ਼ਾਹਿਰ ਕਰਦਾ ਹੈ। ਅਜਿਹੇ ਮੌਕੇ ਜਦੋਂ ਸਾਡਾ ਇਕ ਬੋਲ ਕਿਸੇ ਲਈ ਸੰਜੀਵਨੀ ਬਣ ਸਕਦਾ ਹੋਵੇ, ਉਸ ਸਮੇਂ ਸ਼ਾਂਤ ਹੋ ਕੇ ਆਪਣੇ ਸਾਊਪੁਣੇ ਦੀ ਉਦਾਹਰਣ ਦੇਣਾ ਕਿਸੇ ਗੁਲਾਮੀ ਨਾਲੋਂ ਘੱਟ ਨਹੀਂ ਹੁੰਦਾ। ਆਜ਼ਾਦ ਮਨੁੱਖ ਮੌਕਾ, ਇਨਸਾਨ, ਪੈਸਾ ਜਾਂ ਅਹੁਦਾ ਦੇਖ ਕੇ ਗੱਲ ਨਹੀਂ ਕਰਦਾ, ਉਸ ਲਈ ਉਹ ਹਰ ਇਨਸਾਨ ਬਹੁਤ ਮਹੱਤਤਾ ਰੱਖਦਾ ਹੈ, ਜਿਸ ਨੂੰ ਵਕਤ ਅਤੇ ਇਨਸਾਨ ਦੋਵੇਂ ਮਿਲ ਕੇ ਮਾਰ ਰਹੇ ਹੋਣ। ਵਿਦਵਾਨ ਲਿਖਦੇ ਹਨ ਕਿ ਜੇਕਰ ਸੱਚ ਬੋਲਣ 'ਤੇ ਅਸਮਾਨ ਡਿੱਗਦਾ ਹੋਵੇ ਤਾਂ ਡਿਗਣ ਦਿਓ ਪਰ ਸੱਚ ਬੋਲਿਆ ਜਾਵੇ। ਗੁਲਾਮੀ ਦੀ ਅਵਸਥਾ ਵਿਚ ਸੱਚ ਉਡਾਰੀ ਮਾਰ ਜਾਂਦਾ ਹੈ। ਅਹੁਦੇ ਅਤੇ ਪੈਸੇ ਦਾ ਗੁਲਾਮ ਇਨਸਾਨ ਆਪਣੇ ਵੱਡੇ ਅਧਿਕਾਰੀ ਦੀ ਗਲਤ ਗੱਲ ਨੂੰ ਵੀ ਗਲਤ ਨਹੀਂ ਕਹੇਗਾ। ਨੌਕਰੀ ਖੁਸਣ ਦੇ ਡਰ ਨੇ ਸੱਚ ਬੋਲਣ ਤੋਂ ਵਰਜ ਕੇ ਇਕ ਹੋਰ ਇਨਸਾਨ ਨੂੰ ਗੁਲਾਮ ਬਣਾ ਦਿੱਤਾ।

ਸਭ ਕੁਝ ਜਾਣਦਿਆਂ ਵੀ ਅਣਜਾਣ ਬਣ ਜਾਣਾ, ਤਾਕਤ ਹੁੰਦੇ ਹੋਏ ਵੀ ਕਮਜ਼ੋਰ ਦਿਸਣਾ, ਪੈਸੇ ਦੀ ਕੋਈ ਘਾਟ ਜਾਂ ਤੋਟ ਨਾ ਹੁੰਦਿਆਂ ਵੀ ਮਰੂ ਮਰੂ ਕਰੀ ਜਾਣਾ, ਇਹ ਸਭ ਇਨਸਾਨ ਦੀ ਗੁਲਾਮ ਸੋਚ ਦੇ ਹੀ ਲੱਛਣ ਹਨ। ਕੰਨਾਂ ਦੇ ਕੱਚੇ ਇਨਸਾਨ ਵੱਲੋਂ ਸੁਣੀਆਂ ਗੱਲਾਂ 'ਤੇ ਯਕੀਨ ਕਰ ਕੇ ਕੀਤਾ ਕੋਈ ਲੜਾਈ-ਝਗੜਾ ਵੀ ਇਕ ਗੁਲਾਮ ਸੋਚ ਦੀ ਹੀ ਉਪਜ ਹੈ। ਇਤਿਹਾਸ ਗਵਾਹ ਹੈ ਕਿ ਵੱਡੇ-ਵੱਡੇ ਰਾਜੇ ਇਸੇ ਕਰਕੇ ਆਪਣੇ ਤਾਜ ਅਤੇ ਤਖਤ ਖੋਹ ਬੈਠੇ, ਕਿਉਂਕਿ ਉਨ੍ਹਾਂ ਨੇ ਆਪਣੇ ਦਰਬਾਰੀਆਂ ਅਤੇ ਨੇੜਲਿਆਂ ਤੋਂ ਸੁਣੀਆਂ ਗੱਲਾਂ 'ਤੇ ਯਕੀਨ ਕਰ ਕੇ ਫ਼ੈਸਲੇ ਲਏ, ਜੋ ਅੰਤ ਉਨ੍ਹਾਂ ਲਈ ਮਾਰੂ ਸਿੱਧ ਹੋਏ। ਇਹ ਰਾਜੇ-ਮਹਾਰਾਜੇ ਬੇਸ਼ੱਕ ਵੱਡੇ-ਵੱਡੇ ਸੂਬਿਆਂ 'ਤੇ ਤਾਂ ਰਾਜ ਕਰ ਗਏ ਪਰ ਸੁਣੀ ਗੱਲ 'ਤੇ ਅਮਲ ਕਰਨ ਵਾਲੀ ਨੀਤੀ ਇਨ੍ਹਾਂ ਨੂੰ ਗੁਲਾਮ ਬਣਾ ਗਈ। ਆਜ਼ਾਦ ਸੋਚ ਵਾਲਾ ਇਨਸਾਨ ਤਰਕ ਤੋਂ ਬਿਨਾਂ ਕਹੀ ਗੱਲ 'ਤੇ ਯਕੀਨ ਨਹੀਂ ਕਰਦਾ। ਸ਼ਾਇਦ ਇਸੇ ਕਰਕੇ ਅਜਿਹੀ ਨੀਤੀ ਦੇ ਧਾਰਕ ਦੇ ਇਸ ਸੰਸਾਰ ਵਿਚ ਸਮਰਥਕ ਘੱਟ, ਵਿਰੋਧੀ ਜ਼ਿਆਦਾ ਹੁੰਦੇ ਹਨ। ਆਪਣੇ ਬੋਲਾਂ ਜਾਂ ਸ਼ਬਦਾਂ ਰਾਹੀਂ ਤਪਦੇ ਅਤੇ ਤੜਫਦੇ ਮਨਾਂ ਦੀ ਗੱਲ ਕਰ ਕੇ ਉਨ੍ਹਾਂ ਨੂੰ ਢਾਰਸ ਅਤੇ ਦਿਸ਼ਾ ਦੇਣ ਵਾਲੇ ਬੁੱਧੀਜੀਵੀ ਜਦੋਂ ਸੱਚ ਲਿਖਣ ਤੋਂ ਸੰਕੋਚ ਕਰਨ ਲੱਗ ਜਾਣ ਤਾਂ ਸਮਝੋ ਕਲਮ ਗੁਲਾਮ ਹੋ ਗਈ। ਗੁਲਾਮ ਕਲਮ ਲੋਕਾਂ ਦੀ ਨਹੀਂ, ਹਕੂਮਤ ਕਰਨ ਵਾਲੀਆਂ ਦੀ ਗੱਲ ਕਰਦੀ ਹੈ, ਜੋ ਲਿਖਣ ਦੇ ਅਸੂਲਾਂ ਦੇ ਬਿਲਕੁਲ ਉਲਟ ਹੈ। ਆਜ਼ਾਦ ਸੋਚ ਵਾਲਾ ਲੇਖਕ ਹਰ ਪੱਖ ਤੋਂ ਸੱਚ ਲਿਖਣ 'ਚ ਵਿਸ਼ਵਾਸ ਰੱਖਦਾ ਹੈ। ਉਸ ਲਈ ਆਪਣੀ ਜੀਭ ਜਾਂ ਕਲਮ ਨੂੰ ਜਿੰਦਾ ਲਾਉਣਾ ਆਪਣੇ ਆਪ ਨੂੰ ਗੁਲਾਮ ਕਰਨ ਬਰਾਬਰ ਹੈ।

ਗੁਲਾਮ ਕਲਮ ਲੋਕਾਂ ਦੀ ਨਹੀਂ, ਹਕੂਮਤ ਕਰਨ ਵਾਲੀਆਂ ਦੀ ਗੱਲ ਕਰਦੀ ਹੈ, ਜੋ ਲਿਖਣ ਦੇ ਅਸੂਲਾਂ ਦੇ ਬਿਲਕੁਲ ਉਲਟ ਹੈ। ਆਜ਼ਾਦ ਸੋਚ ਵਾਲਾ ਲੇਖਕ ਹਰ ਪੱਖ ਤੋਂ ਸੱਚ ਲਿਖਣ 'ਚ ਵਿਸ਼ਵਾਸ ਰੱਖਦਾ ਹੈ...

# ਗੁਲਾਮ ਕੌਣ ਹੈ?



ਮਨੁੱਖਤਾ ਨੂੰ ਤਾਰ-ਤਾਰ ਤੇ ਸ਼ਰਮਸਾਰ ਕਰਨ ਵਾਲੇ ਅਹਿਮ ਮੁੱਦੇ ਜੇ ਅਣਲਿਖੇ ਹੀ ਰਹਿ ਜਾਣ ਤਾਂ ਫਿਰ ਹਨੇਰੇ 'ਚ ਗਵਾਚਦੀ ਇਹ ਆਵਾਜ਼ ਕਲਮ ਨੂੰ ਕਿਵੇਂ ਆਜ਼ਾਦ ਕਹਿ ਸਕਦੀ ਹੈ। ਬੰਜਰ ਜ਼ਮੀਨਾਂ ਵਾਹ ਕੇ ਫਸਲਾਂ ਪੈਦਾ ਕਰਨ ਵਾਲੇ ਕਿਸਾਨ ਦੇ ਗਲ ਪਿਆ ਬੇਵਕਤੀ ਮੌਤ ਦਾ ਫਾਹਾ ਵਿਸ਼ੇਸ਼ ਧਿਆਨ ਮੰਗਦਾ ਹੈ। ਗੀਤਾਂ 'ਚ ਗੋਲੀਆਂ ਚਲਾ ਕੇ ਜਾਂ ਫਿਰ ਨੰਗੇ ਸਰੀਰ ਦਿਖਾਉਣ ਵਾਲੇ ਆਜ਼ਾਦ ਸੋਚ ਦੇ ਧਾਰਨੀ ਕਿਵੇਂ ਹੋ ਸਕਦੇ ਹਨ, ਇਹ ਸੋਚਣ ਵਾਲੀ ਗੱਲ ਹੈ। ਆਜ਼ਾਦੀ ਸਮਾਜ ਲਈ ਖ਼ਤਰਾ ਬਣ ਕੇ ਨਹੀਂ, ਬਲਕਿ ਸਮਾਜਿਕ ਸਰੋਕਾਰਾਂ ਨੂੰ ਸਮਝ ਕੇ ਪ੍ਰਾਪਤ ਕੀਤੀ ਜਾ ਸਕਦੀ ਹੈ, ਜੋ ਇਸ ਸੱਚਾਈ ਨੂੰ ਨਹੀਂ ਸਮਝਦਾ, ਉਹ ਕਿਸੇ ਗੁਲਾਮ ਨਾਲੋਂ ਘੱਟ ਨਹੀਂ।

ਇਹ ਗੁਲਾਮੀ ਹੀ ਹੈ, ਜੋ ਸਾਨੂੰ ਆਤਮਾ ਦੀ ਆਵਾਜ਼ ਸਮਝਣ ਨਾਲੋਂ ਦਿਲ ਦੀ ਆਵਾਜ਼ ਸੁਣਨ ਲਈ ਉਕਸਾਉਂਦੀ ਹੈ। ਆਤਮਾ ਦੀ ਆਵਾਜ਼ ਦੇ ਹੋਕੇ ਦਾ ਦਮ ਦਿਲ ਦੀ ਚੰਚਲਤਾ ਅੱਗੇ ਅਕਸਰ ਘੁੱਟਿਆ ਜਾਂਦਾ ਹੈ। ਦਿਲ ਦੇ ਅਸੀਮਤ ਅਤੇ ਲਾਲਚੀ ਵਿਚਾਰ ਆਤਮਾ ਅਤੇ ਪਰਮਾਤਮਾ ਦੀ ਆਵਾਜ਼ ਨੂੰ ਗੁਲਾਮ ਬਣਾ ਕੇ ਇਨਸਾਨ ਨੂੰ ਕੁਰਾਹੇ ਪਾਉਂਦੇ ਹਨ। ਇਸੇ ਘਮਸਾਨ ਵਿਚਕਾਰ ਸੱਚ ਦੀ ਆਵਾਜ਼ ਖਾਮੋਸ਼ ਹੋ ਕੇ ਅਗਲੇ ਮੌਕੇ ਤੱਕ ਇੰਤਜ਼ਾਰ ਕਰਦੀ ਹੈ ਪਰ ਗੁਲਾਮ ਮਾਨਸਿਕਤਾ ਵਿਚ ਕਦੇ ਅਗਲਾ ਮੌਕਾ ਆਉਂਦਾ ਹੀ ਨਹੀਂ, ਸ਼ਾਇਦ ਉਹ ਇਸ ਤੋਂ ਅਣਜਾਣ ਹੈ। ਗੁਲਾਮੀ ਦਾ ਇਹ ਸਿਲਸਿਲਾ ਜ਼ਿੰਦਗੀ ਭਰ ਚੱਲਦਾ ਹੈ, ਜੋ ਮੌਤ ਉਪਰੰਤ ਖ਼ਤਮ ਹੁੰਦਾ ਹੈ ਅਤੇ ਇਨਸਾਨ ਨੂੰ ਪੂਰਨ ਤੌਰ 'ਤੇ ਆਜ਼ਾਦ ਕਰ ਦਿੰਦਾ ਹੈ ਪਰ ਅਫਸੋਸ ਉਸ ਵਕਤ ਅਸੀਂ ਕੁਝ ਵੀ ਚੰਗਾ ਕਰਨ, ਬੋਲਣ ਜਾਂ ਲਿਖਣ ਦੇ ਕਾਬਿਲ ਨਹੀਂ ਰਹਿੰਦੇ। •

• ਰੋਹਿਤ ਸੋਨੀ ਸਾਦਿਕ
9257401900



# ਇੰਜ ਤੁਰੀਆਂ ਨਾਲ ਕਿਤਾਬਾਂ

ਜ਼ਿੰਦਗੀ ਦੀ ਕਿਹੜੀ ਘਟਨਾ ਇਨਸਾਨ ਦੇ ਜੀਵਨ ਵਿਚ ਕੀ ਤਬਦੀਲੀ ਲੈ ਆਵੇ, ਇਹ ਤਾਂ ਸ਼ਾਇਦ ਕਿਸੇ ਨੂੰ ਵੀ ਪਤਾ ਨਹੀਂ ਹੁੰਦਾ। 2008 ਵਿਚ ਮੈਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਭੰਗੇਵਾਲਾ ਵਿਖੇ ਮੋਬਾਈਲ ਰਿਪੇਅਰ ਦੀ ਦੁਕਾਨ ਕੀਤੀ। ਉਸ ਸਮੇਂ ਸਮਾਰਟ ਫੋਨ ਬਹੁਤ ਘੱਟ ਲੋਕਾਂ ਕੋਲ ਸਨ। ਜ਼ਿਆਦਾਤਰ ਲੋਕਾਂ ਕੋਲ ਆਮ ਫੋਨ ਹੀ ਹੁੰਦੇ ਸਨ। ਮੋਬਾਈਲ ਫੋਨ ਦਾ ਰੁਝਾਨ ਹੋਣ ਕਾਰਨ ਚੰਗੀ ਦਿਹਾੜੀ ਬਣ ਜਾਂਦੀ ਸੀ। ਕਈ ਵਾਰ ਤਾਂ ਮੇਰੀ ਰੋਜ਼ ਦੀ ਕਮਾਈ ਤਿੰਨ ਚਾਰ ਹਜ਼ਾਰ ਰੁਪਏ ਹੋ ਜਾਂਦੀ ਸੀ ਪਰ ਪੰਦਰਾਂ ਸੌ-ਦੋ ਹਜ਼ਾਰ ਰੁਪਏ ਰੋਜ਼ਾਨਾ ਕਮਾਉਣਾ ਮੇਰੇ ਲਈ ਆਮ ਜਿਹੀ ਗੱਲ ਸੀ। ਮੈਨੂੰ ਸਾਹਿਤਕ ਕਿਤਾਬਾਂ ਪੜ੍ਹਨ ਦਾ ਸ਼ੌਕ ਸੀ, ਹਰ ਵੇਲੇ ਦੁਕਾਨ 'ਤੇ ਕੋਈ ਨਾ ਕੋਈ ਕਿਤਾਬ ਪਈ ਹੋਣੀ ਤੇ ਵਿਹਲੇ ਸਮੇਂ ਮੈਂ ਉਸ ਨੂੰ ਪੜ੍ਹਨ ਲੱਗ ਪੈਣਾ। ਸਾਹਿਤ ਪੜ੍ਹਨ ਦੀ ਆਦਤ ਅੱਠਵੀਂ ਜਮਾਤ ਵਿਚ ਪੜ੍ਹਦਿਆਂ ਹੀ ਪੈ ਗਈ ਸੀ।

2010 ਦੀ ਗੱਲ ਹੈ, ਉਦੋਂ ਇੰਟਰਨੈੱਟ 'ਤੇ ਮੈਸੇਜ ਪੈਕ ਸਿਰਫ਼ ਦਸ ਰੁਪਏ ਦੀ ਕੀਮਤ 'ਤੇ ਮਿਲ ਜਾਇਆ ਕਰਦੇ ਸਨ। ਸਸਤੇ ਹੋਣ ਕਾਰਨ ਇਨ੍ਹਾਂ ਦੀ ਵਿਕਰੀ ਵਿਚ ਕਾਫ਼ੀ ਵਾਧਾ ਹੋ ਗਿਆ ਸੀ। ਹਰ ਰੋਜ਼ ਇਹ ਪੈਕ ਟੌਫ਼ੀਆਂ ਵਾਂਗੂੰ ਮੇਰੀ ਦੁਕਾਨ 'ਤੇ ਵਿਕਦੇ। ਇਨ੍ਹਾਂ ਦੀ ਮੰਗ ਕਰਨ ਵਾਲਿਆਂ ਵਿਚ ਜ਼ਿਆਦਾ ਗਿਣਤੀ ਸਕੂਲਾਂ ਦੇ ਵਿਦਿਆਰਥੀਆਂ ਦੀ ਸੀ, ਜੋ ਅੱਠਵੀਂ ਜਮਾਤ ਤੋਂ ਬਾਰ੍ਹਵੀਂ ਜਮਾਤ ਵਿਚ ਪੜ੍ਹਦੇ ਸਨ। ਕਦੇ-ਕਦੇ ਮੈਂ ਸੋਚਣ ਲਈ ਮਜਬੂਰ ਹੋ ਜਾਂਦਾ ਕਿ ਸਾਡਾ ਵਿਦਿਆਰਥੀ ਵਰਗ ਇਕਦਮ ਹੀ ਕਿਸ ਦਿਸ਼ਾ ਵੱਲ ਮੁੜ ਪਿਆ। ਇਹ ਪੜ੍ਹਾਈ ਛੱਡ ਕੇ ਕਿਹੜੇ ਕੰਮਾਂ ਵਿਚ ਲੱਗੇ ਹੋਏ ਹਨ। ਮੈਂ ਸਿਰਫ਼ ਸੋਚਦਾ ਹੀ ਰਹਿੰਦਾ, ਕਰ ਕੁਝ ਨਾ ਸਕਦਾ, ਕਿਉਂਕਿ ਮੇਰਾ ਤਾਂ ਕੰਮ ਸੀ ਇਹ ਸਭ ਵੇਚਣਾ।

ਇਕ ਦਿਨ ਪਿੰਡ ਦੇ ਵੱਡੇ ਸਕੂਲੋਂ ਛੁੱਟੀ ਹੋਣ ਸਮੇਂ ਇਕ ਵਿਦਿਆਰਥੀ ਮੇਰੇ ਕੋਲ ਆਇਆ ਤੇ ਕਹਿਣ ਲੱਗਾ, 'ਵੀਰ ਜੀ, ਮੇਰੀ ਆਹ ਕਿਤਾਬ ਰੱਖ ਲਓ ਅਤੇ ਮੈਨੂੰ ਇਕ ਦਸ ਰੁਪਏ ਵਾਲਾ ਮੈਸੇਜ ਪੈਕ ਦੇ ਦਿਓ।' ਉਸ ਦੀ ਇਹ ਗੱਲ ਸੁਣ ਕੇ ਮੇਰੀ ਰੂਹ ਕੰਬ ਉਠੀ ਕਿ ਹੁਣ ਆਹ ਨੌਬਤ ਵੀ ਆ ਗਈ ਕਿ ਸਾਡੇ ਵਿਦਿਆਰਥੀ ਮੋਬਾਈਲ ਦੀ ਵਰਤੋਂ ਲਈ ਆਪਣੀਆਂ ਕਿਤਾਬਾਂ ਤਕ ਗਹਿਣੇ ਰੱਖਣ ਲੱਗ ਪਏ। ਮੈਂ ਉਸ ਦੀ ਕਿਤਾਬ ਰੱਖ ਕੇ ਮੈਸੇਜ ਪੈਕ ਦੇਣ ਤੋਂ ਮਨ੍ਹਾ ਕਰ ਦਿੱਤਾ ਪਰ ਉਸ ਦੀ ਇਹ ਹਰਕਤ ਮੇਰੇ ਜ਼ਿਹਨ ਵਿਚ ਘਰ ਕਰ ਗਈ। ਮੈਂ ਉਸ ਨੂੰ ਕਿਤਾਬਾਂ ਦੀ ਅਹਿਮੀਅਤ ਬਾਰੇ ਦੱਸਣਾ ਚਾਹੁੰਦਾ ਸੀ ਪਰ ਉਸ ਸਮੇਂ ਮੈਂ ਬਿਲਕੁਲ ਸੁੰਨ ਹੋ ਗਿਆ ਸੀ। ਮੈਨੂੰ ਸਮਝ ਨਾ ਲੱਗੇ ਕਿ ਮੈਂ ਕੀ ਕਰਾਂ। ਉਹ ਚਲਾ ਗਿਆ ਸੀ ਪਰ ਮੈਂ ਉਸ ਨੂੰ ਭੁਲਾ ਨਾ ਸਕਿਆ।

ਕੁਝ ਦਿਨਾਂ ਬਾਅਦ ਮੈਂ ਉਸੇ ਪਿੰਡ ਦੇ ਹਾਈ ਸਕੂਲ ਵਿਚ ਪੜ੍ਹਾਉਂਦੇ ਇਕ ਅਧਿਆਪਕ ਮਿੱਤਰ ਨਾਲ ਗੱਲ ਸਾਂਝੀ ਕੀਤੀ ਤੇ ਕਿਹਾ ਕਿ ਮੈਂ ਸਕੂਲਾਂ ਦੇ ਵਿਦਿਆਰਥੀਆਂ ਨੂੰ ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਕਰਨਾ ਚਾਹੁੰਦਾ ਹਾਂ ਤੇ ਉਨ੍ਹਾਂ ਨੂੰ ਕਿਤਾਬਾਂ ਦੀ ਅਹਿਮੀਅਤ ਬਾਰੇ ਦੱਸਣਾ ਚਾਹੁੰਦਾ ਹਾਂ। ਉਸ ਨੇ ਮੈਨੂੰ ਕਿਹਾ ਕਿ 'ਇਹ ਬਹੁਤ ਵਧੀਆ ਸੋਚ ਹੈ ਪਰ ਵਿਦਿਆਰਥੀ ਤਾਂ ਆਪਣੀਆਂ ਸਿਲੇਬਸ ਵਾਲੀਆਂ ਕਿਤਾਬਾਂ ਵੀ ਚੰਗੀ ਤਰ੍ਹਾਂ ਨਹੀਂ ਪੜ੍ਹਦੇ। ਸਕੂਲ ਲਾਇਬ੍ਰੇਰੀ ਵਿਚ ਦੋ ਹਜ਼ਾਰ ਦੇ ਕਰੀਬ ਕਿਤਾਬਾਂ ਪਈਆਂ ਹਨ। ਬੱਚੇ ਕਿਤਾਬਾਂ ਲੈ ਜਾਂਦੇ ਹਨ ਪਰ ਪੜ੍ਹਦੇ ਨਹੀਂ, ਉਵੇਂ ਹੀ ਲਿਆ ਕੇ ਵਾਪਸ ਕਰ ਦਿੰਦੇ ਹਨ।' ਅਧਿਆਪਕ ਦੀ ਇਹ ਗੱਲ ਸੁਣ ਕੇ ਮੈਨੂੰ ਹੋਰ ਵੀ ਧੱਕਾ ਲੱਗਾ। ਇੱਕ ਦਿਨ ਮੈਂ ਆਪਣੀਆਂ ਹੀ ਕੁਝ ਕਿਤਾਬਾਂ ਲੈ ਕਿ ਅਸੈਂਬਲੀ ਦੇ ਸਮੇਂ ਸਵੇਰੇ-ਸਵੇਰੇ ਸਕੂਲ ਚਲਾ ਗਿਆ ਅਤੇ ਮੁੱਖ ਅਧਿਆਪਕਾ ਨੂੰ ਬੇਨਤੀ ਕੀਤੀ ਕਿ ਮੈਂ ਬੱਚਿਆਂ ਨੂੰ ਕਿਤਾਬਾਂ ਦੀ ਅਹਿਮੀਅਤ ਬਾਰੇ ਦੱਸਣਾ ਚਾਹੁੰਦਾ ਹਾਂ। ਉਨ੍ਹਾਂ ਮੈਨੂੰ ਹਾਮੀ ਭਰ ਦਿੱਤੀ ਤੇ ਮੈਂ ਕੁਝ ਕਿਤਾਬਾਂ ਲੈ ਕੇ ਬੱਚਿਆਂ ਦੇ ਸਾਹਮਣੇ ਆ ਖੜ੍ਹਾ ਹੋਇਆ। ਮੈਨੂੰ ਸਮਝ ਨਹੀਂ ਸੀ ਆ ਰਿਹਾ ਕਿ ਕੀ ਬੋਲਾਂ ਤੇ ਕੀ ਨਾ ਬੋਲਾਂ। ਮੇਰਾ ਮੂੰਹ ਸੁੱਕ ਰਿਹਾ ਤੇ ਲੱਤਾਂ ਕੰਬ ਰਹੀਆਂ ਸਨ ਪਰ ਮੈਂ ਆਪਣੇ ਆਤਮਵਿਸ਼ਵਾਸ ਨਾਲ ਉਨ੍ਹਾਂ ਦੇ ਮੂਹਰੇ ਖੜ੍ਹਾ ਰਿਹਾ ਤੇ ਉਸ ਸਮੇਂ ਮੇਰੇ ਕੋਲੋਂ ਕਿਤਾਬਾਂ ਦੀ ਅਹਿਮੀਅਤ ਬਾਰੇ ਜੋ ਕੁਝ ਵੀ ਬੋਲ ਹੋਇਆ, ਮੈਂ ਬੋਲ ਦਿੱਤਾ ਤੇ ਨਾਲ ਇਹ ਵੀ ਕਿਹਾ ਕਿ ਮੈਂ ਇਹ ਕਿਤਾਬਾਂ ਸਵੇਰੇ ਤੁਹਾਡੇ ਸਕੂਲ ਲੈ ਕੇ ਆਵਾਂਗਾ ਤੇ ਤੁਸੀਂ ਆਪਣੇ ਜੇਬ ਖ਼ਰਚ ਵਿੱਚੋਂ ਜਿੰਨੀਆਂ ਵੀ ਹੋ ਸਕੇ, ਚੰਗੀਆਂ ਕਿਤਾਬਾਂ ਖ਼ਰੀਦ ਸਕਦੇ ਹੋ। ਇਸ ਦੇ ਨਾਲ ਹੀ ਮੈਂ ਬੱਚਿਆਂ ਨੂੰ ਕਿਤਾਬਾਂ ਪੜ੍ਹਨ ਦੇ ਸਮੇਂ ਬਾਰੇ ਵੀ ਦੱਸਿਆ ਕਿ ਇਹ ਕਿਤਾਬਾਂ ਸਾਨੂੰ ਕਦੋਂ ਤੇ ਕਿਵੇਂ ਪੜ੍ਹਨੀਆਂ ਚਾਹੀਦੀਆਂ ਹਨ। ਕੁਝ ਚੰਗੀਆਂ ਕਿਤਾਬਾਂ ਉਨ੍ਹਾਂ ਨੂੰ ਬਹੁਤ ਸਸਤੀਆਂ ਦੇਣ ਦੀ ਗੱਲ ਵੀ ਕਹੀ। ਅਗਲੇ ਦਿਨ ਮੈਂ ਉਨ੍ਹਾਂ ਦੇ ਸਕੂਲ ਵੀਹ ਕੁ ਚੰਗੀਆਂ-ਚੰਗੀਆਂ ਕਿਤਾਬਾਂ ਇਹ ਸੋਚ ਕੇ ਲੈ ਗਿਆ ਕਿ ਭਾਵੇਂ ਮੈਨੂੰ ਇਨ੍ਹਾਂ ਕਿਤਾਬਾਂ ਦੇ ਪੂਰੀ ਕੀਮਤ ਨਾ ਮਿਲੇ ਪਰ ਜਿੰਨੇ ਪੈਸੇ ਵੀ ਕੋਈ ਵਿਦਿਆਰਥੀ ਦੇਵੇਗਾ, ਮੈਂ ਲੈ ਲਵਾਂਗਾ ਤੇ ਉਸ ਨੂੰ ਉਸ ਦੀ ਮਨਪਸੰਦ ਕਿਤਾਬ ਦੇ ਦੇਵਾਂਗਾ। ਮੈਂ ਉਨ੍ਹਾਂ ਨੂੰ ਕਿਤਾਬਾਂ ਮੁਫ਼ਤ ਵੀ ਨਹੀਂ ਸੀ ਦੇਣਾ ਚਾਹੁੰਦਾ, ਕਿਉਂਕਿ ਮੁਫ਼ਤ ਵਾਲੀ ਚੀਜ਼ ਦੀ ਕਦਰ ਨਹੀਂ ਪੈਂਦੀ। ਉਸ ਸਮੇਂ ਮੇਰੀ ਹੈਰਾਨੀ ਦੀ ਹੱਦ ਨਹੀਂ ਰਹੀ ਜਦੋਂ ਉਨ੍ਹਾਂ ਵਿੱਚੋਂ ਕੁਝ ਬੱਚੇ ਕਿਤਾਬਾਂ ਖਰੀਦਣ ਲਈ ਪੈਸੇ ਲੈ ਕੇ ਆਏ ਸਨ ਤੇ ਉਨ੍ਹਾਂ ਨੇ ਮੇਰੇ ਤੋਂ ਕਿਤਾਬਾਂ ਖਰੀਦ ਲਈਆਂ। ਕਿਸ ਨੇ ਕਿੰਨੇ ਪੈਸੇ ਦਿੱਤੇ, ਮੈਨੂੰ ਇਸ ਗੱਲ ਦੀ ਜ਼ਰਾ ਜਿੰਨੀ ਵੀ ਪਰਵਾਹ ਨਹੀਂ ਸੀ ਪਰ ਇਸ ਗੱਲ ਦੀ ਖ਼ੁਸ਼ੀ ਵਧੇਰੇ ਸੀ ਕਿ ਮੇਰੀਆਂ ਸਾਰੀਆਂ ਕਿਤਾਬਾਂ ਵਿਕ ਗਈਆਂ ਸਨ। ਕੁਝ ਬੱਚਿਆਂ ਨੇ ਦੱਸਿਆ ਕਿ ਉਹ ਮੇਰੇ ਕਿਤਾਬਾਂ ਪ੍ਰਤੀ ਦਿੱਤੇ ਗਏ ਭਾਸ਼ਣ ਤੋਂ ਬਹੁਤ ਪ੍ਰਭਾਵਿਤ ਹੋਏ ਪਰ ਮੈਨੂੰ ਇਸ ਗੱਲ ਦਾ ਬਿਲਕੁਲ ਵੀ ਯਕੀਨ ਨਹੀਂ ਸੀ ਆ ਰਿਹਾ ਕਿ ਮੇਰਾ ਭਾਸ਼ਣ ਪ੍ਰਭਾਵਸ਼ਾਲੀ ਹੋਇਆ ਹੋਵੇਗਾ। ਉਸ ਦਿਨ ਤੋਂ ਮੇਰਾ ਹੌਸਲਾ ਏਨਾ ਕੁ ਵਧ ਗਿਆ ਕਿ ਮੈਂ ਆਸ-ਪਾਸ ਦੇ ਪਿੰਡਾਂ ਦੇ ਸਕੂਲਾਂ ਵਿਚ ਵੀ ਬੱਚਿਆਂ ਲਈ ਕਿਤਾਬਾਂ ਲੈ ਕੇ ਗਿਆ ਤੇ ਸਾਰੀਆਂ ਕਿਤਾਬਾਂ ਹੀ ਵਿਕਦੀਆਂ ਰਹੀਆਂ।

ਮੈਂ ਬੱਚਿਆਂ ਨੂੰ ਕਿਤਾਬਾਂ ਦਾ ਸਾਥ ਕਦੇ ਵੀ ਨਾ ਛੱਡਣ ਲਈ ਪ੍ਰੇਰਦਾ ਰਹਿੰਦਾ ਪਰ ਮੇਰੇ ਲਈ ਵੱਡੀ ਮੁਸ਼ਕਲ ਸੀ ਕਿ ਜਦੋਂ ਮੈਂ ਕਿਸੇ ਸਕੂਲ ਵਿਚ ਕਿਤਾਬਾਂ ਲੈ ਕੇ ਜਾਂਦਾ ਤਾਂ ਮੈਨੂੰ ਮੇਰੀ ਦੁਕਾਨ ਬੰਦ ਕਰ ਕੇ ਜਾਣਾ ਪੈਂਦਾ ਸੀ, ਜਿਸ ਨਾਲ ਮੇਰਾ ਕਾਫ਼ੀ ਨੁਕਸਾਨ ਵੀ ਹੋਇਆ। ਘਰਦਿਆਂ ਨੇ ਵੀ ਇਸ ਕੰਮ ਦਾ ਪੂਰਾ ਵਿਰੋਧ ਕੀਤਾ ਪਰ ਮੈਂ ਕਿਤਾਬਾਂ ਵਾਲਾ ਕੰਮ ਛੱਡਣ ਦੀ ਬਜਾਏ ਵਿਦਿਆਰਥੀਆਂ ਲਈ ਹੋਰ ਚੰਗੀਆਂ ਤੇ ਸਸਤੀਆਂ ਕਿਤਾਬਾਂ ਦੀ ਭਾਲ ਕੀਤੀ ਤੇ ਉਨ੍ਹਾਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕਰਦਾ ਰਿਹਾ, ਜੋ ਅੱਜ ਵੀ ਜਾਰੀ ਹੈ। ਇਨ੍ਹਾਂ ਕਿਤਾਬਾਂ 'ਚੋਂ ਮੈਂ ਹੁਣ ਤੱਕ ਕਿੰਨੀਆਂ ਕੁ ਕਿਤਾਬਾਂ ਪੜ੍ਹ ਲਈਆਂ, ਕੋਈ ਗਿਣਤੀ ਨਹੀਂ। ਹੁਣ ਤਕ ਮੈਂ ਦੂਰ-ਨੇੜੇ ਦੇ ਲਗਪਗ 800 ਸਕੂਲਾਂ ਦੇ ਵਿਦਿਆਰੀਆਂ ਤਕ ਕਿਤਾਬਾਂ ਪਹੁੰਚਾ ਚੁੱਕਾ ਹਾਂ ਤੇ ਉਹਨਾਂ ਨੂੰ ਕਿਤਾਬਾਂ ਦੀ ਅਹਿਮੀਅਤ ਤੋਂ ਜਾਣੂ ਕਰਵਾ ਚੁੱਕਾ ਹਾਂ। ਇਨ੍ਹਾਂ ਅੱਠ ਸਾਲਾਂ ਵਿਚ ਮੈਂ ਆਪਣੀ ਮੋਬਾਈਲ ਰਿਪੇਅਰ ਦੀ ਦੁਕਾਨ ਕਦੋਂ ਬੰਦ ਕਰ ਦਿੱਤੀ 'ਤੇ ਕਦੋਂ ਢੇਰਾਂ ਦੇ ਢੇਰ ਕਿਤਾਬਾਂ ਮੇਰੇ ਘਰ ਆ ਗਈਆਂ, ਮੈਂ ਕਦੋਂ ਦੋ ਕਿਤਾਬਾਂ 'ਅੰਧ-ਵਿਸ਼ਵਾਸ ਕਿਉਂ?' ਅਤੇ 'ਸਫ਼ਲਤਾ ਦੇ ਗੁਰ ਮੰਤਰ' ਵੀ ਲਿਖ ਦਿੱਤੀਆਂ, ਕਦੋਂ ਕਿੰਨੇ ਹੀ ਆਰਟੀਕਲ ਤੇ ਕਹਾਣੀਆਂ, ਕਵਿਤਾਵਾਂ ਲਿਖ ਦਿੱਤੀਆਂ, ਜੋ ਅਖ਼ਬਾਰਾਂ 'ਚ ਛਪ ਗਏ, ਸਮੇਂ ਦੇ ਵੇਗ 'ਚ ਪਤਾ ਵੀ ਨਾ ਲੱਗਾ। ਕਿਤਾਬਾਂ 'ਚੋਂ ਕਮਾਏ ਪੈਸੇ ਮੇਰੇ ਮੋਬਾਈਲ ਰਿਪੇਅਰ ਦੀ ਕਮਾਈ ਦਾ ਬਹੁਤ ਹੀ ਥੋੜ੍ਹਾ ਹਿੱਸਾ ਹਨ, ਜਿਸ ਨਾਲ ਕਈ ਵਾਰ ਘਰ ਚਲਾਉਣਾ ਵੀ ਮੁਸ਼ਕਲ ਹੋ ਜਾਂਦਾ ਹੈ ਪਰ ਮੈਂ ਇਕ ਸੰਤੁਸ਼ਟੀ ਜਿਹੀ ਮਹਿਸੂਸ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਇਕ ਵਾਰ ਨਾਲ ਤੁਰੀਆਂ ਇਹ ਕਿਤਾਬਾਂ ਹਰ ਹਾਲਤ ਅਤੇ ਆਖ਼ਰੀ ਸਾਹ ਤੱਕ ਮੇਰੇ ਨਾਲ ਤੁਰਦੀਆਂ ਰਹਿਣਗੀਆਂ। •

ਪਿੰਡ ਦੇ ਵੱਡੇ ਸਕੂਲੋਂ ਛੁੱਟੀ ਹੋਣ ਸਮੇਂ ਇਕ ਵਿਦਿਆਰਥੀ ਮੇਰੇ ਕੋਲ ਆਇਆ ਤੇ ਕਹਿਣ ਲੱਗਾ 'ਵੀਰ ਜੀ, ਮੇਰੀ ਕਿਤਾਬ ਰੱਖ ਲਓ ਤੇ ਮੈਨੂੰ ਦਸ ਰੁਪਏ ਵਾਲਾ ਮੈਸੇਜ ਪੈਕ ਦੇ ਦਿਓ।' ਉਸ ਦੀ ਗੱਲ ਸੁਣ ਮੇਰੀ ਰੂਹ ਕੰਬ ਉਠੀ ਕਿ ਹੁਣ ਆਹ ਨੌਬਤ ਆ ਗਈ ਕਿ ਵਿਦਿਆਰਥੀ ਮੋਬਾਈਲ ਦੀ ਵਰਤੋਂ ਲਈ ਆਪਣੀਆਂ ਕਿਤਾਬਾਂ ਤਕ ਗਹਿਣੇ ਰੱਖਣਗੇ...



ਕੌਮੀ ਪੱਤ੍ਰਿਕਾ

## ਸੰਪਾਦਕੀ

### ਉੱਤਰ ਪ੍ਰਦੇਸ਼ ਵਿੱਚ ਫ਼ਿਰਕੂ ਹਿੰਸਾ ਦੇ ਅਧਿਆਏ ਵਿੱਚ ਇੱਕ ਹੋਰ ਪੰਨਾ ਜੁੜਿਆ

ਉੱਤਰ ਪ੍ਰਦੇਸ਼ ਵਿੱਚ ਫ਼ਿਰਕੂ ਹਿੰਸਾ ਦੇ ਅਧਿਆਏ ਵਿੱਚ ਇੱਕ ਹੋਰ ਪੰਨਾ ਜੁੜ ਗਿਆ ਜਦੋਂ ਸੰਭਲ ਸ਼ਹਿਰ ਵਿੱਚ ਇੱਕ ਮਸਜਿਦ ਦੇ ਸਰਵੇ ਮੌਕੇ ਮੁਜ਼ਾਹਰਾਕਾਰੀਆਂ ਅਤੇ ਪੁਲੀਸ ਵਿਚਕਾਰ ਹੋਈ ਹਿੰਸਕ ਝੜਪ ਵਿੱਚ ਚਾਰ ਲੋਕਾਂ ਦੀ ਮੌਤ ਹੋ ਗਈ। ਸੰਭਲ ਸ਼ਹਿਰ ਵਿੱਚ ਮੌਜੂਦ ਸੋਲ੍ਹਵੀਂ ਸਦੀ ਦੀ ਬਣੀ ਜਾਮਾ ਮਸਜਿਦ ਬਾਰੇ ਇੱਕ ਵਕੀਲ ਵੱਲੋਂ ਪਟੀਸ਼ਨ ਦਾਇਰ ਕਰਨ ਤੋਂ ਬਾਅਦ ਸਿਵਲ ਜੱਜ ਨੇ ਸਰਵੇ ਕਰਨ ਦਾ ਹੁਕਮ ਦਿੱਤਾ ਸੀ। ਲੰਘੀ 19 ਨਵੰਬਰ ਨੂੰ ਜ਼ਿਲ੍ਹਾ ਮੈਜਿਸਟ੍ਰੇਟ ਅਤੇ ਪੁਲੀਸ ਸੁਪਰਡੈਂਟ ਦੀ ਨਿਗਰਾਨੀ ਹੇਠ ਸਰਵੇ ਕੀਤਾ ਗਿਆ ਸੀ ਜਿਸ ਵਾਸਤੇ ਇੱਕ ਵਕੀਲ ਨੂੰ ਕਮਿਸ਼ਨਰ ਨਿਯੁਕਤ ਕੀਤਾ ਗਿਆ ਸੀ। ਸਰਵੇ ਦਾ ਕੰਮ ਬਿਨਾਂ ਕਿਸੇ ਭੜਕਾਹਟ ਦੇ ਹੋ ਗਿਆ ਸੀ, ਪਰ ਫਿਰ ਲੰਘੇ ਐਤਵਾਰ ਹਾਲਾਤ ਕਿਉਂ ਬੇਕਾਬੂ ਹੋ ਗਏ ਜਦੋਂਕਿ ਭਾਰੀ ਸੰਖਿਆ ਵਿੱਚ ਪੁਲੀਸ ਬਲ ਤਾਇਨਾਤ ਕੀਤੇ ਗਏ ਸਨ ? ਮੁਰਾਦਾਬਾਦ ਡਿਵੀਜ਼ਨਲ ਕਮਿਸ਼ਨਰ ਦਾ ਕਹਿਣਾ ਸੀ ਕਿ ਕੁਝ ਲੋਕਾਂ ਨੇ ਮਸਜਿਦ ’ਚੋਂ ਜਾ ਰਹੀ ਸਰਵੇ ਟੀਮ ਉੱਪਰ ਪਥਰਾਅ ਕੀਤਾ ਸੀ। ਜੇ ਇਹ ਦਾਅਵਾ ਸਹੀ ਹੈ ਤਾਂ ਸੁਆਲ ਉੱਠਦਾ ਹੈ ਕਿ ਕੀ ਹਮਲਾ ਗਿਣ ਮਿੱਥ ਕੇ ਕੀਤਾ ਗਿਆ ਸੀ ਅਤੇ ਇਸ ਦੀ ਯੋਜਨਾ ਕਿਸ ਨੇ ਘੜੀ ਸੀ ? ਇਹ ਵੀ ਸੁਆਲ ਉੱਠਦਾ ਹੈ ਕਿ ਪੁਲੀਸ ਦਾ ਰੁਖ਼ ਕਿਹੋ ਜਿਹਾ ਰਿਹਾ ਅਤੇ ਕੀ ਇਸ ਨੇ ਢੁਕਵੀਂ ਕਾਰਵਾਈ ਕੀਤੀ ਸੀ ? ਵਾਜਬ ਅਤੇ ਪਾਰਦਰਸ਼ੀ ਜਾਂਚ ਤੋਂ ਬਾਅਦ ਹੀ ਇਨ੍ਹਾਂ ਸਵਾਲਾਂ ਦੇ ਜਵਾਬ ਦਿੱਤੇ ਜਾ ਸਕਦੇ ਹਨ। ਇਸ ਦੇ ਨਾਲ ਹੀ ਸਰਕਾਰ ਨੂੰ ਇਹ ਵੀ ਸੋਚਣ ਦੀ ਲੋੜ ਹੈ ਕਿ ਵਾਰ ਵਾਰ ਕਿਸੇ ਨਾ ਕਿਸੇ ਮਸਜਿਦ ਹੇਠ ਮੰਦਰ ਹੋਣ ਦੀ ਇਸ ਮੁਹਿੰਮ ਉੱਪਰ ਲਗਾਮ ਕਿਉਂ ਨਹੀਂ ਲਾਈ ਜਾ ਰਹੀ ?

ਸਮਾਜਵਾਦੀ ਪਾਰਟੀ (ਸਪਾ) ਦੇ ਲੋਕ ਸਭਾ ਮੈਂਬਰ ਤੇ ਸਪਾ ਦੇ ਹੀ ਵਿਧਾਇਕ ਦੇ ਬੇਟੇ ਵਿਰੁੱਧ ਹਿੰਸਾ ਭੜਕਾਉਣ ਦੇ ਦੋਸ਼ ਤਹਿਤ ਕੇਸ ਦਰਜ ਹੋਣ ’ਤੇ ਸਿਆਸੀ ਟਕਰਾਅ ਸ਼ੁਰੂ ਹੋ ਗਿਆ ਹੈ। ਸਮਾਜਵਾਦੀ ਪਾਰਟੀ ਦੀ ਉੱਤਰ ਪ੍ਰਦੇਸ਼ ਵਿੱਚ ਸਾਥੀ ਧਿਰ ਕਾਂਗਰਸ ਨੇ ਲੋਕਾਂ ’ਤੇ ਲੋੜੋਂ ਵੱਧ ਤਾਕਤ ਦੀ ਵਰਤੋਂ ਲਈ ਭਾਜਪਾ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਭਾਵੇਂ ਸੱਤਾਧਾਰੀ ਪਾਰਟੀ ਨੇ ਸਥਾਨਕ ਨੇਤਾਵਾਂ ’ਤੇ ਦੰਗਿਆਂ ਦੀ ਸਾਜ਼ਿਸ਼ ਘੜਨ ਤੇ ਅਧਿਕਾਰੀਆਂ ਨੂੰ ਡਿਊਟੀ ਕਰਨ ਤੋਂ ਰੋਕਣ ਦਾ ਦੋਸ਼ ਲਾਇਆ ਹੈ, ਪਰ ਮਾਮਲੇ ਦੀ ਸੰਵੇਦਨਸ਼ੀਲਤਾ ਨੂੰ ਦੇਖਦਿਆਂ ਰਾਜਨੀਤਕ ਤੇ ਧਾਰਮਿਕ ਆਗੂਆਂ ਨੂੰ ਆਪਣੇ ਭਾਸ਼ਣਾਂ ਤੇ ਕਾਰਵਾਈਆਂ ’ਚ ਹਰ ਹਾਲ ਸੰਜਮ ਵਰਤਣ ਦੀ ਲੋੜ ਹੈ। ਅਦਾਲਤ ਵੱਲੋਂ ਵਿਧੀਵਤ ਢੰਗ ਨਾਲ ਦਿੱਤੇ ਸਰਵੇਖਣ ਦੇ ਹੁਕਮਾਂ ਦਾ ਵਿਰੋਧ ਕਰਨ ਵਾਲੇ ਦੰਗਾਕਾਰੀਆਂ ਤੇ ਭੜਕਾਹਟ ਪੈਦਾ ਕਰਨ ਵਾਲੇ ਅਨਸਰਾਂ ਖ਼ਿਲਾਫ਼ ਬਣਦੀ ਕਾਰਵਾਈ ਹੋਣੀ ਚਾਹੀਦੀ ਹੈ। ਵਿਗਿਆਨਕ ਤੌਰ ’ਤੇ ਇਸ ਗੱਲ ਦੀ ਪੁਸ਼ਟੀ ਕਰਨਾ ਭਾਰਤੀ ਪੁਰਾਤੱਤਵ ਸਰਵੇਖਣ ਦਾ ਕੰਮ ਹੈ ਕਿ ਕੀ ਉਹ ਥਾਂ ਜਿੱਥੇ ਹੁਣ ਮਸਜਿਦ ਖੜ੍ਹੀ ਹੈ, ਉੱਥੇ ਪਹਿਲਾਂ ਮੰਦਰ ਸੀ ਜਾਂ ਨਹੀਂ। ਹਰ ਕਦਮ ’ਤੇ, ਕਾਨੂੰਨ ਦੀ ਇੰਨ-ਬਿੰਨ ਪਾਲਣਾ ਕਰਨੀ ਬਣਦੀ ਹੈ। ‘ਬੁਲਡੋਜ਼ਰ ਇਨਸਾਫ਼’ ਬਾਰੇ ਸੁਪਰੀਮ ਕੋਰਟ ਦੀਆਂ ਹਾਲ ਹੀ ਵਿੱਚ ਆਈਆਂ ਹਦਾਇਤਾਂ ਨੂੰ ਦੇਖਦਿਆਂ ਪ੍ਰਸ਼ਾਸਨ ਨੂੰ ਨਾ ਸਿਰਫ਼ ਗ਼ੈਰ-ਕਾਨੂੰਨੀ ਕਬਜ਼ੇ ਢਾਹੁਣ ਦੌਰਾਨ ਲੋੜੋਂ ਵੱਧ ਕਾਰਵਾਈ ਤੋਂ ਪਰਹੇਜ਼ ਕਰਨਾ ਚਾਹੀਦਾ ਹੈ, ਬਲਕਿ ਸਰਵੇਖਣਾਂ ਤੇ ਨਿਰੀਖਣਾਂ ਦੌਰਾਨ ਵੀ ਵੱਧ ਤੋਂ ਵੱਧ ਸੰਜਮ ਵਰਤਣਾ ਚਾਹੀਦਾ ਹੈ।

## ਜ਼ੀਰਕਪੁਰ ਸ਼ਹਿਰ ਵਿੱਚ ਵਧਦੀ ਆਬਾਦੀ ਦੇ ਬਾਵਜੂਦ ਪੁਲਿਸ ਕਰਮਚਾਰੀਆਂ ਦੀ ਨ਼ਫਰੀ ਦੀ ਘਾਟ




**ਜ਼ੀਰਕਪੁਰ, 27 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

6 ਲੱਖ ਤੋਂ ਵੱਧ ਆਬਾਦੀ ਅਤੇ ਵਸਨੀਕਾਂ ਵਿੱਚ ਲਗਾਤਾਰ ਵਾਧੇ ਦੇ ਨਾਲ, ਜ਼ੀਰਕਪੁਰ ਸ਼ਹਿਰ ਨਾਕਾਫ਼ੀ ਪੁਲਿਸ ਤਾਇਨਾਤੀ ਦੇ ਚਿੰਤਾਜਨਕ ਮੁੱਦੇ ਦਾ ਸਾਹਮਣਾ ਕਰ ਰਿਹਾ ਹੈ, ਜਿਸ ਕਾਰਨ ਖੇਤਰ ਵਿੱਚ ਕਈ ਮਾਮਲੇ ਅਣਸੁਣੇ ਹੀ ਰਹੀ ਜਾਂਦੇ ਹਨ ਜੋ ਅਖੀਰ ਵਿੱਚ ਸਰਕਾਰ ਦੇ ਪ੍ਰਤੀ ਨਾਰਾਜ਼ਗੀ ਦਾ ਵੀ ਕਾਰਨ ਬਣਦਾ ਹੈ। ਸੂਤਰਾਂ ਅਨੁਸਾਰ ਸ਼ਹਿਰ ਦੇ ਦੋ ਥਾਨਿਆਂ ਜ਼ੀਰਕਪੁਰ ਅਤੇ ਢਕੋਲੀ ਤੋਂ ਇਲਾਵਾ ਬਲਟਾਣਾ ਖੇਤਰ ਵਿੱਚ ਇੱਕ ਪੁਲੀਸ ਚੌਕੀ ਹੈ। ਜ਼ੀਰਕਪੁਰ ਅਤੇ ਢਕੋਲੀ ਥਾਣਿਆ ਵਿੱਚ ਕ੍ਰਮਵਾਰ ਸਿਰਫ਼ 37 ਅਤੇ 21 ਪੁਲੀਸ ਮੁਲਾਜ਼ਮ ਹਨ। ਸ਼ਹਿਰ ਵਿੱਚ ਕਾਨੂੰਨ ਲਾਗੂ ਕਰਨ ਦੀ ਇਹ ਘਾਟ ਨਿਵਾਸੀਆਂ ਅਤੇ ਅਧਿਕਾਰੀਆਂ ਦੋਵਾਂ ਲਈ ਚਿੰਤਾ ਦਾ ਕਾਰਨ ਹੈ ਹਾਲਾਂਕਿ ਇਸ ਸੰਬਧੀ ਕੋਈ ਵੀ ਅਧਿਕਾਰੀ ਕੁੱਝ ਵੀ ਸਾਂਝਾ ਕਰਨ ਤੋਂ ਕਤਰਾਉਂਦਾ ਹੈ ਕਿਉਂਕਿ ਉਸਦੀ ਮਜਬੂਰੀ ਹੈ ਕਿ ਉਸ ਕੋਲ ਜੋ ਨ਼ਫਰੀ ਮੌਜੂਦ ਹੈ ਉਸ ਨਾਲ ਹੀ ਕੰਮ ਚਲਾਉਣਾ ਉਸਦੀ ਜਿੰਮੇਵਾਰੀ ਹੈ। ਜ਼ੀਰਕਪੁਰ ਹੈ ਕਿ ਜ਼ੀਰਕਪੁਰ ਸ਼ਹਿਰ ਦੀ ਭਗੌਲਿਕ ਸਥਿਤੀ ਚੰਡੀਗੜ੍ਹ ਦੇ ਅਤੇ ਕੌਮਾਂਤਰੀ ਹਵਾਈ ਅੱਡੇ ਮੋਹਾਲੀ ਦੇ ਨਜ਼ਦੀਕ ਹੋਣ ਕਾਰਨ ਇੱਥੇ ਅਕਸਰ ਵੀਆਈਪੀ ਮੂਵਮੈਂਟ ਵੀ ਰਹਿੰਦੀ ਹੈ ਜਿਸ ਲਈ ਵਿਸ਼ੇਸ਼ ਤੌਰ ਤੇ ਪੁਲਿਸ ਦੀ ਤੈਨਾਤੀ ਕਰਨੀ ਪੈਂਦੀ ਹੈ, ਜਦਕੀ ਸ਼ਹਿਰ ਵਿੱਚ ਚੰਡੀਗੜ੍ਹ ਅੰਬਾਲਾ ਅਤੇ ਚੰਡੀਗੜ੍ਹ ਬਠਿੰਡਾ ਕੌਮੀ ਸ਼ਾਹਰਾਹ ਵੀ ਗੁਜ਼ਰਦੇ ਹਨ ਜਿਨ੍ਹਾਂ ਤੇ ਅਕਸਰ ਹੀ ਐਕਸੀਡੈਂਟ ਵੀ ਹੁੰਦੇ ਹਨ ਜਿਸ ਲਈ ਵੀ ਪੁਲਿਸ ਕਰਮਚਾਰੀਆਂ ਦੇ ਰੁਝੇਵਿਆਂ ਵਿੱਚ ਵਾਧਾ ਹੁੰਦਾ ਹੈ।

ਜ਼ੀਰਕਪੁਰ ਸ਼ਹਿਰ ਵਿੱਚ ਪੁਲੀਸ ਮੁਲਾਜ਼ਮਾਂ ਦੀ ਘਾਟ ਇੱਕ ਅਹਿਮ ਮੁੱਦਾ ਹੈ ਜਿਸ ਨੂੰ ਤੁਰੰਤ ਹੱਲ ਕਰਨ ਦੀ ਲੋੜ ਹੈ। ਇਸਤੋਂ ਇਲਾਵਾ ਹਰੇਕ ਤਫ਼ਤੀਸ਼ੀ ਅਫ਼ਸਰ ਕੋਲ 100 ਤੋਂ ਵੱਧ ਕੇਸ ਹੋਣ ਕਾਰਨ ਸ਼ਹਿਰ ਵਿੱਚ ਵੱਧ ਰਹੀ ਅਪਰਾਧ ਦਰ ਨਾਲ ਨਜਿੱਠਣ ਲਈ ਪੁਲੀਸ ਮੁਲਾਜ਼ਮਾਂ ਦੀ ਮੌਜੂਦਾ ਗਿਣਤੀ ਕਾਫ਼ੀ ਨਹੀਂ ਹੈ। ਇਹ ਘਾਟ ਨਾ ਸਿਰਫ ਮੌਜੂਦਾ ਪੁਲਿਸ ਫੋਰਸ @ਤੇ ਦਬਾਅ ਪਾਉਂਦੀ ਹੈ ਬਲਕਿ ਨਿਵਾਸੀਆਂ ਦੀ ਸੁਰੱਖਿਆ ਨਾਲ ਵੀ ਸਮਝੌਤਾ ਹੈ। ਹਾਲਾਂਕਿ ਜ਼ਿਲ੍ਹਾ ਪੁਲਿਸ ਵਿਭਾਗ ਇਸ ਮੁੱਦੇ ਨੂੰ ਸਵੀਕਾਰ ਕਰਦਾ ਹੈ ਅਤੇ ਹੱਲ ਲੱਭਣ ਲਈ ਕੰਮ ਕਰ ਰਿਹਾ ਹੈ। ਜਦਕੀ ਪੁਲਿਸ ਦੇ ਉੱਚ ਅਧਿਕਾਰੀਆਂ ਵੱਲੋਂ ਲੋਕਾਂ ਨੂੰ ਭਰੋਸਾ ਦਿਵਾਇਆ ਜਾਂਦਾ ਹੈ ਕਿ ਸ਼ਹਿਰ ਵਿੱਚ ਪੁਲਿਸ ਮੁਲਾਜ਼ਮਾਂ ਦੀ ਗਿਣਤੀ ਵਧਾਉਣ ਲਈ ਕਦਮ ਚੁੱਕੇ ਜਾ ਰਹੇ ਹਨ।

ਹਾਲਾਂਕਿ, ਵਧਦੀ ਆਬਾਦੀ ਅਤੇ ਅਪਰਾਧ ਦਰ ਦੇ ਨਾਲ, ਅਧਿਕਾਰੀਆਂ ਲਈ ਨਿਵਾਸੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਤੁਰੰਤ ਅਤੇ ਪ੍ਰਭਾਵੀ ਕਾਰਵਾਈ ਕਰਨਾ ਮਹੱਤਵਪੂਰਨ ਹੈ। ਦੂਜੇ ਪਾਸੇ ਉੱਚ ਅਧਿਕਾਰੀਆਂ ਵੱਲੋਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਸੁਚੇਤ ਰਹਿਣ ਅਤੇ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਸੂਚਨਾ ਪੁਲਿਸ ਨੂੰ ਦੇਣ। ਅਧਿਕਾਰੀਆਂ ਵੱਲੋਂ ਸ਼ਹਿਰ ਵਿੱਚ ਪੁਲਿਸ ਦੀ ਤਾਇਨਾਤੀ ਵਧਾ ਕੇ ਨਾਗਰਿਕਾਂ ਦੀ ਸੁਰੱਖਿਆ ਨੂੰ ਪਹਿਲ ਦੇਣੀ ਵੀ ਜ਼ਰੂਰੀ ਹੈ। ਵਧਦੀ ਆਬਾਦੀ ਅਤੇ ਅਪਰਾਧ ਦਰ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਹੈ, ਅਤੇ ਇਸ ਮੁੱਦੇ ਨੂੰ ਹੱਲ ਕਰਨਾ ਅਤੇ ਨਿਵਾਸੀਆਂ ਦੀ ਭਲਾਈ ਨੂੰ ਯਕੀਨੀ ਬਣਾਉਣਾ ਪੁਲਿਸ ਵਿਭਾਗ ਦੇ ਉੱਚ ਅਧਿਕਾਰੀਆਂ ਦੀ ਜ਼ਿੰਮੇਵਾਰੀ ਹੈ।

## ਡਾ . ਗੁਰਪ੍ਰੀਤ ਕੌਰ ਨੂੰ ਪੁਆਧੀ ਪੰਜਾਬੀ ਸੱਥ ਵੱਲੋਂ ਕੀਤਾ ਗਿਆ ਸਨਮਾਨਿਤ



**ਸ੍ਰੀ ਆਨੰਦਪੁਰ ਸਾਹਿਬ, 27 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੁਆਧੀ ਪੰਜਾਬੀ ਸੱਥ ਮੁਹਾਲੀ ਵੱਲੋਂ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਅਤੇ ਸਹਾਇਕ ਪ੍ਰੋਫ਼ੈਸਰ ਡਾਕਟਰ ਗੁਰਪ੍ਰੀਤ ਕੌਰ ਨੂੰ ਉਨ੍ਹਾਂ ਦੀਆਂ ਅਕਾਦਮਿਕ, ਸੱਭਿਆਚਾਰਕ ਅਤੇ ਸਮਾਜਿਕ ਗਤੀਵਿਧੀਆਂ ਸਦਕਾ ਵਿਸ਼ੇਸ਼ ਤੌਰ ਉੱਤੇ ਸਨਮਾਨਿਤ ਕੀਤਾ ਗਿਆ।ਵਰਨਣਯੋਗ ਹੈ ਕਿ ਡਾ. ਗੁਰਪ੍ਰੀਤ ਕੌਰ ਮੁਹਾਲੀ ਜ਼ਿਲ੍ਹੇ @ਚ ਪੈਂਦੇ ਪਿੰਡ ਬਜੀਦਪੁਰ ਦੀ ਜੰਮਪਲ ਹੈ ਜੋ ਕਿ ਵਿਆਹ ਤੋਂ ਬਾਅਦ ਰੋਪੜ ਵਿਖੇ ਰਹਿ ਰਹੇ ਹਨ। ਉਨ੍ਹਾਂ ਮੁੱਢਲੀ ਸਿੱਖਿਆ ਤੋਂ ਬਾਅਦ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ‘ਪੰਜਾਬੀ ਕਲੀ ਦਾ ਲੋਕਧਾਰਕ ਅਧਿਐਨ ਵਿਸ਼ੇ ’ਤੇ ਪੀ.ਐੱਚ.ਡੀ. ਕੀਤੀ । ਇਸ ਵੇਲੇ ਉਹ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਜਾਬੀ ਵਿਭਾਗ ਦੇ ਮੁਖੀ ਵਜੋਂ ਸੇਵਾਵਾਂ ਨਿਭਾ ਰਹੇ ਹਨ।

ਪੰਜਾਬੀ ਸਾਹਿਤ ਸਮਾਲੋਚਨਾ @ਚ ਉਨ੍ਹਾਂ ਦੀਆਂ ਚਾਰ ਪੁਸਤਕਾਂ ਜ਼ਿਕਰਯੋਗ ਹਨ। ਮੱਧਕਾਲੀਨ ਕਾਵਿ ਅਵਲੋਕਨ, ਗੁਰਮਤਿ ਸਾਹਿਤ ਦਰਸ਼ਨ, @ਪੰਜਾਬੀ ਲੋਕਧਾਰਾ ਸਿਧਾਂਤ ਤੇ ਵਿਹਾਰ ਅਤੇ ਪੰਜਾਬੀਅਤ ਦਾ ਮੁਦਈ ਡਾ. ਐੱਮ. ਐੱਸ.ਰੰਧਾਵਾ। ਉਨ੍ਹਾਂ ਇੱਕ ਸਫ਼ਲ ਸੰਪਾਦਕ ਵਜੋਂ ਆਪ ਨੇ ‘ਮੇਰਾ ਜੀਵਨ ਅਨੁਭਵ, ਅੱਖਰ ਗਿਆਨ, ਜੀਵਨ ਵਿਹਾਰ ਅਤੇ ਕਹਾਣੀ ਸੰਸਾਰ ਪੁਸਤਕਾਂ ਸੰਪਾਦਿਤ ਕੀਤੀਆਂ।ਆਪ ਦੇ 70 ਦੇ ਲਗਭਗ ਖੋਜ ਨਿਬੰਧ ਵੀ ਛਪੇ ਹੋਏ ਹਨ। ਜਿਸ ਸਦਕਾ ਪੰਜਾਬੀ ਦੀਆਂ,ਪੰਜਾਬ ਤੇ ਕੈਨੇਡਾ ਦੀਆਂ ਸਹਿਤ ਸਭਾਵਾਂ ਵਲੋਂ ਵੱਖ-ਵੱਖ ਸਮੇਂ ਅਤੇ ਪੰਜਾਬ ਸਰਕਾਰ ਵਲੋਂ 15 ਅਗਸਤ 2023 ਨੂੰ ਵਿਸ਼ੇਸ਼ ਤੌਰ ਤੇਸਨਮਾਨਿਤ ਕੀਤਾ।ਇਸ ਤਹਿਤ ਹੁਣ ਡਾ.ਗੁਰਪ੍ਰੀਤ ਕੌਰ ਨੂੰ ਪੁਆਧੀ ਪੰਜਾਬੀ ਸੱਥ ਵੱਲੋਂ ਸ. ਮਨਮੋਹਨ ਸਿੰਘ ਦਾਊਂ ਦੀ ਅਗਵਾਈ @ਚ ਹੋਏ ਸਾਲਾਨਾ 21ਵੇਂ ਸਮਾਗਮ ਦੌਰਾਨ ਸਰਦਾਰਨੀ ਰਵਿੰਦਰ ਕੌਰ ਪਲੇਠਾ ਪੁਰਸਕਾਰ 2024 ਨਾਲ ਸਨਮਾਨਿਤ ਕੀਤਾ ਗਿਆ ਹੈ।

## ਪੰਜਾਬੀ ਸਾਹਿਤ ਸਭਾ ਸ਼੍ਰੀ ਭੈਣੀ ਸਾਹਿਬ ਵੱਲੋਂ ਮਹੀਨਾਵਾਰੀ ਮੀਟਿੰਗ ਦੌਰਾਨ ਪੱਤਰਕਾਰ ਲੱਕੀ ਘੁਮੈਤ ਨੂੰ ਕੀਤਾ ਸਨਮਾਨਿਤ



**ਮਾਛੀਵਾੜਾ ਸਾਹਿਬ, 27 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਸਾਹਿਤ ਸਭਾ ਸ਼੍ਰੀ ਭੈਣੀ ਸਾਹਿਬ ਦੀ ਮਹੀਨਾਵਾਰ ਮੀਟਿੰਗ ਨਿਊ ਹਾਲ ਲਾਟੋਂ ਰੋਡ ਸ੍ਰੀ ਭੈਣੀ ਸਾਹਿਬ ਵਿਖੇ ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ, ਕਹਾਣੀਕਾਰ ਸੁਰਿੰਦਰ ਰਾਮਪੁਰੀ,ਕਹਾਣੀਕਾਰ ਗੁਰਦਿਆਲ ਦਲਾਲ , ਗੀਤਕਾਰ ਲਖਵਿੰਦਰ ਸਿੰਘ ਲੱਖਾ ਸਲੇਮਪੁਰੀ , ਸੁਰਜੀਤ ਸਿੰਘ ਵਿਸ਼ਦ @ਤੇ ਸੁਲੱਖਣ ਸਿੰਘ ਅਟਵਾਲ ਦੀ ਧਰਮਪਤਨੀ ਮਨਜੀਤ ਕੌਰ ਦੀ ਪ੍ਰਧਾਨਗੀ ਹੇਠ ਹੋਈ ।

ਇਹ ਸਮਾਗਮ ਪੰਜਾਬੀ ਸਾਹਿਤ ਸਭਾ ਸ਼੍ਰੀ ਭੈਣੀ ਸਾਹਿਬ ਦੇ ਦੋ ਮਰਹੂਮ ਸ਼ਾਇਰ ਸੁਲੱਖਣ ਸਿੰਘ ਅਟਵਾਲ,ਪਰਮਜੀਤ ਸਿੰਘ ਰਾਏ ਨੂੰ ਸਮਰਪਿਤ ਕੀਤਾ ਗਿਆ। ਸ਼ੁਰੂਆਤੀ ਦੌਰ ਵਿੱਚ ਕਾਮਰੇਡ ਕਰਤਾਰ ਸਿੰਘ ਬੁਆਣੀ ਦੀ ਮੌਤ ਤੇ ਅਫਸੋਸ ਪ੍ਰਗਟ ਕੀਤਾ ਗਿਆ। ਗੀਤਕਾਰ ਸੁਲੱਖਣ ਸਿੰਘ ਅਟਵਾਲ @ਤੇ ਪਰਮਜੀਤ ਸਿੰਘ ਰਾਏ ਬਾਰੇ ਗੁਰਸੇਵਕ ਸਿੰਘ ਢਿੱਲੋਂ , ਰਜਿੰਦਰ ਕੌਰ ਪੰਨੂੰ ਨੇ ਆਪਣੇ ਵਿਚਾਰ ਸਾਂਝੇ ਕੀਤੇ । ਕਹਾਣੀਕਾਰ ਸੁਰਿੰਦਰ ਰਾਮਪੁਰੀ , ਕਹਾਣੀਕਾਰ ਗੁਰਦਿਆਲ ਦਲਾਲ , ਸੁਰਜੀਤ ਸਿੰਘ ਵਿਸ਼ਦ , ਨੇ ਅਜੋਕੀ ਤੇ ਪੁਰਾਤਨ ਪੱਤਰਕਾਰੀ ਬਾਰੇ ਭਰਪੂਰ ਜਾਣਕਾਰੀ ਦਿੱਤੀ। ਮੀਟਿੰਗ ਉਪਰੰਤ ਹਲਕਾ ਸਾਹਨੇਵਾਲ ਦੇ ਸੀਨੀਅਰ ਪੱਤਰਕਾਰ ਲੱਕੀ ਘੁਮੈਤ ਸਮੇਤ ਹੋਰ 10 ਪੱਤਰਕਾਰਾਂ ਦਾ ਸਨਮਾਨ ਕੀਤਾ ਗਿਆ । ਜਿੰਨ੍ਹਾ ਵਿੱਚ ਸਰਵ ਜਸਵੀਰ ਸਿੰਘ ਝੱਜ , ਡਾ. ਕੁਲਦੀਪ ਸਿੰਘ ਕੁਹਾੜਾ ,ਬਲਵੀਰ ਸਿੰਘ ਬੱਬੂ ਕੁਹਾੜਾ , ਅਮਰਜੀਤ ਸਿੰਘ ਮੰਗਲੀ , ਲਾਲ ਸਿੰਘ ਮਾਂਗਟ , ਅੰਮ੍ਰਿਤਪਾਲ ਸਮਰਾਲਾ , ਰਾਮਦਾਸ ਬੰਗੜ ਸਮਰਾਲਾ , ਸੋਮਨਾਥ ਸਿੰਘ ਭੱਟੀ , ਹਰਪ੍ਰੀਤ ਸਿੰਘ ਸਿਹੋੜਾ , ਲਖਵੀਰ ਸਿੰਘ ਲੱਭਾ , ਸ਼ਾਮਲ ਸਨ । ਦੂਸਰੇ ਸ਼ੈਸ਼ਨ ਵਿੱਚ ਕਵੀ ਦਰਬਾਰ ਹੋਇਆ ਜਿਸਦੀ ਪ੍ਰਧਾਨਗੀ ਇੰਦਰਜੀਤ ਕੌਰ ਲੋਟੇ , ਸੋਮਨਾਥ ਸਿੰਘ ਭੱਟੀ , ਸੁਖਵੀਰ ਸਿੰਘ ਸੰਧੇ @ਤੇ ਗੀਤਕਾਰ ਅਮਰਜੀਤ ਸ਼ੇਰਪੁਰੀ @ਤੇ ਹਰਬੰਸ ਸਿੰਘ ਰਾਏ ਨੇ ਕੀਤੀ । ਰਚਨਾਵਾਂ ਦੇ ਦੌਰ ਵਿੱਚ ਅਵਤਾਰ ਸਿੰਘ ਓਟਾਲਾ ,ਸੁਖਵਿੰਦਰ ਸਿੰਘ ਭਾਦਲਾ , ਬਲਬੀਰ ਸਿੰਘ ਬੱਬੀ , ਸੁੱਖ ਚਮਕੀਲਾ , ਦਲਵੀਰ ਸਿੰਘ ਕਲੇਰ , ਜਗਪਾਲ ਸਿੰਘ ਜੱਗਾ , ਰਜਿੰਦਰ ਕੌਰ ਪੰਨੂੰ , ਅਮਰਜੀਤ ਸ਼ੇਰਪੁਰੀ , ਸੋਮਨਾਥ ਸਿੰਘ ਭੱਟੀ , ਹਰਬੰਸ ਸਿੰਘ ਰਾਏ , ਇੰਦਰਜੀਤ ਕੌਰ ਲੋਟੇ , ਲਖਵੀਰ ਸਿੰਘ ਲੱਭਾ , ਪੱਪੂ ਬਲਬੀਰ , ਹਰਪ੍ਰੀਤ ਸਿੰਘ ਸਿਹੋੜਾ , ਸੁਖਵੀਰ ਸਿੰਘ ਸੰਧੇ , ਮਲਕੀਤ ਸਿੰਘ ਮਾਲੜਾ , ਹਰਬੰਸ ਸਿੰਘ ਸ਼ਾਨ ਬਗਲੀ , ਮਨਜੀਤ ਸਿੰਘ ਘੁੰਮਣ , ਮਨਜੀਤ ਸਿੰਘ ਰਾਗੀ , ਬਲਵੰਤ ਸਿੰਘ ਵਿਰਕ , ਦਲਜੀਤ ਸਿੰਘ ਬਿੱਲਾ , ਤਰਨ ਸਿੰਘ ਬੱਲ ਆਦਿ ਨੇ ਹਾਜ਼ਰੀ ਭਰੀ ।

## ਹਰਜੀਤ ਸਿੰਘ ਬਿੱਟੂ ਭਾਜਪਾ ਛੱਡ ਹੋਏ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ



**ਘੱਗਾ, 27 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਕਸਬਾ ਘੱਗਾ ਵਿਖੇ ਹਰਜੀਤ ਸਿੰਘ ਬਿੱਟੂ ਭਾਜਪਾ ਨੂੰ ਛੱਡ ਐਮ ਐਲ ਏ ਕੁਲਵੰਤ ਸਿੰਘ ਦੀ ਗਵਾਹੀ ਹੇਠ ਆਮ ਆਦਮੀ ਪਾਰਟੀ ਸ਼ਾਮਲ ਹੋ ਗਏ ਹਨ ਅੱਜ ਐਮ ਐਲ ਏ ਕੁਲਵੰਤ ਸਿੰਘ ਨੇ ਉਨਾਂ ਦੇ ਗ੍ਰਹਿ ਵਿਖੇ ਪਾਰਟੀ ਵਿੱਚ ਸ਼ਾਮਿਲ ਕਰਾਉਂਦੇ ਹੋਏ ਆਖਿਆ ਕੀ ਹਰਜੀਤ ਸਿੰਘ ਬਿੱਟੂ ਨੂੰ ਪਾਰਟੀ ਵਿੱਚ ਬਣਦਾ ਮਾਣ ਸਨਮਾਨ ਦਿੱਤਾ ਜਾਵੇਗਾ ਬਿੱਟੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਆਖਿਆ ਕੀ ਉਹ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਤੋਂ ਖੁਸ਼ ਹੋ ਕੇ ਅੱਜ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ ਹਨ ਉਹ ਆਉਣ ਵਾਲੇ ਸਮੇਂ ਵਿੱਚ ਪਾਰਟੀ ਲਈ ਸਖਤ ਮਿਹਨਤ ਕਰਨਗੇ ਅਤੇ ਨਗਰ ਪੰਚਾਇਤ ਚੋਣਾਂ ਵਿੱਚ ਅਹਿਮ ਰੋਲ ਅਦਾ ਕਰਨਗੇ ਅਤੇ ਉਹ ਖੁਦ ਵੀ ਵਾਰਡ ਨੰਬਰ 3 ਤੋਂ ਐਮਸੀ ਦੀ ਚੋਣ ਜਿੱਤ ਕੇ ਪਾਰਟੀ ਦੀ ਝੋਲੀ ਵਿੱਚ ਪਾਉਣਗੇ ਅਤੇ ਉਨਾਂ ਆਖਿਆ ਕਿ ਵਾਰਡ ਨੰਬਰ 3 ਦੇ ਲੋਕ ਉਹਨਾਂ ਨੂੰ ਬਹੁਤ ਪਿਆਰ ਕਰਦੇ ਹਨ ਬਿੱਟੂ ਵੱਲੋਂ ਆਖਿਆ ਗਿਆ ਕਿ ਉਹਨਾਂ ਨੇ ਹਮੇਸ਼ਾ ਹੀ ਘੱਗੇ ਦੀ ਉਨਤੀ ਲਈ ਕੰਮ ਕੀਤਾ ਹੈ ਉਨਾਂ ਦੇ ਭਰਾ ਹਰਪਾਲ ਸਿੰਘ ਲਾਡੀ ਠੇਕੇਦਾਰ ਨੇ ਆਖਿਆ ਕੇ ਉਨਾਂ ਦਾ ਪਰਿਵਾਰ ਪਾਰਟੀ ਲਈ ਦਿਨ ਰਾਤ ਮਿਹਨਤ ਕਰੇਗਾ ਅਤੇ ਘੱਗਾ ਦੇ ਵਿਕਾਸ ਕਾਰਜਾਂ ਲਈ ਸਖਤ ਮਿਹਨਤ ਕਰਨਗੇ,ਇਸ ਮੌਕੇ ਸ਼ਹਿਰੀ ਪ੍ਰਧਾਨ ਨੰਦ ਲਾਲ ਘੱਗਾ, ਬਲਾਕ ਪ੍ਰਧਾਨ ਮਿੱਠੂ ਸਿੰਘ,ਸਤਗੁਰ ਧੂਹੜ, ਸੁਖਵਿੰਦਰ ਸਿੰਘ (ਲਾਲੀ) ਸਰਪੰਚ ਕਲਵਾਣੂੰ ,ਜਸਵੀਰ ਚੌਧਰੀ (ਜੱਸੀ) ਪੰਚ ਕਲਵਾਣੂੰ, ਰੇਮਬੋ ਘੱਗਾ, ਵਿਕਰ ਨੰਬਰਦਾਰ ਧੂਹੜ,ਸ਼ਮਸ਼ੇਰ ਵਿਰਕ,ਰਣਜੀਤ ਵਿਰਕ ਟਰੱਕ ਯੂਨੀਅਨ ਪ੍ਰਧਾਨ ਪਾਤੜਾ,ਸ਼ਹਿਰੀ ਪ੍ਰਧਾਨ ਮਦਨ ਲਾਲ ਪਾਤੜਾ, ਬੂਟਾ, ਬੇਦੀ, ਗੋਪੀ, ਬਿੰਦਰ, ਕਰਨੈਲ ਸਰਪੰਚ,ਈਸ਼ਵਰ ਪ੍ਰਧਾਨ, ਹਰਪਾਲ ਕੌਰ,ਨਰੇਸ਼ ਕੁਮਾਰ ਪ੍ਰਧਾਨ,ਸੰਦੀਪ ਸਾਵਰਾ ਸਰਪੰਚ,ਚਮਕੌਰ ਕਲਵਾਣੂੰ, ਗੋਲਡੀ ਬਰਾਸ,ਪਰਮਜੀਤ ਸਰਪੰਚ ਆਦੀ ਹਾਜ਼ਰ ਸਨ.

## 15ਵਾਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਫੁੱਟਬਾਲ ਟੂਰਨਾਮੈਂਟ ਸ਼ੁਰੂ, ਪਹਿਲੇ ਦਿਨ ਦੋਆਬਾ ਫੁੱਟਬਾਲ ਕਲੱਬ, ਪਨਾਮ, ਧਮਾਈ ਤੇ ਬਕਾਪੁਰ ਰਹੇ ਜੇਤੂ

**ਗੜ੍ਹਸ਼ੰਕਰ, 27 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੜ੍ਹਸ਼ੰਕਰ ਦੇ ਖੇਡ ਮੈਦਾਨ ਵਿਖੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਸਪੋਰਟਸ ਕਲੱਬ ਦੇ ਪ੍ਰਧਾਨ ਐਡਵੋਕੇਟ ਜਸਵੀਰ ਸਿੰਘ ਰਾਏ ਦੀ ਅਗਵਾਈ ਹੇਠ 15ਵਾਂ ਸ਼ਹੀਦ ਭਗਤ ਸਿੰਘ ਫੁੱਟਬਾਲ ਟੂਰਨਾਮੈਂਟ ਸ਼ੁਰੂ ਹੋ ਗਿਆ। ਟੂਰਨਾਮੈਂਟ ਦਾ ਉਦਘਾਟਨ ਐਸਡੀਐਮ ਗੜ੍ਹਸ਼ੰਕਰ ਹਰਬੰਸ ਸਿੰਘ ਵੱਲੋਂ ਕੀਤਾ ਗਿਆ।



ਪਹਿਲੇ ਦਿਨ ਖੇਡੇ ਗਏ ਅੰਡਰ 17 ਉਮਰ ਵਰਗ ਦੇ ਪਹਿਲੇ ਫੁੱਟਬਾਲ ਮੈਚ ਵਿੱਚ ਦੋਆਬਾ ਫੁੱਟਬਾਲ ਕਲੱਬ ਨੇ ਮਜਾਰਾ ਡਿੰਗਰੀਆਂ ਨੂੰ ਪਨੈਲਟੀ ਕਿੱਕ ਦੁਆਰਾ 5-3 ਦੇ ਫਰਕ ਨਾਲ ਹਰਾਇਆ। ਪਿੰਡ ਪੱਧਰ ਦੇ ਪਹਿਲੇ ਮੈਚ ਵਿੱਚ ਪਿੰਡ ਪਨਾਮ ਨੇ ਪੋਸੀ ਨੂੰ 3-0 ਨਾਲ, ਸੁਮੰਦੜਾ ਨੇ ਧਮਾਈ ਨੂੰ 2-0 ਨਾਲ ਅਤੇ ਤੀਜੇ ਮੈਚ ਵਿਚ ਪਿੰਡ ਬਕਾਪੁਰ ਨੇ ਵਿਛੋਹੀ ਨੂੰ ਪੈਨਲਟੀ ਕਿੱਕ ਦੁਆਰਾ 5-4 ਦੇ ਫਰਕ ਨਾਲ ਹਰਾਕੇ ਜਿੱਤ ਹਾਸਲ ਕੀਤੀ। ਇਸ ਮੌਕੇ ਕਲੱਬ ਦੇ ਪ੍ਰਧਾਨ ਐਡਵੋਕੇਟ ਜਸਵੀਰ ਸਿੰਘ ਰਾਏ ਨੇ ਦੱਸਿਆ ਕਿ 25 ਤੋਂ 29 ਨਵੰਬਰ ਤੱਕ ਚੱਲਣ ਵਾਲੇ ਇਸ ਫੁੱਟਬਾਲ ਟੂਰਨਾਮੈਂਟ ਅਤੇ ਅਥਲੈਟਿਕ ਮੀਟ ਦੇ ਵਿੱਚ ਫੁੱਟਬਾਲ ਦੀਆਂ ਪਿੰਡ ਪੱਧਰ ਤਹਿਤ ਟੀਮਾਂ ਅਤੇ 6 ਅਕੈਡਮੀਆਂ ਅੰਡਰ 17 ਉਮਰ ਵਰਗ ਹਿੱਸਾ ਲੈ ਰਹੀਆਂ ਹਨ। ਇਸ ਤੋਂ ਇਲਾਵਾ ਐਥਲੈਟਿਕ (ਅੰਡਰ-17 ਤੇ ਅੰਡਰ-19) ਦੇ ਲੜਕੇ-ਲੜਕੀਆਂ ਦੇ ਮੁਕਾਬਲੇ ਅਤੇ ਲੰਬੀ ਛਾਲ ਅਤੇ ਗੋਲਾ ਸੁੱਟਣ ਦੇ ਮੁਕਾਬਲੇ ਕਰਵਾਏ ਜਾਣਗੇ। ਇਸ ਮੌਕੇ ਪ੍ਰੇਮ ਸਿੰਘ ਡੋਗਰ, ਬਲਵੰਤ ਸਿੰਘ ਬਾਹਰਾ, ਹਰਸ਼ਮੋਹਨ ਸਿੰਘ, ਮਾਸਟਰ ਤੀਰਥ ਸਿੰਘ, ਝਲਮਣ ਸਿੰਘ ਬੈਂਸ, ਬਲਵੀਰ ਸਿੰਘ, ਅਵਤਾਰ ਸਿੰਘ ਸੀਹਰਾ, ਹਰਵਿੰਦਰ ਸਿੰਘ ਬਾਠ,ਅਮਰੀਕ ਹਮਰਾਜ ਅਤੇ ਸਤਨਾਮ ਸਿੰਘ ਪਾਰੋਵਾਲ, ਪਰਮਜੀਤ ਸਿੰਘ ਪੰਮਾ ਵਿਸ਼ੇਸ਼ ਤੋਰ ਤੇ ਹਾਜਰ ਸਨ। ਮੰਚ ਸੰਚਾਲਨ ਅਮਰੀਕ ਹਮਰਾਜ ਨੇ ਕੀਤਾ।

## ਮੁ਼ਫਤ ਸਕਿਊਰਟੀ ਗਾਰਡ ਸਿਖਲਾਈ ਕੋਰਸ ਸ਼ੁਰੂ

**ਬਠਿੰਡਾ, 27 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਰੋਜਗਾਰ ਉਤਪੱਤੀ ਤੇ ਟ੍ਰੇਨਿੰਗ ਵਿਭਾਗ ਦੇ ਅਦਾਰੇ ਸੀ-ਪਾਈਟ ਕੈਂਪ ਪਿੰਡ ਕਾਲਝਰਾਣੀ ਵੱਲੋਂ ਪੰਜਾਬ ਦੇ ਨੌਜਵਾਨਾਂ ਨੂੰ ਸਕਿਊਰਟੀ ਟ੍ਰੇਨਿੰਗ ਕੋਰਸ ਕਰਵਾਉਣ ਲਈ ਰਜਿਸਟ੍ਰੇਸ਼ਨ ਸ਼ੁਰੂ ਕੀਤੀ ਜਾ ਰਹੀ ਹੈ। ਇਹ ਜਾਣਕਾਰੀ ਕੈਂਪ ਕਾਲਝਰਾਣੀ ਦੇ ਟ੍ਰੇਨਿੰਗ ਅਧਿਕਾਰੀ ਕੈਪਟਨ ਲਖਵਿੰਦਰ ਸਿੰਘ ਨੇ ਸਾਂਝੀ ਕੀਤੀ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਟ੍ਰੇਨਿੰਗ ਕੋਰਸ 1 ਦਸੰਬਰ 2024 ਤੋਂ 8 ਫਰਵਰੀ 2025 ਤੱਕ ਸੀ-ਪਾਈਟ ਕੈਂਪ, ਕਾਲਝਰਾਣੀ ਵਿਖੇ ਚਲਾਇਆ ਜਾਵੇਗਾ। ਇਹ ਟ੍ਰੇਨਿੰਗ ਕੋਰਸ ਕਰਨ ਵਾਸਤੇ ਉਮੀਦਵਾਰ ਨੇ 10ਵੀ, 12ਵੀ ਜਮਾਤ ਜਾਂ ਉੱਚ ਯੋਗਤਾ ਪਾਸ ਕੀਤੀ ਹੋਣੀ ਚਾਹੀਦੀ ਹੈ ਅਤੇ ਉਮਰ 18 ਤੋਂ 25 ਸਾਲ ਹੋਣੀ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਇਸ ਕੋਰਸ ਦੀਆਂ ਕੁੱਲ 30 ਸੀਟਾਂ ਹਨ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੀ ਰਜਿਸਟ੍ਰੇਸ਼ਨ ਪਹਿਲ ਦੇ ਆਧਾਰ ’ਤੇ ਕਰਵਾਉਣ।

ਸਕਿਊਰਟੀ ਗਾਰਡ ਟ੍ਰੇਨਿੰਗ ਕੋਰਸ ਕਰਨ ਦੇ ਚਾਹਵਾਨ ਨੌਜਵਾਨ 27 ਨਵੰਬਰ 2024 ਤੋਂ ਕਿਸੇ ਵੀ ਕੰਮ ਵਾਲੇ ਦਿਨ ਸਵੇਰੇ 9 ਵਜੇ ਸੀ-ਪਾਈਟ ਕੈਂਪ, ਪਿੰਡ ਕਾਲਝਰਾਣੀ ਵਿਖੇ ਦਸਵੀ, ਬਾਰਵੀ, ਉੱਚ ਯੋਗਤਾ ਦੇ ਸਰਟੀਫਿਕੇਟ ਤੇ ਆਧਾਰ ਕਾਰਡ ਦੀ ਫੋਟੋ ਕਾਪੀ ਅਤੇ 2 ਤਾਜਾ ਪਾਸਪੋਰਟ ਸਾਈਜ ਫੋਟੋਆਂ ਆਦਿ ਦਸਤਾਵੇਜ਼ ਸਮੇਤ ਨਿੱਜੀ ਤੌਰ ’ਤੇ ਪਹੁੰਚ ਕੇ ਰਜ਼ਿਸਟ੍ਰੇਸ਼ਨ ਕਰਵਾ ਸਕਦੇ ਹਨ।

ਉਨ੍ਹਾਂ ਕਿਹਾ ਕਿ ਸਕਿਉਰਟੀ ਗਾਰਡ ਕੋਰਸ ਪੂਰਾ ਕਰਨ ਉਪਰੰਤ ਨੌਜਵਾਨਾਂ ਨੂੰ ਪੰਜਾਬ ਸਰਕਾਰ ਵੱਲੋਂ ਸਰਟੀਫਿਕੇਟ ਵੀ ਦਿੱਤਾ ਜਾਵੇਗਾ ਜੋ ਕਿ ਸਰਕਾਰੀ ਸੰਸਥਾ, ਅਰਧ-ਸਰਕਾਰੀ ਸੰਸਥਾ, ਵੱਡੀਆਂ ਇੰਡਸਟਰੀਜ਼ ਵਿੱਚ ਨੌਕਰੀ ਲੈਣ ਵਾਸਤੇ ਵੈਲਿਡ ਮੰਨਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਕੋਰਸ ਪੂਰਾ ਹੋਣ ਉਪਰੰਤ ਵੱਖ-ਵੱਖ ਸਕਿਊਰਟੀ ਏਜੰਸੀਆਂ ਕੈਂਪ ਵਿਖੇ ਪਲੇਸਮੈਂਟ ਕੈਂਪ ਵੀ ਲਗਾਉਣਗੀਆਂ। ਉਨ੍ਹਾਂ ਕਿਹਾ ਕਿ ਇਸ ਕੋਰਸ ਦੌਰਾਨ ਨੌਜਵਾਨਾਂ ਦੇ ਰਿਹਾਇਸ, ਖਾਣ-ਪੀਣ ਦਾ ਖਰਚ ਪੰਜਾਬ ਸਰਕਾਰ ਦਾ ਹੋਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਬੇਰੋਜਗਾਰ ਯੁਵਕਾਂ ਲਈ ਇਹ ਬਹੁਤ ਵਧੀਆ ਤੇ ਮਹੱਤਵਪੂਰਨ ਕੋਰਸ ਹੈ, ਨੌਜਵਾਨ ਪੰਜਾਬ ਸਰਕਾਰ ਦੇ ਇਸ ਉਪਰਾਲੇ ਦਾ ਵੱਧ ਤੋਂ ਵੱਧ ਲਾਭ ਉਠਾਉਣ।

ਚਾਹਵਾਨ ਨੌਜਵਾਨ ਵਧੇਰੇ ਜਾਣਕਾਰੀ ਲਈ ਮੋਬਾਇਲ ਨੰਬਰ 93167-13000, 94638-31615 ’ਤੇ ਸੰਪਰਕ ਕਰ ਸਕਦੇ ਹਨ।

## ਪੰਜਾਬੀ ਯੂਨੀਵਰਸਿਟੀ ਵਿਖੇ ਇੰਜਨੀਅਰਿੰਗ ਵਿਸ਼ੇ ਦੇ ਦੋ ਅਧਿਆਪਕਾਂ ਵੱਲੋਂ ਲਿਖੀ ਕਿਤਾਬ ਰਿਲੀਜ਼



**ਪਟਿਆਲਾ, 27 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਦੇ ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਇੰਜਨੀਅਰਿੰਗ ਵਿਭਾਗ ਤੋਂ ਡਾ. ਰੀਚਾ ਸ਼ਰਮਾ ਅਤੇ ਮਕੈਨੀਕਲ ਇੰਜਨੀਅਰਿੰਗ ਵਿਭਾਗ ਤੋਂ ਡਾ. ਲਕਸ਼ਮੀ ਸ਼ੰਕਰ ਵੱਲੋਂ ਸਾਂਝੇ ਤੌਰ ’ਤੇ ਲਿਖੀ ਪੁਸਤਕ ਰਿਲੀਜ਼ ਕੀਤਾ ਗਿਆ।

ਖੋਜ ਵਿਧੀ ਅਤੇ ਪ੍ਰਕਾਸ਼ਨ ਨੈਤਿਕਤਾ ਦੇ ਵਿਸ਼ੇ ਉੱਤੇ ਲਿਖੀ ਇਸ ਪੁਸਤਕ ਨੂੰ ਫੈਕਲਟੀ ਆਫ਼ ਇੰਜਨੀਅਰਿੰਗ ਦੇ ਡੀਨ ਡਾ. ਗੁਰਮੀਤ ਕੌਰ ਵੱਲੋਂ ਰਿਲੀਜ਼ ਕੀਤਾ ਗਿਆ। ਇਸ ਮੌਕੇ ਸਾਬਕਾ ਡੀਨ ਖੋਜ ਡਾ. ਮਨਜੀਤ ਸਿੰਘ ਪੱਤੜ, ਈ.ਸੀ.ਈ. ਮੁਖੀ ਕੁਲਵਿੰਦਰ ਸਿੰਘ ਮਾਹਲੀ, ਡਾ. ਰਣਜੀਤ ਕੌਰ, ਡਾ. ਅਮਨਦੀਪ ਸਿੰਘ ਸੱਪਲ, ਡਾ. ਚਰਨਜੀਤ ਸਿੰਘ ਹਾਜ਼ਿਰ ਰਹੇ।

ਡਾ. ਲਕਸ਼ਮੀ ਸ਼ੰਕਰ ਨੇ ਦੱਸਿਆ ਕਿ ਇਹ ਪੁਸਤਕ ਪੀ-ਐੱਚ.ਡੀ. ਵਿਦਿਆਰਥੀਆਂ ਲਈ ਉਨ੍ਹਾਂ ਦੇ ਖੋਜ ਕਾਰਜਾਂ ਵਿੱਚ ਮਦਦਗਾਰ ਹੋਵੇਗੀ। ਡਾ. ਰੀਚਾ ਸ਼ਰਮਾ ਨੇ ਦੱਸਿਆ ਕਿ ਇਹ ਕਿਤਾਬ ਦਰਅਸਲ -ਐੱਚ.ਡੀ. ਰਿਸਰਚ ਮੈਥੋਡੋਲੋਜੀ ਸਿਲੇਬਸ ਨੂੰ ਮੁੱਖ ਰੱਖ ਕੇ ਹੀ ਲਿਖੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਕਿਤਾਬ ਇੰਜੀਨੀਅਰਿੰਗ ਦੀਆਂ ਸਾਰੀਆਂ ਸ਼ਾਖਾਵਾਂ ਲਈ ਲਾਭਦਾਇਕ ਹੈ।

## 28 ਨਵੰਬਰ ਨੂੰ ਮਨਾਇਆ ਜਾਵੇਗਾ ਰਾਸ਼ਟਰੀ ਡੀ-ਵਾਰਮਿੰਗ ਦਿਵਸ

### 1 ਤੋਂ 19 ਸਾਲ ਤੱਕ ਦੇ ਬੱਚਿਆਂ ਨੂੰ ਖੁਆਈ ਜਾਵੇਗੀ ਪੇਟ ਦੇ ਕੀੜੇ ਮਾਰਨ ਦੀ ਗੋਲੀ : ਸਿਵਲ ਸਰਜਨ

**ਪਟਿਆਲਾ, 27 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਬੱਚਿਆਂ ਨੂੰ ਪੇਟ ਦੇ ਕੀੜਿਆਂ ਤੋਂ ਮੁਕਤ ਕਰਵਾ ਕੇ ਸਿਹਤਮੰਦ ਬਣਾਉਣ ਸਬੰਧੀ 28 ਨਵੰਬਰ ਨੂੰ ਰਾਸ਼ਟਰੀ ਡੀ ਵਾਰਮਿੰਗ ਦਿਵਸ ਮਨਾਇਆ ਜਾ ਰਿਹਾ ਹੈ, ਜਿਸ ਸੰਬਧੀ ਜਾਣਕਾਰੀ ਦਿੰਦੇ ਹੋਏ ਸਿਵਲ ਸਰਜਨ ਪਟਿਆਲਾ ਡਾ. ਜਤਿੰਦਰ ਕਾਂਸਲ ਨੇ ਦੱਸਿਆ ਕਿ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ 28 ਨਵੰਬਰ ਨੂੰ ਰਾਸ਼ਟਰੀ ਡੀ ਵਾਰਮਿੰਗ ਦਿਵਸ ਮੋਕੇ ਜਿਲੇ ਦੇ 1 ਸਾਲ ਤੋਂ 19 ਸਾਲ ਤੱਕ ਦੇ ਸਾਰੇ ਬੱਚਿਆਂ ਨੂੰ ਅਲਬੈਂਡਾਜੋਲ ਦੀ ਗੋਲੀ ਖੁਆਈ ਜਾਣੀ ਹੈ।ਇਸਦਾ ਮੁੱਖ ਮਕਸਦ ਬੱਚਿਆਂ ਨੂੰ ਪੇਟ ਦੇ ਕੀੜਿਆਂ ਤੋਂ ਮੁਕਤੀ ਦਿਵਾਉਣਾ ਹੈ।ਉਹਨਾਂ ਕਿਹਾ ਕਿ 1 ਤੋਂ 2 ਸਾਲ ਤੱਕ ਦੇ ਬੱਚਿਆ ਨੂੰ 5 ਐਮ.ਐਲ ਸਿਰਪ ਅਤੇ 2 ਤੋਂ 19 ਸਾਲ ਤੱਕ ਦੇ ਬੱਚਿਆਂ ਨੂੰ ਪੂਰੀ ਗੋਲੀ ਖੁਆਈ ਜਾਵੇਗੀ।ਉਹਨਾਂ ਦੱਸਿਆਂ ਕਿ ਜਿਲੇ ਦੇ ਸਾਰੇ ਸਰਕਾਰੀ, ਮਾਨਤਾ ਪ੍ਰਾਪਤ, ਪ੍ਰਾਈਵੇਟ ਸਕੂਲਾਂ, ਕਾਲਜਾਂ, ਆਂਗਣਵਾੜੀ ਸੈਟਰਾਂ ਵਿੱਚ ਦਰਜ, ਕਿਸੇ ਕਾਰਨ ਪੜਾਈ ਛੱਡ ਚੁੱਕੇ 1 ਤੋਂ 19 ਸਾਲ ਤੱਕ, ਸਲਮ ਏਰੀਆ,ਪਥੇਰਾਂ ਆਦਿ ਦੇ ਸਾਰੇ ਤਕਰੀਬਨ 6 ਲੱਖ



41 ਹਜਾਰ, ਦੋ ਸੋ ਸਤਾਸੀ ਬਚਿਆਂ ਨੂੰ ਇਹ ਗੋਲੀ ਖੁਆਈ ਜਾਵੇਗੀ।ਉਹਨਾਂ ਦੱਸਿਆ ਕਿ ਇਸ ਮੁਹਿੰਮ ਨੂੰ ਸਫਲਤਾ ਪੂਰਵਕ ਨੇਪੜੇ ਚਾੜਨ ਲਈ ਸਿੱਖਿਆ ਵਿਭਾਗ, ਇਸਤਰੀ ਤੇ ਬਾਲ ਵਿਕਾਸ ਵਿਭਾਗ ਆਦਿ ਨਾਲ ਮੀਟਿੰਗਾਂ ਕਰਕੇ ਸਹਿਯੋਗ ਲਿਆ ਜਾ ਰਿਹਾ ਹੈ। ਜਿਲਾ ਟੀਕਾਕਰਨ ਅਫਸਰ ਡਾ.ਕੁਸ਼ਲਦੀਪ ਗਿੱਲ ਨੇ ਕਿਹਾ ਕਿ ਇਹ ਗੋਲੀ ਬੱਚਿਆਂ ਨੂੰ ਖਾਲੀ ਪੇਟ ਨਹੀਂ ਦਿੱਤੀ ਜਾਣੀ।ਇਸ ਲਈ ਬੱਚੇ ਗੋਲੀ ਖਾਣ ਵਾਲੇ ਦਿਨ ਸਕੂਲ ਵਿੱਚ ਖਾਲੀ ਪੇਟ ਨਾ ਆਉਣ।ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਦੇ ਇਸ ਉਪਰਾਲੇ ਨਾਲ ਲੱਖਾਂ ਬੱਚਿਆਂ ਨੂੰ ਪੇਟ ਦੇ ਕੀੜਿਆਂ ਤੋਂ ਰਾਹਤ ਮਿਲੇਗੀ,ਕਿਉਂਕਿ ਜਿਆਦਾਤਰ ਬੱਚਿਆਂ ਵਿਚ ਪੇਟ ਦੇ ਕੀੜਿਆਂ ਕਾਰਣ ਰੋਜਾਨਾਂ ਦੀ ਖੁਰਾਕ ਦੇ ਘੱਟਣ ਕਾਰਣ ਸਰੀਰਕ ਕਮਜੋਰੀ, ਖੂਨ ਦੀ ਕਮੀ ਦੇ ਨਾਲ-ਨਾਲ ਬੱਚਿਆਂ ਵਿਚ ਚਿੜ ਚਿੜਾਪਣ ਦੇਖਣ ਵਿਚ ਆਉਂਦਾ ਹੈ ਸਰੀਰ ਵਿੱਚ ਖੂਨ ਦੀ ਕਮੀ ਨਾਲ ਬੱਚਿਆ ਦੇ ਸਰੀਰਿਕ ਤੇ ਮਾਨਸਿਕ ਵਾਧੇ ਵਿੱਚ ਰੁਕਾਵਟਾਂ ਪੈਦਾ ਹੁੰਦੀਆਂ ਹਨ ਤੇ ਸਰੀਰ ਦੀਆਂ ਬੀਮਾਰੀਆਂ ਨਾਲ ਲੜਨ ਦੀ ਸਮਰੱਥਾ ਘੱਟਦੀ ਹੈ।ਪਰ ਹੁਣ ਇਸ ਦਵਾਈ ਦੀ ਖੁਰਾਕ ਨਾਲ ਬੱਚਿਆਂ ਨੂੰ ਬਿਮਾਰੀਆਂ ਦੇ ਨਾਲ ਖੂਨ ਦੀ ਕਮੀ ਤੋ ਛੁੱਟਕਾਰਾ ਮਿਲੇਗਾ।ਉਹਨਾਂ ਲੋਕਾਂ ਨੂੰ ਆਪਣੇ ਬੱਚਿਆਂ ਨੂੰ ਇਹ ਗੋਲੀ ਖੁਆਉਣ ਵਿੱਚ ਸਿਹਤ ਵਿਭਾਗ ਦਾ ਸਹਿਯੋਗ ਦੇਣ ਦੀ ਅਪੀਲ਼ ਕੀਤੀ।ਇਸ ਮੌਕੇ ਜੇਕਰ ਬੱਚੇ ਗੋਲੀ ਇਸ ਦਿਨ ਗੋਲੀ ਖਾਣ ਤੋਂ ਖੁੰਝ ਜਾਂਦੇ ਹਨ ਤਾਂ 5 ਦਸੰਬਰ ਨੂੰ ਮੋਪ -ਅੱਪ ਰਾਊਂਡ ਕੀਤਾ ਜਾਵੇਗਾ ਤਾਂ ਕਿ ਗੋਲੀ ਖਾਣ ਤੋਂ ਵਾਂਝੇ ਰਹਿ ਗਏ ਬੱਚਿਆ ਨੂੰ ਗੋਲੀ ਖਵਾਈ ਜਾ ਸਕੇ ।ਇਸ ਮੋਕੇ ਹਰੇਕ ਬਲਾਕ ਵਿੱਚ ਕੁਇੱਕ ਰਿਸਪਾਂਸ ਐਕਸ਼ਨ ਟੀਮ ਵੀ ਲਗਾਈ ਗਈ ਹੈ ਤਾਂ ਕਿ ਜੇਕਰ ਕਿਸੇ ਬੱਚੇ ਨੂੰ ਦਵਾਈ ਖਾ ਕੇ ਕੋਈ ਸਾਈਡ ਇਫੈਕਟ ਹੁੰਦਾ ਹੈ ਤਾਂ ਉਸਦਾ ਤੁਰੰਤ ਇਲਾਜ ਕੀਤਾ ਜਾ ਸਕੇ ।

## ਕੈਬਨਿਟ ਮੰਤਰੀ ਦਾ ਐਮ ਐਲ ਏ ਦਫਤਰ ਨਾਭਾ ਪਹੁੰਚਣ ਤੇ ਵਿਧਾਇਕ ਦੇਵ ਮਾਨ ਨੇ ਕੀਤਾ ਸਨਮਾਨ

**ਨਾਭਾ, 27 ਨਵੰਬਰ- -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਪੰਜਾਬ ਵਿੱਚ ਵੱਡੇ ਪੱਧਰ ਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਜਿਸ ਤਹਿਤ ਪੰਜਾਬ ਦੇ ਪਿੰਡਾਂ ਨੂੰ ਵੱਡੇ ਪੱਧਰ ਤੇ ਸਰਕਾਰ ਵੱਲੋਂ ਗਰਾਂਟਾਂ ਜਾਰੀ ਕੀਤੀਆਂ ਜਾ ਰਹੀਆਂ ਇਸੇ ਤਰ੍ਹਾਂ ਹੀ ਪੰਜਾਬ ਦੀਆਂ ਜੇਲਾਂ ਵਿੱਚ ਬੰਦ ਕੈਦੀਆਂ ਨੂੰ ਸੁਧਾਰਨ ਦੇ ਲਈ ਵੀ ਪੰਜਾਬ ਦੀਆਂ ਜੇਲ੍ਹਾਂ ਵਿੱਚ ਕਈ ਪ੍ਰੋਜੈਕਟ ਚਲਾਏ ਜਾ ਰਹੇ ਹਨ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਲਾਲਜੀਤ ਸਿੰਘ ਭੁੱਲਰ ਕੈਬਨਿਟ ਮੰਤਰੀ ਪੰਜਾਬ ਸਰਕਾਰ ਨੇ ਐਮ ਐਲ ਏ ਦਫਤਰ ਨਾਭਾ ਵਿਖੇ ਕੀਤਾ ਇਸ ਮੌਕੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਅਤੇ ਸਮੂਹ ਵਲੰਟੀਅਰਾਂ ਵੱਲੋਂ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦਾ ਸਨਮਾਨ ਕੀਤਾ ਗਿਆ ਇਸ ਮੌਕੇ ਕੈਬਨਟ ਮੰਤਰੀ ਨੇ ਸਨਮਾਨ ਦੇਣ ਦੇ ਲਈ ਵਿਧਾਇਕ ਦੇ ਮਾਨ ਅਤੇ ਸਮੂਹ ਅਹੁਦੇਦਾਰਾਂ ਦਾ ਧੰਨਵਾਦ ਕੀਤਾ ਇਸ ਮੌਕੇ ਹੋਰਨਾਂ ਤੋਂ ਇਲਾਵਾ ਤੇਜਿੰਦਰ ਸਿੰਘ ਖਹਿਰਾ , ਪੰਕਜ ਪੱਪੂ ਸਟੀਲ , ਕੁਲਦੀਪ ਸਿੰਘ ਰਾਮਗੜ੍ਹ, ਸੁਖਦੀਪ ਸਿੰਘ ਖਹਿਰਾ, ਧਰਮਿੰਦਰ ਸਿੰਘ ਸੁੱਖੇਵਾਲ, ਮਨਪ੍ਰੀਤ ਸਿੰਘ ਕਾਲੀਆ ਅਤੇ ਵੱਡੀ ਗਿਣਤੀ ਵਿੱਚ ਹੋਰ ਆਹੁਦੇਦਾਰ ਮੋਜੂਦ ਸਨ।

## ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨਾ ਮੁੱਖ ਟੀਚਾ - ਕੁਲਵੰਤ ਸਿੰਘ ਸਿੱਧੂ



**ਲੁਧਿਆਣਾ, 27 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਆਤਮ ਨਗਰ ਤੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਸਿੱਖਿਆ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਤੇ ਵੱਖ-ਵੱਖ ਸਰਕਾਰੀ ਸਕੂਲਾਂ ਦੇ ਮੁਖੀਆਂ ਨਾਲ ਮੀਟਿੰਗ ਦਾ ਆਯੋਜਨ ਹੋਇਆ, ਜਿਸ ਵਿੱਚ ਹਲਕੇ ਦੇ ਸਰਕਾਰੀ ਸਕੂਲਾਂ ਵਿੱਚ ਹੋਰ ਸੁਧਾਰ ਲਿਆਉਣ @ਤੇ ਵਿਚਾਰ ਚਰਚਾ ਕੀਤੀ ਗਈ।ਮੀਟਿੰਗ ਦੌਰਾਨ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:) ਸ੍ਰੀਮਤੀ ਡਿੰਪਲ ਮਦਾਨ, ਜ਼ਿਲ੍ਹਾ ਸਿੱਖਿਆ ਅਫ਼ਸਰ (ਪ੍ਰਾ:) ਰਵਿੰਦਰ ਕੌਰ ਦੇ ਨਾਲ ਵੱਖ-ਵੱਖ ਸਕਰਾਰੀ ਸਕੂਲਾਂ ਦੇ ਪ੍ਰਿੰਸੀਪਲ ਵੀ ਮੌਜੂਦ ਸਨ।ਵਿਧਾਇਕ ਸਿੱਧੂ ਨੇ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।

ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਪਹਿਲ ਦੇ ਆਧਾਰ @ਤੇ ਨਿਪਟਾਰਾ ਕੀਤਾ ਜਾਵੇਗਾ ਤਾਂ ਜੋ ਕਿਸੇ ਵੀ ਕਾਰਨ ਬੱਚਿਆਂ ਦੀ ਪੜ੍ਹਾਈ ਪ੍ਰਭਾਵਿਤ ਨਾ ਹੋਵੇ।ਵਿਧਾਇਕ ਸਿੱਧੂ ਨੇ ਕਿਹਾ ਕਿ ਹਲਕੇ ਦੇ ਸਕੂਲਾਂ ਦੀ ਕਾਇਆ-ਕਲਪ ਤੇ ਬੁਨਿਆਦੀ ਸਹੂਲਤਾਂ ਨੂੰ ਵਿਸ਼ੇਸ਼ ਤਵੱਜੋਂ ਦਿੱਤੀ ਜਾ ਰਹੀ ਹੈ ਤਾਂ ਜੋ ਅਧਿਆਪਕ ਹਰੇਕ ਵਿਦਿਆਰਥੀ ਦੀ ਕਾਰਗੁਜ਼ਾਰੀ ਨੂੰ ਧਿਆਨ ਨਾਲ ਦੇਖ ਸਕੇ। ਉਨ੍ਹਾਂ ਕਿਹਾ ਕਿ ਸਿੱਖਿਆ ਪ੍ਰਣਾਲੀ ਨੂੰ ਵਿਆਪਕ ਪੱਧਰ ਉਤੇ ਸੁਧਾਰਨ ਉਤੇ ਸਭ ਤੋਂ ਵੱਧ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਸੂਬਾ ਸਰਕਾਰ ਸਕੂਲਾਂ ਦੇ ਪ੍ਰਿੰਸੀਪਲਾਂ ਤੇ ਅਧਿਆਪਕਾਂ ਦੇ ਜਥਿਆਂ ਨੂੰ ਦੇਸ਼ ਤੇ ਵਿਦੇਸ਼ਾਂ ਦੀਆਂ ਪ੍ਰਸਿੱਧ ਸਿੱਖਿਆ ਸੰਸਥਾਵਾਂ ਵਿੱਚ ਸਿਖਲਾਈ ਲਈ ਭੇਜ ਰਹੀ ਹੈ ਮੁਖੀਆਂ ਨਾਲ ਮੀਟਿੰਗ ਦਾ ਆਯੋਜਨ ਹੋਇਆ, ਜਿਸ ਵਿੱਚ ਹਲਕੇ ਦੇ ਸਰਕਾਰੀ ਸਕੂਲਾਂ ਵਿੱਚ ਹੋਰ ਸੁਧਾਰ ਲਿਆਉਣ @ਤੇ ਵਿਚਾਰ ਚਰਚਾ ਕੀਤੀ ਗਈ।ਮੀਟਿੰਗ ਦੌਰਾਨ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:) ਸ੍ਰੀਮਤੀ ਡਿੰਪਲ ਮਦਾਨ, ਜ਼ਿਲ੍ਹਾ ਸਿੱਖਿਆ ਅਫ਼ਸਰ (ਪ੍ਰਾ:) ਰਵਿੰਦਰ ਕੌਰ ਦੇ ਨਾਲ ਵੱਖ-ਵੱਖ ਸਕਰਾਰੀ ਸਕੂਲਾਂ ਦੇ ਪ੍ਰਿੰਸੀਪਲ ਵੀ ਮੌਜੂਦ ਸਨ।ਵਿਧਾਇਕ ਸਿੱਧੂ ਨੇ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਪਹਿਲ ਦੇ ਆਧਾਰ @ਤੇ ਨਿਪਟਾਰਾ ਕੀਤਾ ਜਾਵੇਗਾ ਤਾਂ ਜੋ ਕਿਸੇ ਵੀ ਕਾਰਨ ਬੱਚਿਆਂ ਦੀ ਪੜ੍ਹਾਈ ਪ੍ਰਭਾਵਿਤ ਨਾ ਹੋਵੇ।

ਪੰਜਾਬ ਵਿਚ 2400 ਹੈਕਟੇਅਰ ਰਕਬੇ 'ਚ ਗਾਜਰ, ਮੂਲੀ, ਸ਼ਲਗਮ ਆਦਿ ਦੀ ਕਾਸ਼ਤ ਕੀਤੀ ਜਾਂਦੀ ਹੈ। ਖਣਿਜ ਪਦਾਰਥਾਂ ਨਾਲ ਭਰਪੂਰ ਇਹ ਸਬਜ਼ੀਆਂ ਸਿਹਤ ਲਈ ਬੇਹੱਦ ਲਾਹੇਵੰਦ ਹਨ...

# ਕੁਦਰਤ ਦਾ ਤੋਹਫ਼ਾ

## ਜੜ੍ਹਾਂ ਵਾਲੀਆਂ ਸਬਜ਼ੀਆਂ





• ਡਾ. ਰਣਜੀਤ ਸਿੰਘ
94170-87328

ਪੰਜਾਬ ਵਿਚ ਸਵਾ ਦੋ ਲੱਖ ਹੈਕਟਰ ਰਕਬੇ 'ਚ ਸਬਜ਼ੀਆਂ ਦੀ ਕਾਸ਼ਤ ਕੀਤੀ ਜਾਂਦੀ ਹੈ। ਆਲੂ ਅਤੇ ਮਟਰਾਂ ਤੋਂ ਬਾਅਦ ਰਕਬੇ ਦੇ ਹਿਸਾਬ ਨਾਲ ਗਾਜਰ, ਮੂਲੀ, ਸ਼ਲਗਮ ਆਦਿ ਜੜ੍ਹਾਂ ਵਾਲੀਆਂ ਸਬਜ਼ੀਆਂ ਪੰਜਾਬ ਵਿਚ ਤੀਸਰੇ ਸਥਾਨ 'ਤੇ ਆਉਂਦੀਆਂ ਹਨ। ਸਰਕਾਰ ਸੂਬੇ ਵਿਚ ਸਬਜ਼ੀਆਂ ਦੀ ਕਾਸ਼ਤ ਨੂੰ ਉਤਸਾਹਿਤ ਕਰਨਾ ਚਾਹੁੰਦੀ ਹੈ ਪਰ ਅਜਿਹਾ ਤਦ ਹੀ ਸੰਭਵ ਹੈ ਜੇ ਇਨ੍ਹਾਂ ਦੀਆਂ ਕੀਮਤਾਂ ਵਿਚ ਸਥਿਰਤਾ ਹੋਵੇ ਅਤੇ ਵਾਧੂ ਸਬਜ਼ੀਆਂ ਦੀ ਸੰਭਾਲ ਲਈ ਸਥਾਨਕ ਪੱਧਰ 'ਤੇ ਵੱਧ ਤੋਂ ਵੱਧ ਫੂਡ ਪ੍ਰੋਸੈਸਿੰਗ ਯੂਨਿਟ ਲਗਾਏ ਜਾਣ।

ਸਰਕਾਰ ਨੂੰ ਚਾਹੀਦਾ ਹੈ ਕਿ 'ਆਪਣੀ ਮੰਡੀ' ਨੂੰ ਉਤਸ਼ਾਹਿਤ ਕੀਤਾ ਜਾਵੇ, ਤਾਂ ਜੋ ਕਿਸਾਨ ਆਪਣੀਆਂ ਸਬਜ਼ੀਆਂ ਸਿੱਧੇ ਤੌਰ 'ਤੇ ਗਾਹਕਾਂ ਨੂੰ ਵੇਚ ਕੇ ਆੜ੍ਹਤੀਆਂ ਦੇ ਹੱਥਾਂ 'ਚ ਜਾਣ ਵਾਲੇ ਮੁਨਾਫ਼ੇ ਨੂੰ ਬਚਾ ਸਕਣ। ਇਸ ਤੋਂ ਇਲਾਵਾ ਮੰਡੀ ਬੋਰਡ ਰਾਹੀਂ ਹਰ ਹਫ਼ਤੇ ਸਬਜ਼ੀਆਂ ਦੀ ਘੱਟ ਘੱਟ ਕੀਮਤ ਮਿੱਥੀ ਜਾਵੇ ਤੇ ਮੰਡੀ ਵਿਚ ਇਸ ਕੀਮਤ ਤੋਂ ਹੇਠਾਂ ਉਪਜ ਦੀ ਵਿਕਰੀ 'ਤੇ ਰੋਕ ਲਗਾਈ ਜਾਵੇ। ਜੜ੍ਹਾਂ ਵਾਲੀਆਂ ਕੁਝ ਸਬਜ਼ੀਆਂ ਮੂਲੀ, ਸ਼ਲਗਮ ਆਦਿ ਨੂੰ ਅੰਗਰੇਜ਼ ਭਾਰਤ ਲੈ ਕੇ ਆਏ ਸਨ।

ਪੰਜਾਬ ਵਿਚ ਕਰੀਬ 2400 ਹੈਕਟੇਅਰ ਰਕਬੇ 'ਚ ਗਾਜਰ, ਮੂਲੀ ਤੇ ਸ਼ਲਗਮ ਆਦਿ ਜੜ੍ਹਾਂ ਵਾਲੀਆਂ ਸਬਜ਼ੀਆਂ ਦੀ ਕਾਸ਼ਤ ਕੀਤੀ ਜਾਂਦੀ ਹੈ। ਇਨ੍ਹਾਂ ਵਿੱਚੋਂ ਸਬਜ਼ੀ ਅਤੇ ਜੂਸ ਦੇ ਲਈ ਸਭ ਤੋਂ ਵੱਧ ਵਰਤੋਂ ਗਾਜਰ ਦੀ ਕੀਤੀ ਜਾਂਦੀ ਹੈ। ਗਾਜਰਾਂ ਵਿਚ ਵੱਡੀ ਮਾਤਰਾ 'ਚ ਖ਼ੁਰਾਕੀ ਤੱਤ ਹੁੰਦੇ ਹਨ। ਗਾਜਰ ਵਿਚ ਬੀਟਾ ਕੈਰੋਟੀਨ, ਲੋਹਾ, ਕੈਲਸ਼ੀਅਮ, ਫਿਨੋਲਿਜ ਆਦਿ ਤੱਤ ਹੁੰਦੇ ਹਨ। ਕਾਲੀ ਗਾਜਰ ਕੈਂਸਰ ਦੀ ਰੋਕਥਾਮ ਕਰਦੀ ਹੈ।

### ਗਾਜਰ

ਪੰਜਾਬ ਵਿਚ ਕਾਸ਼ਤ ਲਈ ਪੰਜਾਬ ਕੈਰਟ ਰੈੱਡ, ਪੰਜਾਬ ਬਲੈਕ ਬਿਊਟੀ ਅਤੇ ਪੀਸੀ-34 ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਪੰਜਾਬ ਕੈਰਟ ਰੈੱਡ ਕਿਸਮ ਤੋਂ ਇਕ ਏਕੜ ਵਿੱਚੋਂ ਕਰੀਬ 230 ਕੁਇੰਟਲ ਗਾਜਰਾਂ ਪ੍ਰਾਪਤ ਹੁੰਦੀਆਂ ਹਨ। ਕਾਲੀ ਗਾਜਰ ਦਾ ਉਤਪਾਦਨ 200 ਕੁਇੰਟਲ ਪ੍ਰਤੀ ਏਕੜ ਹੈ ਪਰ ਇਹ ਸਿਹਤ ਲਈ ਬਹੁਤ ਵਧੀਆ ਹੈ। ਇਹ ਖ਼ੂਨ ਦੀ ਕਮੀ ਪੂਰੀ ਕਰਦੀ ਹੈ ਤੇ ਕੈਂਸਰ ਦੀ ਬਿਮਾਰੀ ਦਾ ਵੀ ਟਾਕਰਾ ਕਰਦੀ ਹੈ। ਗਾਜਰ ਲਈ ਪ੍ਰਤੀ ਏਕੜ 5 ਕਿੱਲੋ ਬੀਜ ਦੀ ਲੋੜ ਪੈਂਦੀ ਹੈ। ਬਿਜਾਈ ਵੱਟਾਂ ਉੱਤੇ ਕਰੋ, ਇਸ ਨਾਲ ਗਾਜਰਾਂ ਦਾ ਆਕਾਰ ਸਿੱਧ ਅਤੇ ਲੰਬਾ ਰਹਿੰਦਾ ਹੈ। ਬਿਜਾਈ ਕਰਦੇ ਸਮੇਂ ਕਤਾਰ ਤੋਂ ਕਤਾਰ ਦਰਮਿਆਨ 45 ਅਤੇ ਬੂਟਿਆਂ ਦਰਮਿਆਨ 7.5 ਸੈਂਟੀਮੀਟਰ ਦਾ ਫ਼ਾਸਲਾ ਰੱਖੋ। ਗਾਜਰਾਂ 100 ਦਿਨਾਂ ਵਿਚ ਪੁਟਾਈ ਲਈ ਤਿਆਰ ਹੋ ਜਾਂਦੀਆਂ ਹਨ।

### ਮੂਲੀ

ਆਮ ਤੌਰ 'ਤੇ ਮੂਲੀ ਦੀ ਵਰਤੋਂ ਸਲਾਦ ਦੇ ਰੂਪ 'ਚ ਕੀਤੀ ਜਾਂਦੀ ਹੈ। ਮੂਲੀ ਸਾਰਾ ਸਾਲ ਉਗਾਈ ਜਾ ਸਕਦੀ ਹੈ ਹੈ ਪਰ ਇਸ ਦੀ ਮੁੱਖ ਫ਼ਸਲ ਸਰਦੀਆਂ ਦੀ ਹੀ ਹੁੰਦੀ ਹੈ। ਪੰਜਾਬ ਸਫ਼ੈਦ ਮੂਲੀ-2, ਪੰਜਾਬ ਪਸੰਦ, ਪੂਸਾ ਹਿਮਾਨੀ, ਪੂਸ ਚੇਤਕੀ ਤੇ ਜਪਾਨੀ ਵ੍ਹਾਈਟ ਸਿਫ਼ਾਰਸ਼ ਕੀਤੀਆਂ ਕਿਸਮਾਂ ਹਨ। ਪੰਜਾਬ ਸਫ਼ੈਦ ਮੂਲੀ-2 ਤੋਂ ਇਕ ਏਕੜ ਵਿੱਚੋਂ 236 ਕੁਇੰਟਲ ਮੂਲੀਆਂ ਪ੍ਰਾਪਤ ਹੁੰਦੀਆਂ ਹਨ। ਇਕ ਏਕੜ ਲਈ ਇਕ ਕਿੱਲੋ ਬੀਜ ਦੀ ਲੋੜ ਪੈਂਦੀ ਹੈ। ਮੂਲੀ ਵਿਚ ਵਿਟਾਮਿਨ-ਬੀ ਤੇ ਵਿਟਾਮਿਨ-ਸੀ ਭਰਪੂਰ ਮਾਤਰਾ 'ਚ ਹੁੰਦਾ ਹੈ।

### ਸ਼ਲਗਮ

ਸ਼ਲਗਮ ਦੀ ਵਰਤੋਂ ਸਬਜ਼ੀ ਬਣਾਉਣ ਲਈ ਕੀਤੀ ਜਾਂਦੀ ਹੈ। ਬਿਜਾਈ ਕਰਦੇ ਸਮੇਂ ਕਤਾਰਾਂ ਵਿਚਕਾਰ 45 ਅਤੇ ਬੂਟਿਆਂ ਵਿਚਕਾਰ 7.5 ਸੈਂਟੀਮੀਟਰ ਫ਼ਾਸਲਾ ਰੱਖੋ। ਲੋੜ ਪੈਣ 'ਤੇ ਬੂਟਿਆਂ ਨੂੰ ਵਿਰਲਾ ਕਰ ਦੇਣਾ ਚਾਹੀਦਾ ਹੈ। ਐੱਲ-1 ਸ਼ਲਗਮ ਦੀ ਸਿਫ਼ਾਰਸ਼ ਕੀਤੀ ਗਈ ਕਿਸਮ ਹੈ। ਇਕ ਏਕੜ ਲਈ ਦੋ ਕਿੱਲੋ ਬੀਜ ਦੀ ਲੋੜ ਪੈਂਦੀ ਹੈ। ਸ਼ਲਗਮ ਤੋਂ ਬਿਨਾਂ ਇਸ ਦੇ ਪੱਤਿਆਂ ਵਿਚ ਵੀ ਵਿਟਾਮਿਨ-ਏ ਅਤੇ ਵਿਟਾਮਿਨ-ਸੀ ਹੁੰਦਾ ਹੈ। •

### ਖਾਦਾਂ ਤੇ ਸਿੰਚਾਈ

ਜੜ੍ਹਾਂ ਵਾਲੀਆਂ ਸਬਜ਼ੀਆਂ ਪ੍ਰਤੀ ਏਕੜ 15 ਟਨ ਰੂੜੀ ਖਾਦ ਬਿਜਾਈ ਵੇਲੇ ਪਾਉਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਸ ਦੇ ਨਾਲ ਹੀ 55 ਕਿੱਲੋ ਯੂਰੀਆ, 75 ਕਿੱਲੋ ਸੁਪਰਫਾਸਫੇਟ ਤੇ 30 ਕਿੱਲੋ ਪੋਟਾਸ਼ ਪ੍ਰਤੀ ਏਕੜ ਪਾਈ ਜਾਵੇ। ਪਹਿਲਾ ਪਾਣੀ ਬਿਜਾਈ ਤੋਂ ਤੁਰੰਤ ਬਾਅਦ ਲਗਾ ਦੇਵੋ। ਨਦੀਨਾਂ ਦੀ ਰੋਕਥਾਮ ਲਈ ਮਹੀਨੇ ਪਿੱਛੋਂ ਇਕ ਗੋਡੀ ਕਰੋ। ਗਾਜਰ ਨੂੰ ਲੋੜ ਤੋਂ ਵੱਧ ਪਾਣੀ ਨਹੀਂ ਦੇਣਾ ਚਾਹੀਦਾ।



# ਜੈਵਿਕ ਤਰੀਕੇ ਨਾਲ ਫ਼ਸਲਾਂ ਦੀ ਕਾਸ਼ਤ

• ਡਾ. ਬਲਵਿੰਦਰ ਸਿੰਘ ਢਿੱਲੋਂ
94654-20097

ਪੰਜਾਬ ਵਿਚ ਅਨਾਜ ਪੈਦਾ ਕਰਨ ਲਈ ਰਸਾਇਣਕ ਖਾਦਾਂ ਤੇ ਕੀਟਨਾਸ਼ਕਾਂ ਦੀ ਵਰਤੋਂ ਬਹੁਤ ਜ਼ਿਆਦਾ ਹੋ ਰਹੀ ਹੈ। ਸਿੱਟੇ ਵਜੋਂ ਮਨੁੱਖੀ ਸਿਹਤ ਉੱਪਰ ਇਸ ਦਾ ਬਹੁਤ ਮਾੜਾ ਅਸਰ ਪਿਆ ਹੈ। ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਤੋਂ ਬਚਣ ਲਈ ਪੰਜਾਬ ਦੇ ਲੋਕਾਂ ਨੂੰ ਜੈਵਿਕ ਦੁੱਧ, ਜੈਵਿਕ ਸਬਜ਼ੀਆਂ ਅਤੇ ਜੈਵਿਕ ਕਣਕ ਦੀ ਪੈਦਾਵਾਰ ਕਰਨੀ ਚਾਹੀਦੀ ਹੈ। ਅੱਜ ਕੱਲ੍ਹ ਜੈਵਿਕ ਖੇਤੀ ਦੀ ਮੰਗ ਲਗਾਤਾਰ ਵਧ ਰਹੀ ਹੈ। ਆਰਗੈਨਿਕ ਤਰੀਕੇ ਨਾਲ ਤਿਆਰ ਅਨਾਜ ਰਸਾਇਣਕ ਖਾਦ ਨਾਲ ਉਪਜਾਏ ਅਨਾਜ ਦੇ ਮੁਕਾਬਲੇ ਡੇਢ ਤੋਂ ਦੁੱਗਣੀ ਕੀਮਤ 'ਤੇ ਵਿਕਦਾ ਹੈ। ਜੈਵਿਕ ਖੇਤੀ ਵਿਚ ਕਿਸੇ ਤਰ੍ਹਾਂ ਦੇ ਰਸਾਇਣ ਨਹੀਂ ਵਰਤੇ ਜਾਂਦੇ। ਇਸ ਵਿਚ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਤੇ ਫ਼ਸਲਾਂ ਨੂੰ ਲੋੜੀਂਦੇ ਖ਼ੁਰਾਕੀ ਤੱਤ ਮੁਹੱਈਆ ਕਰਵਾਉਣ ਲਈ ਫ਼ਸਲੀ ਚੱਕਰਾਂ, ਫ਼ਸਲੀ ਰਹਿੰਦ-ਖੂੰਹਦ, ਰੂੜੀ ਦੀ ਖਾਦ, ਕੰਪੋਸਟ, ਫ਼ਲੀਦਾਰ ਫ਼ਸਲਾਂ ਤੇ ਹਰੀ ਖਾਦ ਦੀ ਵਰਤੋਂ ਕੀਤੀ ਜਾਂਦੀ ਹੈ।

### ਜੈਵਿਕ ਹਰਾ ਚਾਰਾ

ਜੈਵਿਕ ਹਰੇ ਚਾਰੇ ਦੇ ਉਤਪਾਦਨ ਲਈ ਸਭ ਤੋਂ ਵਧੀਆ ਖੇਤ ਦੀ ਚੋਣ ਕਰਨੀ ਚਾਹੀਦੀ ਹੈ। ਮੁਢਲੇ ਤਿੰਨ-ਚਾਰ ਸਾਲ ਜੈਵਿਕ ਚਾਰੇ ਦਾ ਝਾੜ ਕੁਝ ਘਟ ਹੁੰਦਾ ਹੈ ਪਰ ਬਾਅਦ 'ਚ ਇਹ ਰਸਾਇਣਕ ਚਾਰੇ ਦੇ ਬਰਾਬਰ ਹੋ ਜਾਂਦਾ ਹੈ। ਘੱਟੋ-ਘੱਟ 60 ਫ਼ੀਸਦੀ ਚਾਰਾ ਜੈਵਿਕ ਸਰੋਤਾਂ ਤੋਂ ਆਉਣਾ ਚਾਹੀਦਾ ਹੈ। ਚਰਾਂਦਾਂ ਦੀ ਕਟਾਈ ਤੇ ਸਰਦੀਆਂ ਲਈ ਸੁਰੱਖਿਅਤ ਰੱਖਿਆ ਚਾਰਾ ਜੈਵਿਕ ਫਾਰਮ ਤੋਂ ਪੈਦਾ ਹੋਣਾ ਚਾਹੀਦਾ ਹੈ। ਜੈਵਿਕ ਚਾਰੇ ਦੇ ਉਤਪਾਦਨ ਲਈ ਫ਼ਸਲਾਂ ਦੇ ਕਾਸ਼ਤਕਾਰੀ ਢੰਗ ਆਮ ਫ਼ਸਲਾਂ ਵਾਂਗ ਹੀ ਹਨ ਪਰ ਜੈਵਿਕ ਚਾਰੇ ਵਾਲੀਆਂ ਫ਼ਸਲਾਂ 'ਚ ਰਸਾਇਣਕ ਖਾਦਾਂ, ਨਦੀਨਨਾਸ਼ਕਾਂ, ਕੀਟਨਾਸ਼ਕਾਂ ਤੇ ਉੱਲੀਨਾਸ਼ਕਾਂ ਦੀ ਵਰਤੋਂ ਨਹੀਂ ਹੁੰਦੀ ਹੈ। ਹਰੇ ਚਾਰੇ ਦੇ ਵੱਖ-ਵੱਖ ਫ਼ਸਲੀ ਚੱਕਰ ਇਸ ਤਰ੍ਹਾਂ ਹਨ :

**ਮੱਕੀ-ਬਰਸੀਮ-ਬਾਜਰਾ** : ਖੇਤ 'ਚ 3.5 ਟਨ ਪ੍ਰਤੀ ਏਕੜ ਸੁੱਕੀ ਰੂੜੀ (ਇਕ ਫ਼ੀਸਦੀ ਨਾਈਟ੍ਰੋਜਨ) ਪਾਓ ਤੇ ਅਗਸਤ ਦੇ ਦੂਜੇ ਹਫ਼ਤੇ ਮੱਕੀ ਬੀਜੋ। 50-60 ਦਿਨ ਬਾਅਦ (ਜਦੋਂ ਫ਼ਸਲ ਦੋਧੇ ਤੇ ਹੋਵੇ) ਕੱਟ ਲਵੋ। ਇਸ ਤੋਂ ਬਾਅਦ ਇਕ ਟਨ ਪ੍ਰਤੀ ਏਕੜ ਰੂੜੀ ਖੇਤ 'ਚ ਪਾ ਕੇ ਅਕਤੂਬਰ ਦੇ ਦੂਜੇ ਹਫ਼ਤੇ ਬਰਸੀਮ ਬੀਜੋ। ਇਸ ਤੋਂ 4-5 ਕਟਾਈਆਂ ਲਈਆਂ ਜਾ ਸਕਦੀਆਂ ਹਨ। ਬਰਸੀਮ ਦੀ ਕਟਾਈ ਤੋਂ ਬਾਅਦ ਦੋ ਟਨ ਪ੍ਰਤੀ ਏਕੜ ਸੁੱਕੀ ਰੂੜੀ ਪਾਓ ਤੇ ਜੂਨ ਦੇ ਦੂਜੇ ਹਫ਼ਤੇ ਬਾਜਰਾ ਬੀਜ ਕੇ ਬਿਜਾਈ ਤੋਂ 45-55 ਦਿਨ ਬਾਅਦ ਕੱਟ ਲਵੋ।

**ਮੱਕੀ-ਬਰਸੀਮ-ਮੱਕੀ+ਰਵਾਂਹ** : ਖੇਤ 'ਚ 3.5 ਟਨ ਪ੍ਰਤੀ ਏਕੜ ਸੁੱਕੀ ਰੂੜੀ ਪਾਓ ਤੇ ਅਗਸਤ ਦੇ ਦੂਜੇ ਹਫ਼ਤੇ ਮੱਕੀ ਬੀਜੋ। 50-60 ਦਿਨ ਬਾਅਦ ਫ਼ਸਲ ਕੱਟ ਲਵੋ। ਉਸ ਤੋਂ ਬਾਅਦ ਇਕ ਟਨ ਪ੍ਰਤੀ ਏਕੜ ਰੂੜੀ ਖੇਤ 'ਚ ਪਾ ਕੇ ਅਕਤੂਬਰ ਦੇ ਦੂਜੇ ਹਫ਼ਤੇ ਬਰਸੀਮ ਬੀਜੋ। ਬਰਸੀਮ ਦੀ ਕਟਾਈ ਤੋਂ ਬਾਅਦ 3.5 ਟਨ ਪ੍ਰਤੀ ਏਕੜ ਰੂੜੀ ਪਾਓ ਤੇ ਜੂਨ ਦੇ ਦੂਜੇ ਹਫ਼ਤੇ ਮੱਕੀ+ਰਵਾਂਹ ਰਲਾ ਕੇ ਬੀਜੋ। ਇਸ ਲਈ 15 ਕਿੱਲੋ ਮੱਕੀ ਦਾ ਬੀਜ ਤੇ 15 ਕਿੱਲੋ ਰਵਾਂਹ-88 ਕਿਸਮ ਜਾਂ 6 ਕਿੱਲੋ ਸੀਐੱਲ-367 ਕਿਸਮ ਦਾ ਬੀਜ ਵਰਤੋ। ਇਸ ਰਲਵੇਂ ਚਾਰੇ ਨੂੰ ਬਿਜਾਈ ਤੋਂ 50-60 ਦਿਨ ਬਾਅਦ ਕੱਟ ਲਵੋ।

### ਜੈਵਿਕ ਤਰੀਕੇ ਨਾਲ ਸਬਜ਼ੀਆਂ ਦੀ ਕਾਸ਼ਤ

ਅੱਜ ਸਬਜ਼ੀਆਂ ਨੂੰ ਕੀੜੇ-ਮਕੌੜਿਆਂ ਤੇ ਬਿਮਾਰੀਆਂ ਤੋਂ ਬਚਾਉਣ ਲਈ ਕੀਟਨਾਸ਼ਕਾਂ ਦੀ ਬੇਲੋੜੀ ਵਰਤੋਂ ਕੀਤੀ ਜਾਂਦੀ ਹੈ ਪਰ ਤਾਜ਼ੀ, ਤੱਤਾਂ ਨਾਲ ਭਰਪੂਰ ਤੇ ਕੀਟਨਾਸ਼ਕਾਂ ਤੋਂ ਰਹਿਤ ਸਬਜ਼ੀ ਘਰੇਲੂ ਬਗ਼ੀਚੀ ਵਿੱਚੋਂ ਹੀ ਮਿਲ ਸਕਦੀ ਹੈ। ਇਕ ਸਾਲ ਵਿਚ 6×6 ਮੀਟਰ ਦੇ ਜ਼ਮੀਨੀ ਟੁਕੜੇ ਉੱਪਰ 27 ਵੱਖ-ਵੱਖ ਸਬਜ਼ੀਆਂ ਪੈਦਾ ਕੀਤੀਆਂ ਜਾ ਸਕਦੀਆਂ ਹਨ ਤੇ ਕਰੀਬ 300 ਕਿੱਲੋ ਸਬਜ਼ੀ ਪ੍ਰਾਪਤ ਕੀਤੀ ਜਾ ਸਕਦੀ ਹੈ। ਮੱਕੀ-ਆਲੂ-ਪਿਆਜ਼ ਫ਼ਸਲੀ ਚੱਕਰ ਵਿਚ ਆਲੂ ਵਿਚ ਮੂਲੀ ਦੀ ਰਲਵੀਂ ਫ਼ਸਲ ਅਤੇ ਪਿਆਜ਼ ਵਿਚ ਧਨੀਏ ਦੀ ਰਲਵੀਂ ਫ਼ਸਲ ਬੀਜਣੀ ਚਾਹੀਦੀ ਹੈ, ਜਿਸ ਨਾਲ ਜੈਵਿਕ ਖੇਤੀ ਵਿਚ ਪਹਿਲੇ ਸਾਲ ਹੀ ਰਸਾਇਣਕ ਖੇਤੀ ਦੇ



ਬਰਾਬਰ ਆਮਦਨ ਹੋ ਸਕਦੀ ਹੈ। ਮੱਕੀ ਲਈ 1.7 ਟਨ ਰੂੜੀ+1.1 ਟਨ ਗੰਡੋਇਆਂ ਦੀ ਖਾਦ+0.7 ਟਨ ਨਾ ਖਾਣ ਯੋਗ ਰਿੰਡ ਦੀ ਖਲ ਪ੍ਰਤੀ ਏਕੜ ਖੇਤ ਵਿਚ ਪਾਓ। ਇਸੇ ਤਰ੍ਹਾਂ ਆਲੂਆਂ ਦੀ ਫ਼ਸਲ ਲਈ 2.5 ਟਨ ਰੂੜੀ+1.7 ਟਨ ਗੰਡੋਇਆਂ ਦੀ ਖਾਦ + ਇਕ ਟਨ ਨਾ ਖਾਣ ਯੋਗ ਰਿੰਡ ਦੀ ਖਲ ਪ੍ਰਤੀ ਏਕੜ ਪਾਓ। ਪਿਆਜ਼ ਲਈ ਪ੍ਰਤੀ ਏਕੜ 1.3 ਟਨ ਰੂੜੀ ਦੀ ਖਾਦ+0.9 ਟਨ ਗੰਡੋਇਆਂ ਦੀ ਖਾਦ+0.5 ਟਨ ਨਾ ਖਾਣ ਯੋਗ ਰਿੰਡ ਦੀ ਖਲ ਪ੍ਰਤੀ ਏਕੜ ਪਾਓ। ਮੱਕੀ ਦੀ ਫ਼ਸਲ ਨੂੰ ਜੂਨ ਦੇ ਪਹਿਲੇ ਪੰਦਰਵਾੜੇ, ਆਲੂ ਅਕਤੂਬਰ ਦੇ ਪਹਿਲੇ ਪੰਦਰਵਾੜੇ ਤੇ ਪਿਆਜ਼ ਜਨਵਰੀ ਦੇ ਪਹਿਲੇ ਪੰਦਰਵਾੜੇ ਵਿਚ ਬੀਜੋ। ਮੂਲੀ ਨੂੰ ਅਕਤੂਬਰ ਦੇ ਪਹਿਲੇ ਪੰਦਰਵਾੜੇ ਆਲੂਆਂ ਦੀ ਹਰੇਕ ਵੱਟ ਦੇ ਦੱਖਣ ਵਾਲੇ ਪਾਸੇ ਬੀਜ ਕੇ, ਦਸੰਬਰ ਦੇ ਮਹੀਨੇ ਵਿਚ ਬਿਜਾਈ ਤੋਂ 50 ਤੋਂ 70 ਦਿਨਾਂ ਵਿਚ ਪੁੱਟ ਲਵੋ। ਧਨੀਏ ਦੀ ਇਕ ਕਤਾਰ ਪਿਆਜ਼ ਦੀਆਂ 5 ਕਤਾਰਾਂ ਬਾਅਦ ਜਨਵਰੀ ਦੇ ਪਹਿਲੇ ਪੰਦਰਵਾੜੇ ਵਿਚ ਪਿਆਜ਼ ਦੀ ਪਨੀਰੀ ਲਾਉਣ ਤੇ ਪਹਿਲਾ ਪਾਣੀ ਦੇਣ ਉਪਰੰਤ ਲਾਓ। ਹਰੇ ਧਨੀਏ ਦੀ ਬਿਜਾਈ ਤੋਂ 40 ਦਿਨਾਂ ਬਾਅਦ ਪਹਿਲੀ ਕਟਾਈ ਕਰੋ ਤੇ ਬੀਜ ਦੇ ਤੌਰ ਤੇ ਧਨੀਏ ਨੂੰ ਮਈ ਦੇ ਦੂਸਰੇ ਹਫ਼ਤੇ ਕੱਟ ਲਵੋ।

ਜੈਵਿਕ ਹਲਦੀ ਲਈ ਖ਼ੁਰਾਕੀ ਤੱਤਾਂ ਦੀ ਲੋੜ ਨੂੰ ੬ ਟਰਾਲੀਆਂ ਰੂੜੀ ਦੀ ਖਾਦ ਵਰਤ ਕੇ ਪੂਰਾ ਕੀਤਾ ਜਾ ਸਕਦਾ ਹੈ। ਜੇ ਰੂੜੀ ਦੀ ਖਾਦ ਪੂਰੀ ਮਾਤਰਾ 'ਚ ਉਪਲਬਧ ਨਾ ਹੋਵੇ ਤਾਂ 4 ਟਰਾਲੀਆਂ ਰੂੜੀ ਦੇ ਨਾਲ 1.3 ਟਨ ਗੰਡੋਆ ਖਾਦ ਦੀ ਵਰਤੋਂ ਕਰੋ। ਜੈਵਿਕ ਪਿਆਜ਼ 'ਚ ਖ਼ੁਰਾਕੀ ਤੱਤਾਂ ਦੀ ਲੋੜ ਨੂੰ 4 ਟਰਾਲੀਆਂ ਰੂੜੀ ਦੀ ਖਾਦ ਵਰਤ ਕੇ ਪੂਰਾ ਕੀਤਾ ਜਾ ਸਕਦਾ ਹੈ। ਜੇ ਰੂੜੀ ਦੀ ਖਾਦ ਪੂਰੀ ਮਾਤਰਾ 'ਚ ਉਪਲਬਧ ਨਾ ਹੋਵੇ ਤਾਂ 3 ਟਰਾਲੀਆਂ ਰੂੜੀ ਦੇ ਨਾਲ 0.9 ਟਨ ਗੰਡੋਆ ਖਾਦ ਦੀ ਵਰਤੋਂ ਕਰੋ। ਹਲਦੀ ਵਿਚ ਨਦੀਨਾਂ ਦੀ ਰੋਕਥਾਮ ਲਈ ਬਿਜਾਈ ਸਮੇਂ 40 ਕੁਇੰਟਲ ਪ੍ਰਤੀ ਏਕੜ ਪਰਾਲੀ ਵਿਛਾਓ ਤੇ ਜੇ ਲੋੜ ਪਵੇ ਤਾਂ 3 ਮਹੀਨੇ ਬਾਅਦ ਇਕ ਗੋਡੀ ਕਰੋ।

### ਜੈਵਿਕ ਕਣਕ ਦਾ ਉਤਪਾਦਨ

ਕਣਕ ਵਿਚ 8, 12 ਅਤੇ 16 ਟਨ ਰੂੜੀ ਪ੍ਰਤੀ ਏਕੜ ਦੇ ਹਿਸਾਬ ਨਾਲ ਕ੍ਰਮਵਾਰ ਜੈਵਿਕ ਮਾਦੇ ਪੱਖੋਂ ਭਾਰੀ, ਦਰਮਿਆਨੀ ਤੇ ਹੌਲੀ ਜ਼ਮੀਨ ਵਿਚ ਪਾਉਣੀ ਚਾਹੀਦੀ ਹੈ। ਕਣਕ ਦੀਆਂ ਦੇਸੀ ਕਿਸਮਾਂ ਤੋਂ ਜ਼ਮੀਨ ਦੀ ਕਿਸਮ ਅਨੁਸਾਰ ਉੱਪਰ ਦੱਸੀ ਜੈਵਿਕ ਖਾਦ ਦੀ ਅੱਧੀ ਮਾਤਰਾ ਨਾਲ ਹੀ ਚੰਗਾ ਝਾੜ ਲਿਆ ਜਾ ਸਕਦਾ ਹੈ। ਕਣਕ ਦੀ 50 ਕਿੱਲੋ ਨਾਈਟ੍ਰੋਜਨ ਪ੍ਰਤੀ ਏਕੜ ਦੀ ਲੋੜ ਨੂੰ ਰੂੜੀ, ਗੰਡੋਆ ਖਾਦ ਤੇ ਰਿੰਡ ਦੀ ਖਲ ਵਰਤ ਕੇ ਪੂਰਾ ਕੀਤਾ ਜਾ ਸਕਦਾ ਹੈ। ਇਸ ਲਈ 1.7 ਟਨ ਰੂੜੀ +1.1 ਟਨ ਗੰਡੋਆ ਖਾਦ+0.7 ਟਨ ਰਿੰਡ ਦੀ ਖਲ ਪ੍ਰਤੀ ਏਕੜ ਵਰਤੋ। ਨਦੀਨਾਂ ਦੀ ਰੋਕਥਾਮ ਲਈ ਆਮ ਕਾਸ਼ਤਕਾਰੀ ਢੰਗ, ਜੋ ਰਸਾਇਣਕ ਖੇਤੀ 'ਚ ਵਰਤੇ ਜਾ ਸਕਦੇ ਹਨ ਜਿਵੇਂ ਕਿ ਮਿੱਟੀ ਨੂੰ ਉੱਪਰੋਂ ਸੁਕਾਉਣਾ, ਨਦੀਨਾਂ ਨੂੰ ਪਹਿਲੇ ਪਾਣੀ ਤੋਂ ਪਹਿਲਾਂ ਮਾਰਨਾ ਅਤੇ ਗੁੱਲੀ-ਡੰਡੇ ਦੇ ਬੀਜ ਨੂੰ ਕਣਕ ਪੱਕਣ ਤੋਂ ਪਹਿਲਾਂ ਖੇਤ 'ਚੋਂ ਬਾਹਰ ਕੱਢਣਾ। ਲੋੜ ਅਨੁਸਾਰ ਗੋਡੀ ਕਰੋ। ਜੈਵਿਕ ਕਣਕ ਵਿਚ ਆਮ ਤੌਰ 'ਤੇ ਕੀੜੇ-ਮਕੌੜਿਆਂ ਦੀ ਸਮੱਸਿਆ ਨਹੀਂ ਆਉਂਦੀ। ਜੇ ਕਿਤੇ ਤੇਲਾ ਆ ਜਾਵੇ ਤਾਂ ਮਿੱਤਰ ਕੀੜੇ ਉਸ ਨੂੰ ਕਾਬੂ ਕਰ ਲੈਂਦੇ ਹਨ।

ਮੱਕੀ ਜਾਂ ਸੋਇਆਬੀਨ ਦੀ ਰਹਿੰਦ-ਖੂੰਹਦ ਨੂੰ ਖੇਤ ਵਿਚ ਹੀ ਵਾਹਿਆ ਜਾਵੇ। ਜੈਵਿਕ ਖੇਤੀ ਦੇ ਪਹਿਲੇ ਪੰਜ ਸਾਲਾਂ ਵਿਚ ਕਣਕ ਨੂੰ 8 ਟਨ ਸੁੱਕੀ ਰੂੜੀ ਦੀ ਖਾਦ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ ਅਤੇ ਬਾਅਦ ਵਿਚ 25 ਫ਼ੀਸਦੀ ਰੂੜੀ ਦੀ ਮਾਤਰਾ ਘਟਾ ਦਿਓ। ਨਦੀਨਾਂ ਦੀ ਰੋਕਥਾਮ ਲਈ ਜੈਵਿਕ ਖੇਤੀ ਵਿਚ ਰੂੜੀ ਦੀ ਖਾਦ ਵਰਤਣ ਕਰਕੇ ਨਦੀਨਾਂ ਦੀ ਗਿਣਤੀ ਕੁਝ ਜ਼ਿਆਦਾ ਹੁੰਦੀ ਹੈ। ਇਸ ਲਈ ਨਦੀਨਾਂ 'ਤੇ ਕਾਬੂ ਪਾਉਣ ਲਈ ਲੋੜ ਅਨੁਸਾਰ 2 ਜਾਂ 3 ਗੋਡੀਆਂ ਕਰੋ। •

ਅਕਤੂਬਰ ਦੇ ਅਖ਼ੀਰਲੇ ਹਫ਼ਤੇ ਪੰਜਾਬ ਦਾ ਵਾਤਾਵਰਨ ਸਥਿਰ ਰਿਹਾ। ਹਲਕੀ ਬਰਸਾਤ ਨੇ ਵਾਤਾਵਰਨ 'ਚੋਂ ਧੂੜ ਤੇ ਧੂੰਏਂ ਦੇ ਕਣ ਧੋ ਦਿੱਤੇ। ਹਵਾ ਦਾ ਰੁਖ਼ ਵੀ ਦਿੱਲੀ ਤੋਂ ਪੰਜਾਬ ਵੱਲ ਨੂੰ ਰਿਹਾ। ਇਸ ਲਈ ਦਿੱਲੀ ਦੇ ਗੰਦੇ ਵਾਤਾਵਰਨ ਲਈ ਪੰਜਾਬ ਦੀ ਕਿਰਸਾਨੀ ਨੂੰ ਦੋਸ਼ ਦੇਣਾ ਸਰਾਸਰ ਗ਼ਲਤ ਹੈ...

# ਦਿੱਲੀ ਦੇ ਪਲੀਤ ਵਾਤਾਵਰਨ ਲਈ ਪੰਜਾਬ ਕਿਵੇਂ ਜ਼ਿੰਮੇਵਾਰ?



• ਪ੍ਰਭਜੋਤ ਕੌਰ, ਹਰਪ੍ਰੀਤ ਸਿੰਘ

ਪੰਜਾਬ ਸਰਕਾਰ ਦੇ ਯਤਨਾਂ ਨਾਲ ਪਿਛਲੇ ਕੁਝ ਸਾਲਾਂ ਦੇ ਮੁਕਾਬਲੇ ਇਸ ਸਾਲ ਪਰਲੀ ਸਾੜਨ ਦੇ ਕੇਸਾਂ 'ਚ ਕਮੀ ਆਈ ਹੈ। ਹਾਲਾਂਕਿ ਅਕਤੂਬਰ ਦੇ ਪਿਛਲੇ ਹਫ਼ਤੇ ਤੋਂ ਪਰਾਲੀ ਸਾੜਣ ਦੀਆਂ ਘਟਨਾਵਾਂ ਦੀ ਗਿਣਤੀ ਵਧੀ ਹੈ ਪਰ ਪਿਛਲੇ ਦੋ ਸਾਲਾਂ 'ਚ ਜਿੰਨੀਆਂ ਘਟਨਾਵਾਂ ਧਿਆਨ 'ਚ ਆਈਆਂ ਸਨ, ਉਸ ਨਾਲੋਂ ਅੰਕੜੇ ਘੱਟ ਹਨ। ਬੀਤੇ ਦਿਨੀਂ ਦਿੱਲੀ ਵਿਚ ਪ੍ਰਦੂਸ਼ਣ ਦਾ ਪੱਧਰ ਵਧਣ ਲਈ ਪੰਜਾਬ ਦੇ ਕਿਸਾਨਾਂ ਨੂੰ ਜ਼ਿੰਮੇਵਾਰ ਠਹਿਰਾਏ ਜਾਣ ਦੀਆਂ ਆਵਾਜ਼ਾਂ ਉੱਭਰਦੀਆਂ ਰਹੀਆਂ, ਜਦਕਿ ਹਕੀਕਤ ਇਹ ਹੈ ਕਿ ਦਿੱਲੀ ਦੇ ਪਲੀਤ ਵਾਤਾਵਰਨ 'ਚ ਹੋਏ ਵਾਧੇ ਲਈ ਉੱਥੋਂ ਦੀਆਂ ਸਥਾਨਕ ਸਰਗਰਮੀਆਂ ਪੂਰੀ ਤਰ੍ਹਾਂ ਜ਼ਿੰਮੇਵਾਰ ਹਨ।

### ਪੰਜਾਬ ਦਾ ਏਕਿਊਆਈ ਦਿੱਲੀ ਨਾਲੋਂ ਬਿਹਤਰ

ਪੰਜਾਬ ਰਿਮੋਟ ਸੈਂਸਿੰਗ ਸੈਂਟਰ, ਲੁਧਿਆਣਾ ਦੇ ਅੰਕੜਿਆਂ ਅਨੁਸਾਰ ਇਸ ਸਾਲ 05 ਨਵੰਬਰ ਤਕ ਪਰਾਲੀ ਦੇ 27,238 ਮਾਮਲੇ ਸਾਹਮਣੇ ਆਏ, ਜੋ ਸਾਲ 2017 ਦੇ ਮੁਕਾਬਲੇ 10,051 ਅਤੇ 2016 ਦੇ ਮੁਕਾਬਲੇ 27,421 ਘੱਟ ਹਨ। ਪੰਜਾਬ ਵਿਚ ਏਅਰ ਕੁਆਲਿਟੀ ਇੰਡੈਕਸ (ਏਕਿਊਆਈ) 'ਦਰਮਿਆਨੇ' ਦਰਜੇ 'ਚ ਹੈ। ਪੰਜਾਬ ਵਿਤ ਏਅਰ ਕੁਆਲਿਟੀ ਇੰਡੈਕਸ 101-200 ਹੈ ਅਤੇ ਨਵੀਂ ਦਿੱਲੀ ਦਾ ਏਕਿਊਆਈ 'ਬਹੁਤ ਮਾੜੇ' ਦਰਜੇ (301-400) ਵਿਚ ਹੈ। ਇਸ ਦੇ ਬਾਵਜੂਦ ਪੰਜਾਬ ਦੇ ਕਿਸਾਨਾਂ ਨੂੰ ਰਾਜਧਾਨੀ ਦਿੱਲੀ ਦੀ ਹਵਾ ਨੂੰ ਦੂਸ਼ਿਤ ਕਰਨ ਲਈ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ।

### ਸ਼ਾਂਤ ਰਹੀ ਹਵਾਵਾਂ ਦੀ ਸਥਿਤੀ

ਅਕਤੂਬਰ ਦੇ ਪਿਛਲੇ ਇਕ ਹਫ਼ਤੇ ਤੋਂ ਪੰਜਾਬ ਦਾ ਵਾਤਾਵਰਣ ਸਥਿਰ ਹਾਲਤ 'ਚ ਹੈ। ਭਾਵ, ਇਸ ਵਿਚ ਤਾਪਮਾਨ ਦਾ ਗਰੇਡੀਐਂਟ ਨਾ ਹੋਣ ਕਾਰਨ ਕੋਈ ਹਿਲਜੁਲ ਨਹੀਂ ਹੋ ਰਹੀ ਸੀ ਤੇ ਹਵਾ ਦੀ ਗਤੀ ਵੀ ਬਿਲਕੁਲ ਸ਼ਾਂਤ ਰਹੀ ਹੈ। ਇਸ ਲਈ ਇਹੋ ਜਿਹੇ ਹਾਲਾਤ ਸੰਵੇਦਨਸ਼ੀਲ ਗਤੀਵਿਧੀਆਂ ਲਈ ਮੁਨਾਸਿਬ ਨਹੀਂ ਹੁੰਦੇ ਤੇ ਸਿੱਟੇ ਵਜੋਂ ਵਾਤਾਵਰਨ ਬਿਲਕੁਲ ਗੁੰਮ ਸਥਿਤੀ 'ਚ ਪਹੁੰਚ ਜਾਂਦਾ ਹੈ। ਬਯੂਫੋਰਟ ਪੈਮਾਨੇ (Beaufort scale) ਅਨੁਸਾਰ, ਜਦੋਂ ਹਵਾ ਦੀ ਗਤੀ 2 ਕਿਲੋਮੀਟਰ ਪ੍ਰਤੀ ਘੰਟਾ ਤੋਂ ਘਟ ਜਾਵੇ ਤਾਂ ਹਵਾ ਦੀ ਸਥਿਤੀ 'ਸ਼ਾਂਤ' ਮੰਨੀ ਜਾਂਦੀ ਹੈ ਤੇ ਹਵਾ ਦੀ ਕੋਈ ਖ਼ਿਤਿਜੀ ਅੰਦੋਲਨ ਮਹਿਸੂਸ ਨਹੀਂ ਕੀਤਾ ਜਾ ਸਕਦਾ ਅਤੇ ਸਿਰਫ਼ ਧੂੰਏਂ ਦੀ ਲੰਬਕਾਰੀ ਲਹਿਰ ਸੰਭਵ ਹੈ। ਹਵਾ ਦੀ ਗਤੀ 5 ਕਿਲੋਮੀਟਰ ਪ੍ਰਤੀ ਘੰਟਾ ਤੋਂ ਵੱਧ ਹੋਣ ਤੋਂ ਬਾਅਦ ਹਲਕੀ ਹਵਾ ਚੱਲਦੀ ਹੈ ਤੇ ਇਸ ਦਾ ਬੁੱਲਾ ਚਿਹਰੇ 'ਤੇ ਮਹਿਸੂਸ ਕੀਤਾ ਜਾ ਸਕਦਾ ਹੈ। ਇਸ ਗਤੀ 'ਤੇ ਹਵਾ ਦਿਸ਼ਾ ਸੂਚਕ ਯੰਤਰ ਵੀ ਉਹ ਦਿਸ਼ਾ ਵਿਖਾਉਣੀ ਸ਼ੁਰੂ ਕਰ ਦਿੰਦਾ ਹੈ, ਜਿਸ ਦਿਸ਼ਾ ਤੋਂ ਹਵਾ ਵਗ ਰਹੀ ਹੋਵੇ। ਇੰਡੀਆ ਮੈਟਰੋਲੋਜੀਕਲ ਡਿਪਾਰਟਮੈਂਟ (India Meteorological Department) ਵੱਲੋਂ ਪੰਜਾਬ ਦੇ ਮੁੱਖ ਜ਼ਿਲ੍ਹਿਆਂ 'ਚ ਆਟੋਮੈਟਿਕ ਵੈਦਰ ਸਟੇਸ਼ਨ (ਏਡਬਲਿਊਐਸ) ਸਥਾਪਤ ਕੀਤੇ ਗਏ ਹਨ। ਇਨ੍ਹਾਂ ਸਟੇਸ਼ਨਾਂ ਨੇ ਪੰਜਾਬ, ਹਰਿਆਣਾ ਤੇ ਨਵੀਂ ਦਿੱਲੀ ਵਿਚ ਆਮ ਤੌਰ 'ਤੇ 'ਸ਼ਾਂਤ ਸਥਿਤੀਆਂ' (ਹਵਾ ਦੀ ਗਤੀ 2 ਕਿਲੋਮੀਟਰ ਪ੍ਰਤੀ ਘੰਟਾ) ਰਿਕਾਰਡ ਕੀਤੀ ਹੈ।

### ਬਰਸਾਤ ਨੇ ਹਵਾ ਨੂੰ ਕੀਤਾ ਸਾਫ਼

ਪਰਾਲੀ ਨੂੰ ਸਾੜਨ ਕਾਰਨ ਹਵਾ ਵਿਚ ਜੋ ਕਣ ਰਹਿ ਗਏ, ਉਨ੍ਹਾਂ ਨੇ ਉਸ ਖੇਤਰ ਦੀ ਹਵਾ ਨੂੰ ਗੰਧਲਾ ਕੀਤਾ ਹੈ। ਪਹਿਲੀ ਨਵੰਬਰ 20 18 ਦੌਰਾਨ ਉੱਤਰੀ ਭਾਰਤ ਵਿਚ ਪੱਛਮੀ ਚੱਕਰਵਾਤ ਆਉਣ ਨਾਲ ਪੰਜਾਬ ਵਿਚ ਬਣੇ ਸਥਿਰ ਵਾਤਾਵਰਣ 'ਚ ਹਿੱਲਜੁੱਲ ਹੋਈ ਅਤੇ ਹਵਾ ਦੀ ਗਤੀ ਨੇ ਕੁਝ ਜ਼ੋਰ ਫੜਿਆ। ਇਸ ਨਾਲ ਕਈ ਥਾਵਾਂ ਤੇ ਹਲਕੀ ਬਰਸਾਤ ਹੋਈ। ਇਸ ਬਰਸਾਤ ਨੇ ਵਾਤਾਵਰਨ 'ਚ ਜਮ੍ਹਾਂ ਹੋਏ ਧੂੰਏਂ ਦੇ ਕਣਾਂ ਨੂੰ ਵੀ ਧੋ ਦਿੱਤਾ ਤੇ ਇਸ ਨਾਲ ਉਸ ਇਲਾਕੇ ਦਾ ਵਾਯੂਮੰਡਲ ਵੀ ਸਾਫ਼ ਹੋ ਗਿਆ।



### ਦਿੱਲੀ ਤੋਂ ਪੰਜਾਬ ਵੱਲ ਰਹੀ ਹਵਾਵਾਂ ਦੀ ਦਿਸ਼ਾ

ਪੰਜਾਬ ਵਿਚ ਬੀਤੇ ਦਿਨੀਂ ਹੋਈ ਹਲਕੀ ਬਰਸਾਤ ਨੇ ਨਾ ਸਿਰਫ਼ ਧੌਖਿਆਂ ਦੀਆਂ ਸਥਿਤੀਆਂ ਨੂੰ ਸਾਫ਼ ਕੀਤਾ ਸਗੋਂ ਇੰਦਰ ਦੇਵਤਾ ਨੇ ਉੱਤਰ-ਪੂਰਬ/ਉੱਤਰ-ਪੱਛਮ ਵੱਲੋਂ ਚੱਲ ਰਹੀ ਹਵਾ ਦੀ ਦਿਸ਼ਾ ਬਦਲ ਕੇ ਦੱਖਣ-ਪੱਛਮ/ਦੱਖਣ ਪੂਰਬ ਵੱਲ ਕਰ ਦਿੱਤੀ। ਤਦ ਤੋਂ ਰਾਜਧਾਨੀ ਦਿੱਲੀ ਵੱਲੋਂ ਹਵਾਵਾਂ ਪੰਜਾਬ ਤੇ ਨੇੜਲੇ ਸੂਬਿਆਂ ਵੱਲ ਚੱਲ ਰਹੀਆਂ ਹਨ। ਇਸ ਲਈ ਨਵੀਂ ਦਿੱਲੀ ਵਿਚ ਗੰਦੇ ਹੋਏ ਵਾਤਾਵਰਨ ਨੂੰ ਹੋਰ ਵਧਾਉਣ ਲਈ ਪੰਜਾਬ ਤੇ ਇਸ ਖੇਤਰ ਦੇ ਕਿਸਾਨਾਂ ਉੱਪਰ ਦੋਸ਼ ਨਹੀਂ ਲਗਾਇਆ ਜਾ ਸਕਦਾ। ਗਰੇਡੀਐਂਟ ਥਿਊਰੀ (Gradient theory) ਅਨੁਸਾਰ, ਧੂੜ ਜਾਂ ਧੂੰਏਂ ਦੇ ਕਣ ਹਮੇਸ਼ਾ ਉਚੇਰੇ ਦਰਜੇ ਦੇ ਗਰੇਡੀਐਂਟ ਵੱਲੋਂ ਹੇਠਲੇ ਦਰਜੇ ਦੇ ਗਰੇਡੀਐਂਟ ਵੱਲ ਨੂੰ ਚੱਲਦੇ ਹਨ। ਰਿਕਾਰਡ ਅਨੁਸਾਰ ਪੰਜਾਬ ਅਤੇ ਹਰਿਆਣਾ ਦੇ ਨੇੜਲੇ ਸੂਬਿਆਂ ਦੇ ਮੁਕਾਬਲੇ ਨਵੀਂ ਦਿੱਲੀ ਵਿਚ ਕਣਾਂ ਦੀ ਤਦਾਦ ਵਧੇਰੇ ਹੈ। ਇਸ ਤੋਂ ਇਲਾਵਾ ਅਕਤੂਬਰ ਦੇ ਆਖ਼ਰੀ ਹਫ਼ਤੇ ਤੋਂ ਸਥਿਰ ਵਾਯੂਮੰਡਲੀ ਹਾਲਤਾਂ ਨੇ ਹਵਾ ਦੇ ਕਿਸੇ ਵੀ ਖਤਿਜੀ ਅੰਦੋਲਨ ਨੂੰ ਪ੍ਰਭਾਵਤ ਨਹੀਂ ਕੀਤਾ। ਇਸ ਲਈ ਪੰਜਾਬ ਦੇ ਕਿਸਾਨਾਂ ਨੂੰ ਰਾਜਧਾਨੀ ਦਿੱਲੀ ਵਿਚਲੇ ਪ੍ਰਦੂਸ਼ਿਤ ਵਾਤਾਵਰਣ ਨੂੰ ਵਧਾਉਣ ਲਈ ਜ਼ਿੰਮੇਵਾਰ ਠਹਿਰਾਉਣਾ ਸਰਾਸਰ ਬੇਬੁਨਿਆਦ ਹੈ। •



# ਜਾਣੇ ਪਛਾਣੇ ਰੁੱਖ

# ਟਾਹਲੀ

ਵਪਾਰਕ ਖੇਤਰ ਵਿਚ ਟਾਹਲੀ ਦੀ ਲੱਕੜੀ ਨੂੰ 'ਕਾਲੀ ਲੱਕੜ' ਵੀ ਆਖਦੇ ਹਨ। ਇਹ ਬੇਹੱਦ ਮਜ਼ਬੂਤ ਤੇ ਗੂੜ੍ਹੇ ਕਾਲੇ ਜਾਂ ਭੂਰੇ ਰੰਗ ਦੀ ਹੁੰਦੀ ਹੈ। ਇਸ ਦੀ ਲੱਕੜੀ ਤੋਂ ਤਿਆਰ ਫਰਨੀਚਰ ਨੂੰ ਸਭ ਤੋਂ ਟਿਕਾਊ ਮੰਨਿਆ ਜਾਂਦਾ ਹੈ...

ਟਾਹਲੀ ਦਾ ਰੁੱਖ ਹਿਮਾਲਿਆ ਪਰਬਤ ਦੀਆਂ ਨੀਵੀਆਂ ਪਹਾੜੀਆਂ ਤੋਂ ਲੈ ਕੇ ਕੇਂਦਰੀ ਅਤੇ ਦੱਖਣੀ ਭਾਰਤ ਤਕ ਦਾ ਮੂਲ ਅਤੇ ਮੁਕਾਮੀ ਰੁੱਖ ਹੈ। ਪੰਜਾਬ ਸਮੇਤ ਇਹ ਪਹਾੜੀ ਹਿੱਸਿਆਂ ਵਿਚ ਆਮ ਹੁੰਦਾ ਹੈ। ਇਸ ਦਾ ਵਿਗਿਆਨਕ ਨਾਂ ਡੈਲਬਰਜੀਆ ਲੈਟੀਫੋਲੀਆ ਰੌਕਸਬ ਹੈ, ਅੰਗਰੇਜ਼ੀ ਨਾਂ ਬੰਬੇ ਰੋਜ਼ਵੁੱਡ ਤੇ ਬੰਬੇ ਬਲੈਕ ਵੁੱਡ ਹੈ। ਹਿੰਦੀ ਵਿਚ ਇਸ ਨੂੰ ਸ਼ੀਸ਼ਮ ਆਖਦੇ ਹਨ

### ਕੱਦ-ਕਾਠ

ਟਾਹਲੀ ਦਾ ਰੁੱਖ 100 ਮੀਟਰ ਤਕ ਉੱਚਾ ਹੋ ਸਕਦਾ ਹੈ। ਕੇਂਦਰੀ ਅਤੇ ਪੱਛਮੀ ਭਾਰਤ ਦੇ ਖੁੱਲ੍ਹੇ ਅਤੇ ਪੱਤਝੜੀ ਵਣਾਂ ਵਿਚ ਇਹ ਕੁਝ ਛੋਟੇ ਆਕਾਰ ਦਾ ਹੁੰਦਾ ਹੈ ਤੇ ਮੁਸ਼ਕਿਲ ਨਾਲ 10 ਮੀਟਰ ਤਕ ਉੱਚਾ ਹੁੰਦਾ ਹੈ। ਦੱਖਣੀ ਭਾਰਤ ਦੇ ਨਮੀ ਵਾਲੇ ਇਲਾਕਿਆਂ ਵਿਚ ਇਹ 25 ਮੀਟਰ ਦੀ ਉਚਾਈ ਤਕ ਦਾ ਹੁੰਦਾ ਹੈ। ਟਾਹਲੀ ਦੇ 35 ਮੀਟਰ ਉੱਚੇ ਰੁੱਖ ਉੱਤਰੀ ਭਾਰਤ ਵਿਚ ਕਿਤੇ-ਕਿਤੇ ਹੀ ਵੇਖਣ ਨੂੰ ਮਿਲਦੇ ਹਨ।

### ਪੱਤੇ ਅਤੇ ਫੁੱਲ-ਫੁਲਾਕਾ

ਟਾਹਲੀ ਦੇ ਰੁੱਖ ਦੀਆਂ ਸ਼ਾਖ਼ਾ ਫੈਲਵੀਆਂ ਹੁੰਦੀਆਂ ਹਨ ਅਤੇ ਰੁੱਖ ਦੀ ਟੀਸੀ 'ਤੇ ਇਕ ਛਤਰ ਜਿਹਾ ਬਣ ਜਾਂਦਾ ਹੈ। ਟਾਹਲੀ ਦੇ ਰੁੱਖ ਨੂੰ ਪੱਤਝੜੀ ਰੁੱਖ ਮੰਨਿਆ ਜਾਂਦਾ ਹੈ ਪਰ ਕਿਸੇ ਵੀ ਮੌਸਮ ਵਿਚ ਇਹ ਪੂਰੀ ਤਰ੍ਹਾਂ ਪੱਤਰ-



ਹੀਣ ਨਹੀਂ ਹੁੰਦਾ। ਆਮ ਤੌਰ 'ਤੇ ਸਿਆਲਾਂ ਵਿਚ ਪੱਤੇ ਕਾਫ਼ੀ ਘਟ ਜਾਂਦੇ ਹਨ। ਪੱਤਿਆਂ ਦਾ ਆਕਾਰ ਕਰੀਬ ਦੋ ਇੰਚ ਲੰਬਾ ਤੇ ਚੌੜਾ ਹੁੰਦਾ ਹੈ। ਪੱਤੇ ਇਕ ਕੇਂਦਰੀ ਡੰਡੀ ਉੱਪਰ ਦੋਵਾਂ ਪਾਸਿਆਂ 'ਤੇ ਨਿਕਲਦੇ ਹਨ। ਇਕ ਡੰਡੀ ਉੱਪਰ 5-7 ਪੱਤੀਆਂ ਹੁੰਦੀਆਂ ਹਨ। ਫੁੱਲ ਸਫ਼ੈਦ ਰੰਗ ਦੇ ਹੁੰਦੇ ਹਨ, ਜੋ ਪੱਤਿਆਂ ਦੀਆਂ ਡੰਡੀਆਂ ਉੱਪਰ ਢਿੱਲੇ-ਢਿੱਲੇ ਗੁੱਛਿਆਂ 'ਚ ਲੱਗਦੇ ਹਨ। ਫਲ ਪਤਲੀ ਤੇ ਚਪਟੀ ਫਲੀ ਵਾਲੇ ਹੁੰਦੇ ਹਨ, ਜਿਸ ਵਿਚ ਇਕ ਤੋਂ ਤਿੰਨ ਬੀਜ ਹੁੰਦੇ ਹਨ। ਫੁੱਲ ਗਰਮੀ ਦੇ ਮੌਸਮ 'ਚ ਲੱਗਦੇ ਹਨ ਅਤੇ ਫਲੀਆਂ ਮੌਨਸੂਨ ਦੇ ਆਉਣ ਤਕ ਰੁੱਖ ਉੱਪਰ ਕਈ ਮਹੀਨੇ ਹਰੀਆਂ ਰਹਿੰਦੀਆਂ ਹਨ।

### ਵਰਤੋਂ

ਟਾਹਲੀ ਦੀ ਰੁੱਖ ਦੀ ਲੱਕੜੀ ਭਾਰਤ ਵਿਚ ਸਭ ਤੋਂ ਵਡਮੁੱਲੀ ਇਮਾਰਤੀ ਲੱਕੜੀ ਮੰਨੀ ਗਈ ਹੈ। ਵਪਾਰਕ ਖੇਤਰ ਵਿਚ ਟਾਹਲੀ ਦੀ ਲੱਕੜੀ ਨੂੰ 'ਕਾਲੀ ਲੱਕੜ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਬੇਹੱਦ ਮਜ਼ਬੂਤ, ਬਹੁਤ ਪੱਕੀ, ਦਾਣੇਦਾਰ ਅਤੇ ਗੂੜ੍ਹੇ ਕਾਲੇ ਜਾਂ ਭੂਰੇ ਰੰਗ ਦੀ ਹੁੰਦੀ ਹੈ। ਟਾਹਲੀ ਦੀ ਲੱਕੜੀ ਦੂਸਰੇ ਰੁੱਖਾਂ ਦੇ ਮੁਕਾਬਲੇ ਕਾਫ਼ੀ ਕੀਮਤੀ ਹੁੰਦੀ ਹੈ, ਇਸੇ ਲਈ ਇਸ ਦੀ ਲੱਕੜੀ ਤੋਂ ਤਿਆਰ ਫਰਨੀਚਰ ਨੂੰ ਸਭ ਤੋਂ ਜ਼ਿਆਦਾ ਟਿਕਾਊ ਮੰਨਿਆ ਜਾਂਦਾ ਹੈ। ਰੰਗ ਰੋਗਨ ਜਾਂ ਪਾਲਿਸ਼ ਕਰਨ 'ਤੇ ਲੱਕੜੀ ਦੇ ਰੇਸ਼ਿਆਂ ਦਾ ਰੰਗ ਕਾਫ਼ੀ ਨਿੱਖਰ ਆਉਂਦਾ ਹੈ।

### ਖੇਤੀ

ਚੰਗੀ ਜਲ ਨਿਕਾਸੀ ਵਾਲੀ ਕਿਆਰੀ ਵਿਚ ਟਾਹਲੀ ਦੇ ਬੀਅ ਬੀਜ ਦਿਓ। ਇਸ ਦੇ ਤਾਜ਼ੇ ਬੀਜਾਂ ਵਿਚ ਪੁੰਗਰਨ ਦੀ ਸ਼ਕਤੀ ਵਧੇਰੇ ਹੁੰਦੀ ਹੈ। ਮਾਨਸੂਨ ਦੇ ਸ਼ੁਰੂ ਵਿਚ ਪੌਦ ਨੂੰ ਕਿਆਰੀਆਂ ਵਿੱਚੋਂ ਪੁੱਟ ਕੇ ਖ਼ਾਲੀ ਥਾਵਾਂ ਜਾਂ ਆਪਣੇ ਖੇਤ ਦੀ ਹੱਦ 'ਤੇ ਲਗਾ ਦੇਵੋ। ਸ਼ੁਰੂ ਵਿਚ ਬੂਟਿਆਂ ਨੂੰ ਕੁਝ ਛਾਂ ਕਰ ਦੇਵੋ ਪਰ ਬਾਅਦ ਵਿਚ ਛਾਂ ਹਟਾ ਦੇਵੋ, ਇਸ ਨਾਲ ਸੂਰਜ ਦੀ ਰੋਸ਼ਨੀ ਤੋਂ ਬੂਟਿਆਂ ਨੂੰ ਖ਼ੁਰਾਕ ਬਣਾਉਣ ਦਾ ਪੂਰਾ ਲਾਭ ਮਿਲੇਗਾ। ਪੁਰਾਣੇ ਸਮਿਆਂ ਵਿਚ ਲੋਕ ਟਾਹਲੀ ਦੇ ਰੁੱਖ ਨੂੰ ਆਪਣੇ ਘਰ ਜਾਂ ਖੂਹਾਂ 'ਤੇ ਜ਼ਰੂਰ ਲਗਾਉਂਦੇ ਸਨ ਅਤੇ ਇਸ ਦੀ ਛਾਂ ਸੰਘਣੀ ਹੋਣ ਕਾਰਨ ਗਰਮੀਆਂ ਵਿਚ ਇਸ ਦਾ ਲਾਹਾ ਲਿਆ ਜਾਂਦਾ ਸੀ।

• ਫੀਚਰ ਡੈਸਕ

ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਪਿੰਡ ਬੇਗ਼ਮਪੁਰ ਦੀ ਕੋਆਪ੍ਰੇਟਿਵ ਸੁਸਾਇਟੀ ਵੱਲੋਂ ਪੰਜ ਪਿੰਡਾਂ ਦੀ ਪਰਾਲੀ ਨੂੰ ਸਾੜਨ ਦੀ ਥਾਂ ਇਸ ਨੂੰ ਇਕੱਠੀ ਕਰ ਕੇ ਗੰਨਾ ਮਿੱਲ ਅਤੇ ਪਾਵਰ ਪਲਾਂਟ ਨੂੰ ਵੇਚੀ ਜਾਂਦੀ ਹੈ...

# ਪੰਜ ਸਾਲ ਤੋਂ ਪੰਜ ਪਿੰਡਾਂ ਨੇ ਨਹੀਂ ਸਾੜੀ ਪਰਾਲੀ



• ਪ੍ਰਦੀਪ ਭਨੋਟ, 98037-16666

ਪੰਜਾਬ 'ਚ ਪਰਾਲੀ ਦਾ ਨਿਪਟਾਰਾ ਕਿਸਾਨਾਂ ਲਈ ਵੱਡੀ ਸਮੱਸਿਆ ਹੈ। ਪਰਾਲੀ ਨੂੰ ਸਾੜ ਕੇ ਕਿਸਾਨ ਖ਼ੁਦ ਇਕ ਚੱਕਰਵਿਊ 'ਚ ਫਸਦੇ ਜਾ ਰਹੇ ਸਨ। ਉਨ੍ਹਾਂ ਨੂੰ ਪਰਾਲੇ ਦੇ ਨਿਪਟਾਰੇ ਜਾਂ ਸੁਚੱਜੀ ਵਰਤੋਂ ਦਾ ਸਹੀ ਹੱਲ ਨਹੀਂ ਸੀ ਮਿਲ ਰਿਹਾ। ਇਸ ਸਬੰਧੀ ਕਾਨੂੰਨ ਵੀ ਹੋਂਦ 'ਚ ਆਇਆ ਤੇ ਅੰਤ ਇਸ ਸਾਲ ਸਰਕਾਰ ਨੇ ਜ਼ੋਰ-ਸ਼ੋਰ ਨਾਲ ਕਿਸਾਨਾਂ ਨੂੰ ਜਾਗਰੂਕ ਕਰਨ ਦੇ ਉਪਰਾਲੇ ਸ਼ੁਰੂ ਕੀਤੇ। ਇਸ ਨਾਲ ਪਰਾਲੀ ਨੂੰ ਸਾੜੇ ਜਾਣ ਦੀਆਂ ਘਟਨਾਵਾਂ 'ਚ ਗਿਰਾਵਟ ਤਾਂ ਆਈ ਹੈ ਪਰ ਅਜੇ ਵੀ ਇਹ ਵਰਤਾਰਾ ਜਾਰੀ ਹੈ। ਇਸ ਤੋਂ ਉਲਟ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਪਿੰਡ ਬੇਗ਼ਮਪੁਰ ਦੀ ਕੋਆਪ੍ਰੇਟਿਵ ਸੁਸਾਇਟੀ ਪਿਛਲੇ ਪੰਜ ਸਾਲਾਂ ਤੋਂ ਇਸ ਦਿਸ਼ਾ 'ਚ ਸਾਬਤ ਕਦਮੀ ਪਹਿਲ ਕਰ ਰਹੀ ਹੈ।

### 91 ਸਾਲ ਪਹਿਲਾਂ ਹੋਂਦ 'ਚ ਆਈ ਸੁਸਾਇਟੀ

ਦਿ ਬੇਗ਼ਮਪੁਰਾ ਕੋਆਪ੍ਰੇਟਿਵ ਮਲਟੀਪਰਪਜ਼ ਸਰਵਿਸ ਸੁਸਾਇਟੀ ਨਾਲ ਚਾਰ ਹੋਰ ਪਿੰਡ ਜਾਫਰਪੁਰ, ਹੁਸੈਨਚੱਕ, ਸਲੋਹ ਤੇ ਹਿਆਲਾ ਦੇ ਕਿਸਾਨ ਜੁੜੇ ਹੋਏ ਹਨ। ਇਨ੍ਹਾਂ ਪੰਜਾਂ ਪਿੰਡਾਂ ਦੇ ਕਿਸਾਨਾਂ ਨੇ ਪਿਛਲੇ ਪੰਜ ਵਰ੍ਹਿਆਂ ਤੋਂ ਪਰਾਲੀ ਨੂੰ ਅੱਗ ਨਹੀਂ ਲਾਈ। ਸੁਸਾਇਟੀ ਵੱਲੋਂ ਇਲਾਕੇ ਦੇ ਕਿਸਾਨਾਂ ਨੂੰ ਪਰਾਲੀ ਦੀ ਸਾਂਭ-ਸੰਭਾਲ ਲਈ ਆਧੁਨਿਕ ਮਸ਼ੀਨਰੀ ਉਪਲਬਧ ਕਰਵਾਈ ਜਾ ਰਹੀ ਹੈ। ਬੇਗ਼ਮਪੁਰ ਦੀ ਕੋਆਪ੍ਰੇਟਿਵ ਸੁਸਾਇਟੀ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਦੀ ਕੰਮ ਕਰ ਰਹੀ ਹੈ ਤੇ ਇਸ ਦੀ ਸਥਾਪਨਾ ਨੂੰ 91 ਸਾਲ ਹੋ ਚੁੱਕੇ ਹਨ। ਇਹ ਸੁਸਾਇਟੀ 2 ਫਰਵਰੀ 1927 ਨੂੰ ਲਾਹੌਰ ਵਿਖੇ ਰਜਿਸਟਰਡ ਕਰਵਾਈ ਗਈ ਸੀ।

### ਵੇਚੀ ਜਾਂਦੀ ਹੈ ਪਰਾਲੀ

ਸੁਸਾਇਟੀ ਵੱਲੋਂ ਪਰਾਲੀ ਦੀ ਸੰਭਾਲ ਵਾਸਤੇ ਕਿਸਾਨਾਂ ਨੂੰ ਬੇਲਰ, ਰੇਕਿੰਗ ਟ੍ਰੈਕਟਰ-ਟਰਾਲੀ, ਚੌਪਰ, ਰੋਟਾਵੇਟਰ, ਜ਼ੀਰੋ ਡਰਿਲ ਮਸ਼ੀਨ, ਹੈਪੀ ਸੀਡਰ ਆਦਿ ਮਸ਼ੀਨਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਬੇਲਰ ਅਤੇ ਰੋਟਾਵੇਟਰ ਦੀ ਖ਼ਰੀਦ ਲਈ ਸਰਕਾਰ ਵੱਲੋਂ 40 ਫ਼ੀਸਦੀ ਜਦਕਿ ਹੈਪੀ ਸੀਡਰ, ਮਲਚਰ, ਚੌਪਰ ਤੇ ਜ਼ੀਰੋ ਡਰਿਲ ਮਸ਼ੀਨ 'ਤੇ ਸੁਸਾਇਟੀ ਨੂੰ 80 ਫ਼ੀਸਦੀ ਸਬਸਿਡੀ ਦਿੱਤੀ ਗਈ। ਸੁਸਾਇਟੀ ਦੇ ਸਕੱਤਰ ਅਮਰੀਕ ਸਿੰਘ ਨੇ ਦੱਸਿਆ ਕਿ ਕਿਸਾਨਾਂ ਨੂੰ ਪਰਾਲੀ ਨੂੰ ਸਾੜਨ ਤੋਂ ਰੋਕਣ ਲਈ 2-3 ਸਾਲ ਤੋਂ ਸੁਸਾਇਟੀ ਵੱਲੋਂ ਕਿਸਾਨਾਂ ਦੇ ਖੇਤਾਂ 'ਚੋਂ ਪਰਾਲੀ ਨੂੰ ਕੱਟਣ ਤੇ ਇਕੱਠਾ ਕਰਨ ਦਾ ਕੰਮ ਮੁਫ਼ਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਹ ਪਰਾਲੀ ਇਕੱਠੀ ਕਰ ਕੇ ਉਸ ਦੀਆਂ ਗੱਠਾਂ ਬੰਨ੍ਹ ਕੇ ਸ਼ੂਗਰ ਮਿੱਲ ਨਵਾਂਸ਼ਹਿਰ ਅਤੇ ਬੰਜੋਂ ਪਾਵਰ ਪਲਾਂਟ ਨੂੰ ਸਪਲਾਈ ਕੀਤੀ ਜਾਂਦੀ ਹੈ।

### ਸੂਬਾ ਪੱਧਰੀ ਮਾਣ-ਸਨਮਾਨ

ਸਕੱਤਰ ਅਮਰੀਕ ਸਿੰਘ 32 ਸਾਲ ਤੋਂ ਇਸ ਕੋਆਪ੍ਰੇਟਿਵ ਸੁਸਾਇਟੀ 'ਚ ਸੇਵਾਵਾਂ ਨਿਭਾ ਰਹੇ ਹਨ। ਉਨ੍ਹਾਂ ਨੇ ਸੁਸਾਇਟੀ ਦੇ ਮੁਨਾਫ਼ੇ ਨੂੰ ਵਧਾਉਣ ਅਤੇ ਪਰਾਲੀ ਨਾ ਸਾੜਨ ਦੇ ਮਾਮਲੇ 'ਚ ਵੱਧ ਚੜ੍ਹ ਕੇ ਕੰਮ ਕੀਤਾ। ਉਨ੍ਹਾਂ ਨੇ ਪਰਾਲੀ ਨਾ ਸਾੜਨ ਵਾਸਤੇ ਕਿਸਾਨਾਂ ਨੂੰ ਪ੍ਰੇਰਿਤ ਕਰਨ ਲਈ ਗੀਤ ਵੀ ਲਿਖੇ ਤੇ ਥਾਂ-ਥਾਂ ਕੈਂਪਾਂ 'ਚ ਜਾ ਕੇ ਕਿਸਾਨਾਂ ਨੂੰ ਜਾਗਰੂਕ ਕੀਤਾ। ਉਨ੍ਹਾਂ ਦੱਸਿਆ ਕਿ 2013 ਤਕ ਇਹ ਸੁਸਾਇਟੀ ਵੀ ਦੂਸਰੀਆਂ ਸੁਸਾਇਟੀਆਂ ਵਾਂਗ ਕੰਮ ਕਰ ਰਹੀ ਸੀ। 2013 ਵਿਚ ਜ਼ਿਲ੍ਹੇ ਦੀ ਡਿਪਟੀ ਕਮਿਸ਼ਨਰ ਆਨੰਦਿਤਾ ਮਿੱਤਰਾ ਨੇ ਇਕ ਬੈਠਕ ਦੌਰਾਨ ਪੁੱਛਿਆ ਕਿ ਬੈਲਰ ਮਸ਼ੀਨ ਨੂੰ ਵਰਤਨ ਲਈ ਕਿਹੜੀ-ਕਿਹੜੀ ਸੁਸਾਇਟੀ ਅੱਗੇ ਆਏਗੀ? ਉਸ ਵੇਲੇ ਸਿਰਫ਼ ਬੇਗ਼ਮਪੁਰ ਦੀ ਸੁਸਾਇਟੀ ਨੇ ਹਾਮੀ ਭਰੀ। ਉਸ ਤੋਂ ਬਾਅਦ ਸੁਸਾਇਟੀ ਇਸ ਕੰਮ 'ਚ ਤਨਦੇਹੀ ਨਾਲ ਰੁੱਝ ਗਈ ਤੇ ਪਰਾਲੀ ਨਾ ਸਾੜਨ ਲਈ ਅਹਿਮ ਰੋਲ ਅਦਾ ਕੀਤਾ। ਇਸ ਅਹਿਮ ਕਾਰਜ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸੁਸਾਇਟੀ ਨੂੰ ਸਨਮਾਨਿਤ ਵੀ ਕੀਤਾ ਗਿਆ। ਇਕ ਸਹਿਕਾਰਤਾ ਸਮਾਗਮ ਵਿਚ ਤਤਕਾਲੀ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਵੱਲੋਂ ਸੁਸਾਇਟੀ ਨੂੰ ਸੂਬਾ ਪੱਧਰੀ ਸਨਮਾਨ ਨਾਲ ਵੀ ਨਿਵਾਜਿਆ ਗਿਆ। ਇਹ ਸੁਸਾਇਟੀ ਬੇਗ਼ਮਪੁਰ ਅਤੇ ਨੇੜਲੇ ਪਿੰਡਾਂ ਦੇ ਕਰੀਬ 1700 ਖੇਤਾਂ ਨੂੰ ਅੱਗਜ਼ਨੀ ਦੀਆਂ ਘਟਨਾਵਾਂ ਤੋਂ ਬਚਾਅ ਰਹੀ ਹੈ ਅਤੇ ਇਕ ਸੀਜ਼ਨ ਦੌਰਾਨ ਕਰੀਬ 15000 ਕੁਇੰਟਲ ਪਰਾਲੀ ਸ਼ੂਗਰ ਮਿੱਲ ਤੇ ਪਾਵਰ ਪਲਾਂਟ ਨੂੰ ਸਪਲਾਈ ਕੀਤੀ ਜਾਂਦੀ ਹੈ।

### ਸਮੇਂ ਸਿਰ ਹੋਵੇ ਅਦਾਇਗੀ

ਸੈਕਟਰੀ ਅਮਰੀਕ ਸਿੰਘ ਨੇ ਦੱਸਿਆ ਕਿ ਪਰਾਲੀ ਨੂੰ ਸਾੜੇ ਜਾਣ ਤੋਂ ਰੋਕਣ ਲਈ ਸਰਕਾਰ ਨੂੰ ਠੋਸ ਉਪਰਾਲੇ ਕਰਨੇ ਚਾਹੀਦੇ ਹਨ। ਕਿਸਾਨਾਂ ਦੀਆਂ ਸਮੱਸਿਆਵਾਂ ਦੇ ਨਿੱਗਰ ਹੱਲ ਕੱਢੇ ਜਾਣ। ਪਰਾਲੀ ਦੀ ਖਪਤ ਕਰ ਸਕਣ ਦੇ ਸਮਰੱਥ ਸਨਅਤਾਂ ਨੂੰ ਉਤਸ਼ਾਹਿਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜਿਹੜੀਆਂ ਮਸ਼ੀਨਾਂ ਪਰਾਲੀ ਦੀ ਸੁਚੱਜੀ ਪਰਤੋਂ ਦੇ ਕੰਮ ਆਉਂਦੀਆਂ ਹਨ, ਉਹ ਮਸ਼ੀਨਾਂ ਵਿਦੇਸ਼ੀ ਹਨ, ਇਸ ਲਈ ਇਨ੍ਹਾਂ ਦੀ ਰਿਪੇਅਰ ਵੀ ਬਹੁਤ ਮਹਿੰਗੀ ਹੈ, ਇਸ ਦੇ ਢੁਕਵੇਂ ਤਕਨੀਕੀ ਪ੍ਰਬੰਧ ਕੀਤੇ ਜਾਣ ਦੀ ਲੋੜ ਹੈ। ਇਸ ਤੋਂ ਇਲਾਵਾ ਪਰਾਲੀ ਖ਼ਰੀਦਣ ਵਾਲੀਆਂ ਸ਼ੂਗਰ ਮਿੱਲਾਂ ਤੇ ਪਾਵਰ ਪਲਾਂਟ ਨੂੰ ਸਮੇਂ ਸਿਰ ਪੈਸੇ ਦੀ ਅਦਾਇਗੀ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ। •



ਕੌਮੀ ਪੱਤ੍ਰਿਕਾ

# ਨਵ-ਨਿਯੁਕਤ ਨੌਜਵਾਨਾਂ ਵੱਲੋਂ ਪਾਰਦਰਸ਼ੀ ਅਤੇ ਨਿਰਪੱਖ ਭਰਤੀ ਪ੍ਰਕਿਰਿਆ ਯਕੀਨੀ ਬਣਾਉਣ ਲਈ ਮੁੱਖ ਮੰਤਰੀ ਦੀ ਸ਼ਲਾਘਾ

**ਪਟਿਆਲਾ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਅੱਜ ਨਿਯੁਕਤੀ ਪੱਤਰ ਪ੍ਰਾਪਤ ਕਰਨ ਵਾਲੇ ਪੀ.ਐਸ.ਪੀ.ਸੀ.ਐਲ. ਦੇ ਮੁਲਾਜ਼ਮਾਂ ਨੇ ਭਰਤੀ ਪ੍ਰਕਿਰਿਆ ਨੂੰ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਲਈ 'ਆਪ' ਸਰਕਾਰ ਦੀ ਭਰਪੂਰ ਸ਼ਲਾਘਾ ਕੀਤੀ।

ਦਸੂਹਾ ਤੋਂ ਗਗਨਦੀਪ ਕੌਰ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਦੋ ਸਾਲਾਂ ਵਿੱਚ ਉਸ ਨੂੰ ਮੁੱਖ ਮੰਤਰੀ ਵੱਲੋਂ ਦੂਜਾ ਨਿਯੁਕਤੀ ਪੱਤਰ ਮਿਲਿਆ ਹੈ। ਉਸ ਨੇ ਕਿਹਾ ਕਿ ਇਹ ਮੌਜੂਦਾ ਸੂਬਾ ਸਰਕਾਰ ਕਾਰਨ ਹੀ ਸੰਭਵ ਹੋਇਆ ਹੈ। ਨੌਜਵਾਨਾਂ ਨੂੰ ਨੌਕਰੀਆਂ ਪ੍ਰਦਾਨ ਕਰਕੇ ਵਿਦੇਸ਼ ਜਾਣ ਦੇ ਰੁਝਾਨ ਨੂੰ ਬਦਲਣ ਲਈ ਉਸ ਨੇ ਮੁੱਖ ਮੰਤਰੀ ਦੀ ਸ਼ਲਾਘਾ ਕੀਤੀ।

ਸੰਗਰੂਰ ਤੋਂ ਸੁਖਚੈਨ ਕੌਰ ਨੇ ਵੀ ਲੋਕ ਭਲਾਈ ਨੂੰ ਯਕੀਨੀ ਬਣਾਉਣ ਹਿੱਤ ਨੌਜਵਾਨਾਂ ਲਈ ਉਮੀਦ ਦੀ ਕਿਰਨ ਬਣਨ ਲਈ ਮੁੱਖ ਮੰਤਰੀ ਦੀ ਸ਼ਲਾਘਾ ਕੀਤੀ। ਉਸ ਨੇ ਕਿਹਾ ਕਿ ਹੋਰ ਕਿਸੇ ਵੀ ਸਰਕਾਰ ਨੇ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ। ਉਸ ਨੇ ਕਿਹਾ ਕਿ ਉਸ ਦਾ ਪਰਿਵਾਰ ਯੋਗਤਾ ਦੇ ਆਧਾਰ 'ਤੇ ਨੌਕਰੀਆਂ ਦੇਣ ਲਈ ਮੁੱਖ ਮੰਤਰੀ ਦਾ ਰਿਣੀ ਹੈ।

ਸੰਗਰੂਰ ਤੋਂ ਜਸਪ੍ਰੀਤ ਕੌਰ ਨੇ ਵੀ ਪਾਰਦਰਸ਼ੀ ਅਤੇ ਨਿਰਪੱਖ ਭਰਤੀ ਪ੍ਰਕਿਰਿਆ ਯਕੀਨੀ ਬਣਾਉਣ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਸ਼ਲਾਘਾ ਕੀਤੀ। ਉਸ ਨੇ ਦੱਸਿਆ ਕਿ ਉਹ ਲੰਬੇ ਸਮੇਂ ਤੋਂ ਨੌਕਰੀ ਪ੍ਰਾਪਤ ਕਰਨ ਲਈ ਯਤਨਸ਼ੀਲ ਸੀ ਅਤੇ ਉਸ ਦਾ ਪਰਿਵਾਰ ਮੁੱਖ ਮੰਤਰੀ ਦਾ ਕਰਜ਼ਦਾਰ ਹੈ।

ਅੰਮ੍ਰਿਤਸਰ ਦੇ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਉਹ ਬਹੁਤ ਸਧਾਰਨ ਪਰਿਵਾਰ ਨਾਲ ਸਬੰਧਤ ਹੈ ਅਤੇ ਉਸ ਦੇ ਪੂਰੇ ਪਰਿਵਾਰ ਵਿੱਚੋਂ ਉਸ ਨੂੰ ਹੀ ਪਹਿਲੀ ਵਾਰ ਸਰਕਾਰੀ ਨੌਕਰੀ ਮਿਲੀ ਹੈ। ਉਸ ਨੇ ਇਹ ਵੀ ਕਿਹਾ ਕਿ ਮੁੱਖ ਮੰਤਰੀ ਵੱਲੋਂ ਸਮੁੱਚੀ ਪ੍ਰਕਿਰਿਆ ਨੂੰ ਸੁਚਾਰੂ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹ ਕੇ ਇੱਕ ਨਵਾਂ ਮਾਪਦੰਡ ਸਥਾਪਤ ਕੀਤਾ ਗਿਆ ਹੈ।

ਬਠਿੰਡਾ ਤੋਂ ਰੁਜਲ ਰਾਣੀ ਨੇ ਵੀ ਮੁੱਖ ਮੰਤਰੀ ਵੱਲੋਂ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਨੌਕਰੀ ਦੇ ਮੌਕੇ ਪ੍ਰਦਾਨ ਕਰਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ।

ਫਰੀਦਕੋਟ ਤੋਂ ਪਰਵਿੰਦਰ ਸਿੰਘ ਨੇ ਕਿਹਾ ਕਿ ਉਹ ਨਿਯੁਕਤੀ ਪ੍ਰਕਿਰਿਆ ਨੂੰ ਸਮਾਂਬੱਧ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਮੁੱਖ ਮੰਤਰੀ ਦੇ ਧੰਨਵਾਦੀ ਹੈ।

ਸੰਗਰੂਰ ਦੇ ਰਹਿਣ ਵਾਲੇ ਰਾਹੁਲ ਸ਼ਰਮਾ ਨੇ ਦੱਸਿਆ ਕਿ ਉਸ ਨੇ ਇਟਲੀ ਤੋਂ ਵਾਪਸ ਆ ਕੇ ਨੌਕਰੀ ਜੁਆਇਨ ਕੀਤੀ ਹੈ ਅਤੇ ਨਿਯੁਕਤੀ ਪੱਤਰ ਮਿਲਣ ਉਪਰੰਤ ਘਰ ਚਲਾ ਜਾਵੇਗਾ। ਉਸ ਨੇ ਨੌਜਵਾਨਾਂ ਵਿੱਚ ਵਿਦੇਸ਼ ਜਾਣ ਦੇ ਰੁਝਾਨ ਨੂੰ ਬਦਲਣ ਲਈ ਮੁੱਖ ਮੰਤਰੀ ਦੀ ਸ਼ਲਾਘਾ ਕੀਤੀ।

# ਪੰਜਾਬ ਸਰਕਾਰ ਪਟਿਆਲਾ ਵਿੱਚ ਜਲਦੀ ਸ਼ੁਰੂ ਕਰੇਗੀ ਯੂਰੋਮਿਨ ਲਿੱਕ ਬਲਾਕਜ਼ ਪਲਾਂਟ

## ਪਸ਼ੂ ਪਾਲਕਾਂ ਨੂੰ ਵੱਖ-ਵੱਖ ਪੌਸ਼ਟਿਕ ਤੱਤਾਂ ਨਾਲ ਭਰਪੂਰ ਬਲਾਕਜ਼ ਵਾਜਬ ਦਰਾਂ 'ਤੇ ਉਪਲੱਬਧ ਕਰਵਾਏ ਜਾਣਗੇ: ਗੁਰਮੀਤ ਸਿੰਘ ਖੁੱਡੀਆਂ

**ਪਟਿਆਲਾ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਇੱਕ ਨਵੇਕਲੀ ਪਹਿਲਕਦਮੀ ਤਹਿਤ ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ ਵੱਲੋਂ ਪਟਿਆਲਾ ਜ਼ਿਲ੍ਹੇ ਦੇ ਪਿੰਡ ਰੌਣੀ ਵਿੱਚ ਸਥਿਤ ਸਰਕਾਰੀ ਕੈਟਲ ਬਰੀਡਿੰਗ ਫਾਰਮ ਵਿਖੇ ਜਲਦੀ ਯੂਰੋਮਿਨ ਲਿੱਕ (ਪਸ਼ੂ ਚਾਟ) ਪਲਾਂਟ ਚਾਲੂ ਕੀਤਾ ਜਾਵੇਗਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਸ: ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਯੂਰੋਮਿਨ ਲਿੱਕ (ਯੂ.ਐਮ.ਐਲ.) ਜਾਂ ਯੂਰੀਆ-ਮੋਲਾਸਿਸ ਮਲਟੀ-ਨਿਊਟਰੀਐਂਟ ਬਲਾਕ (ਯੂ.ਐਮ.ਐਮ.ਬੀ.) ਬੇਹੱਦ ਪੌਸ਼ਟਿਕ ਹਨ, ਜੋ ਊਰਜਾ, ਪ੍ਰੋਟੀਨ ਅਤੇ ਖਣਿਜਾਂ ਦਾ ਸੁਮੇਲ ਹੋਣ ਕਰਕੇ ਪਸ਼ੂਆਂ ਲਈ ਮਹੱਤਵਪੂਰਨ ਤੇ ਜੀਵਨ-ਬਚਾਊ ਖ਼ੁਰਾਕ ਹਨ। ਇਹ ਖਣਿਜ ਨਾਲ ਭਰਪੂਰ ਬਲਾਕ ਪਸ਼ੂਆਂ ਦੀ ਸਰੀਰਕ ਸਥਿਤੀ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦੇ ਹਨ, ਪਸ਼ੂਆਂ ਦੀ ਗਰਭਧਾਰਨ ਦੀ ਸਮਰੱਥਾ ਨੂੰ ਵਧਾਉਂਦੇ ਹਨ।

ਸ: ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਕਪੂਰਥਲਾ ਜ਼ਿਲ੍ਹੇ ਵਿੱਚ ਯੂਰੋਮਿਨ ਲਿੱਕ ਬਲਾਕਾਂ ਲਈ ਸਟੋਰੇਜ ਯੂਨਿਟ ਸਥਾਪਿਤ ਕੀਤਾ ਜਾਵੇਗਾ ਅਤੇ ਸੂਬੇ ਭਰ ਵਿੱਚ ਸਰਕਾਰੀ ਸਿਵਲ ਪਸ਼ੂ ਹਸਪਤਾਲਾਂ /ਡਿਸਪੈਂਸਰੀਆਂ ਰਾਹੀਂ ਇਹ ਪਸ਼ੂ ਚਾਟ ਪਸ਼ੂ ਪਾਲਕਾਂ ਨੂੰ ਸਸਤੇ ਭਾਅ ਉੱਤੇ ਉਪਲੱਬਧ ਕਰਵਾਈ ਜਾਵੇਗੀ।

ਉਨ੍ਹਾਂ ਕਿਹਾ ਕਿ ਇਹ ਤਕਨੀਕ ਘੱਟ ਗੁਣਵੱਤਾ ਵਾਲੇ ਚਾਰੇ ਦੀ ਪਾਚਨ ਕਿਰਿਆ ਵਿੱਚ ਸੁਧਾਰ ਕਰਕੇ ਪਸ਼ੂਆਂ ਨੂੰ ਕਈ ਤਰ੍ਹਾਂ ਦੇ ਪੌਸ਼ਟਿਕ ਤੱਤ ਪ੍ਰਦਾਨ ਕਰਨ ਲਈ ਸੁਵਿਧਾਜਨਕ ਅਤੇ ਸਸਤਾ ਤਰੀਕਾ ਹੈ। ਇਹ ਉਤਪਾਦਕਤਾ ਵਿੱਚ ਵਾਧਾ ਕਰਨ ਤੋਂ ਇਲਾਵਾ ਦੁੱਧ ਦੇ ਉਤਪਾਦਨ ਨੂੰ ਵਧਾਉਣ ਅਤੇ ਪਸ਼ੂਆਂ ਜਿਵੇਂ ਕਿ ਮੱਝਾਂ ਅਤੇ ਗਾਵਾਂ ਵਿੱਚ ਪ੍ਰਜਨਨ ਕੁਸ਼ਲਤਾ ਨੂੰ ਹੋਰ ਬਿਹਤਰ ਬਣਾਉਂਦਾ ਹੈ।

ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀ ਰਾਹੁਲ ਭੰਡਾਰੀ ਨੇ ਜ਼ੋਰ ਦਿੰਦਿਆਂ ਕਿਹਾ ਕਿ ਇਹ ਸੂਬੇ ਦੇ ਪਸ਼ੂ ਪਾਲਕਾਂ ਲਈ ਵਰਦਾਨ ਸਾਬਤ ਹੋਵੇਗਾ ਕਿਉਂਕਿ ਇਸ ਨਾਲ ਦੁਧਾਰੂ ਪਸ਼ੂਆਂ ਦੀ ਉਤਪਾਦਕਤਾ ਵਧੇਗੀ, ਜਿਸ ਨਾਲ ਪਸ਼ੂ ਪਾਲਕਾਂ ਦੀ ਆਰਥਿਕ ਦਸ਼ਾ ਵਿੱਚ ਵੀ ਸੁਧਾਰ ਹੋਵੇਗਾ।

ਉਨ੍ਹਾਂ ਨੇ ਪਸ਼ੂ ਪਾਲਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਖੇਤਰ ਦੇ ਵੈਟਰਨਰੀ ਅਫਸਰਾਂ ਦੀ ਸਲਾਹ ਅਨੁਸਾਰ ਆਪਣੇ ਪਸ਼ੂਆਂ ਦੇ ਰੋਜ਼ਾਨਾ ਚਾਰੇ ਵਿੱਚ ਇਸ ਤਕਨੀਕ ਨੂੰ ਅਪਣਾਉਣ ਤਾਂ ਜੋ ਪਸ਼ੂਆਂ ਨੂੰ ਪੌਸ਼ਟਿਕ ਤੇ ਸੰਤੁਲਿਤ ਆਹਾਰ ਉਪਲਬਧ ਕਰਵਾਕੇ ਉਹਨਾਂ ਦੀ ਸਿਹਤ ਅਤੇ ਉਤਪਾਦਕਤਾ ਵਿੱਚ ਵਾਧਾ ਕੀਤਾ ਜਾ ਸਕੇ।

# ਡਾ. ਸੰਧੂ ਨੇ ਅੰਤਰਰਾਸ਼ਟਰੀ ਸਲੀਪ ਮੈਡਿਸਿਨ ਕਾਂਗਰਸ ਵਿੱਚ ਸਭ ਤੋਂ ਵਧੀਆ ਪੇਪਰ ਐਵਾਰਡ ਜਿੱਤਿਆ

**ਪਟਿਆਲਾ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗਵਰਨਮੈਂਟ ਮੈਡੀਕਲ ਕਾਲਜ, ਪਟਿਆਲਾ ਲਈ ਮਾਣ ਦੇ ਪਲ ਵਿੱਚ, ਡਾ. ਗਗਨੀਨ ਕੌਰ ਸੰਧੂ, ਫਿਜ਼ਿਓਲੋਜੀ ਵਿਭਾਗ ਦੀ ਐਸੋਸੀਏਟ ਪ੍ਰੋਫੈਸਰ, ਨੂੰ 4ਵੀਂ ਨੈਸ਼ਨਲ ਕਾਂਗਰਸ ਆਫ ਇੰਡੋਨੇਸ਼ੀਅਨ ਸੋਸਾਇਟੀ ਆਫ ਸਲੀਪ ਮੈਡਿਸਿਨ (INA SLEEP) 'ਚ ਸਭ ਤੋਂ ਵਧੀਆ ਪੇਪਰ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਪ੍ਰਤਿਸੱਪਰਧਾ 22-24 ਨਵੰਬਰ,



2024 ਨੂੰ ਇੰਡੋਨੇਸ਼ੀਆ ਦੇ ਮਾਨਾਡੋ ਵਿੱਚ ਹੋਈ। ਡਾ. ਸੰਧੂ ਦੇ ਰਿਸਰਚ ਪੇਪਰ, ਜਿਸ ਦਾ ਸਿਰਲੇਖ ÷ਓਬਸਟ੍ਰਕਟਿਵ ਸਲੀਪ ਏਪਨੀਆ (OSA) ਦੇ ਖਤਰੇ ਦੇ ਕਾਰਕਾਂ ਦੀ ਪ੍ਰਸਾਰਤਾ ਦੀ ਅਧਿਐਨ: ਜਿਹੜੇ ਡਰਾਈਵਰਾਂ ਨੇ ਮਾਰੂਕ ਸੜਕ ਹਾਦਸਿਆਂ ਦਾ ਸਾਹਮਣਾ ਕੀਤਾ,÷ ਸੀ, ਨੂੰ ਗੌਰਵਸ਼ਾਲੀ ਪੁਰਸਕਾਰ ਲਈ ਚੁਣਿਆ ਗਿਆ।

ਇਸ ਅਧਿਐਨ ਨੇ ਸਲੀਪ ਡਿਸਆਰਡਰਜ਼ ਅਤੇ ਸੜਕ ਹਾਦਸਿਆਂ ਵਿੱਚ ਉਨ੍ਹਾਂ ਦੇ ਕਾਰਨਾਂ ਨੂੰ ਸਮਝਣ ਲਈ ਮਹੱਤਵਪੂਰਨ ਯੋਗਦਾਨ ਦਿੱਤਾ। ਇਹ ਰਿਸਰਚ ਪ੍ਰੋਫੈਸ਼ਨਲ ਡਰਾਈਵਰਾਂ ਦੇ ਸਲੀਪ ਡਿਸਆਰਡਰਜ਼ ਲਈ ਸਕ੍ਰੀਨਿੰਗ ਦੀ ਜ਼ਰੂਰਤ ਉਤੇ ਜ਼ੋਰ ਪਾਉਂਦੀ ਹੈ ਤਾਂ ਕਿ ਹਾਦਸਿਆਂ ਨੂੰ ਰੋਕਿਆ ਜਾ ਸਕੇ।

ਇਹ ਸਨਮਾਨ ਡਾ. ਗਗਨੀਨ ਕੌਰ ਸੰਧੂ ਦੀਆਂ ਅਕਾਦਮਿਕ ਯੋਗਤਾਵਾਂ ਅਤੇ ਗਵਰਨਮੈਂਟ ਮੈਡੀਕਲ ਕਾਲਜ, ਪਟਿਆਲਾ ਦੇ ਉੱਚ ਸਤਰ ਦੇ ਅਧਿਐਨ ਲਈ ਇੱਕ ਵੱਡੀ ਪ੍ਰਾਪਤੀ ਹੈ।

ਇਸ ਮੌਕੇ ਤੇ ਡਾ. ਸੰਧੂ ਨੇ ਆਪਣੇ ਮਾਰਗਦਰਸ਼ਕਾਂ ਅਤੇ ਕਾਲਜ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਕਿਹਾ, ÷ਇਸ ਪੁਰਸਕਾਰ ਨੇ ਮੈਨੂੰ ਜਨਤਾ ਦੀ ਸੁੱਖਿਆ ਅਤੇ ਜੀਵਨ ਗੁਣਵੱਤਾ ਉੱਤੇ ਪ੍ਰਭਾਵ ਪਾਉਣ ਵਾਲੇ ਮਹੱਤਵਪੂਰਨ ਮਾਮਲਿਆਂ ਬਾਰੇ ਅਧਿਐਨ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ ਹੈ।÷ ਇਹ ਸਫਲਤਾ ਨਾ ਸਿਰਫ ਡਾ. ਗਗਨੀਨ ਕੌਰ ਸੰਧੂ ਲਈ ਬਲਕਿ ਸਾਰੇ ਸੰਸਥਾਨ ਅਤੇ ਪੰਜਾਬ ਦੇ ਮੈਡੀਕਲ ਖੇਤਰ ਲਈ ਮਾਣ ਦੀ ਗੱਲ ਹੈ।

# 45ਵੀਂ ਸੂਬਾ ਪੱਧਰੀ ਮਾਸਟਰ ਅਥਲੈਟਿਕ ਚੈਂਪੀਅਨਸ਼ਿਪ ਸੰਗਰੂਰ ਨੇ ਪਹਿਲਾ ਤੇ ਲੁਧਿਆਣਾ ਨੇ ਦੂਸਰਾ ਸਥਾਨ ਕੀਤਾ ਹਾਸਲ




**ਸੰਗਰੂਰ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਮਾਸਟਰ ਅਥਲੈਟਿਕ ਐਸੋਸੀਏਸ਼ਨ ਵੱਲੋਂ ਕੈਪਟਨ ਡਾਕਟਰ ਭੁਪਿੰਦਰ ਸਿੰਘ ਪੂਨੀਆ ਦੀ ਨਿਗਰਾਨੀ ਹੇਠ ਅਕਾਲ ਕਾਲਜ ਕੌਂਸਲ ਦੇ ਸਹਿਯੋਗ ਸਦਕਾ ਕਾਰਵਾਈ ਗਈ 45 ਵੀਂ ਪੰਜਾਬ ਮਾਸਟਰ ਅਥਲੈਟਿਕ ਚੈਂਪੀਅਨਸ਼ਿਪ ਦੌਰਾਨ ਸੰਗਰੂਰ ਦੇ ਖਿਡਾਰੀਆਂ ਨੇ 453 ਅੰਕ ਪ੍ਰਾਪਤ ਕਰਕੇ ਓਵਰਆਲ ਚੈਂਪੀਅਨਸ਼ਿਪ ਤੇ ਕਬਜ਼ਾ ਕੀਤਾ। ਜਦੋਂ ਕਿ ਲੁਧਿਆਣਾ ਦੇ ਖਿਡਾਰੀਆਂ ਨੇ 372 ਅੰਕ ਲੈ ਕੇ ਦੂਸਰਾ ਸਥਾਨ ਅਤੇ ਪਟਿਆਲਾ ਦੇ ਖਿਡਾਰੀਆਂ ਨੇ 177 ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਿਲ ਕੀਤਾ?। ਇਸ ਚੈਂਪੀਅਨਸ਼ਿਪ ਦੇ ਵਿੱਚ ਪੰਜਾਬ ਦੇ ਵੱਖ-ਵੱਖ ਜਿਲ੍ਹਿਆਂ ਤੋਂ 490 ਦੇ ਕਰੀਬ 30 ਸਾਲ ਤੋਂ ਲੈ ਕੇ 94 ਸਾਲ ਤੱਕ ਦੇ ਮਰਦ ਅਤੇ ਔਰਤਾਂ ਨੇ ਭਾਗ ਲਿਆ। ਇਸ ਅਥਲੈਟਿਕ ਚੈਂਪੀਅਨਸ਼ਿਪ ਦਾ ਉਦਘਾਟਨ ਸ੍ਰ. ਤੇਜਿੰਦਰਪਾਲ ਸਿੰਘ ਤੂਰ ਏਸੀਆ ਗੋਲਡ ਮੈਡਲਿਸਟ (ਸ਼ਾਟਪੁੱਟ) ਵੱਲੋਂ ਕੀਤਾ। ਪ੍ਰਧਾਨਗੀ ਅਕਾਲ ਕਾਲਜ ਕੌਂਸਲ ਦੇ ਸਕੱਤਰ ਜਸਵੰਤ ਸਿੰਘ ਖਹਿਰਾ ਨੇ ਕੀਤੀ। ਜਦੋਂ ਕਿ ਇਨਾਮਾਂ ਦੀ ਵੰਡ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ ਇੰਟਰਨੈਸ਼ਨਲ ਖਿਡਾਰੀ ਤੇ ਮਾਰਕੀਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਤੋਂ ਇਲਾਵਾ ਸਾਬਕਾ ਪ੍ਰਿੰਸੀਪਲ ਡਾਕਟਰ ਅਮਰਜੀਤ ਸਿੰਘ ਸਿੱਧੂ, ਡਾਕਟਰ ਗੋਬਿੰਦ ਸਿੰਘ ਕੋਕਰੀ ਕਲਾਂ ਮੋਗਾ, ਡਾਕਟਰ ਗੀਤਾ ਠਾਕੁਰ ਅਤੇ ਡਾਕਟਰ ਹਰਦੀਪ ਸਿੰਘ ਸੰਗਰੂਰ ਨੇ ਕੀਤੀ। ਇਸ ਮੌਕੇ ਉਨ੍ਹਾਂ ਨਾਲ ਪ੍ਰੀਤਮ ਸਿੰਘ ਮੋਹਾਲੀ, ਸੀਨੀਅਰ ਕੌਂਸਲ ਮੈਂਬਰ ਗੁਰਜੰਟ ਸਿੰਘ ਦੁੱਗਾਂ, ਬਲਦੇਵ ਸਿੰਘ ਭੰਮਾਵੱਦੀ, ਮਨਜੀਤ ਸਿੰਘ ਬਾਲੀਆਂ, ਭੁਪਿੰਦਰ ਸਿੰਘ ਗਰੇਵਾਲ, ਡਾ. ਗੁਰਵੀਰ ਸਿੰਘ ਸੋਹੀ, ਸੁਖਮਿੰਦਰ ਸਿੰਘ ਭੱਠਲ, ਪ੍ਰਿੰਸੀਪਲ ਵਿਜੇ ਪਲਾਹਾ, ਸਤਨਾਮ ਸਿੰਘ ਦਮਦਮੀ ਵੀ ਮੌਜੂਦ ਸਨ। ਇਸ ਮੌਕੇ ਚੇਅਰਮੈਨ ਘੁੱਲੀ ਨੇ ਕਿਹਾ ਕਿ ਨੌਜਵਾਨਾਂ ਨੂੰ ਇਹਨਾਂ ਬਜ਼ੁਰਗਾਂ ਤੋਂ ਸੇਧ ਲੈਂਦੇ ਹੋਏ ਖੇਡਾਂ ਵਿੱਚ ਵੱਧ ਤੋਂ ਵੱਧ ਭਾਗ ਲੈਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਐਸੋਸੀਏਸ਼ਨ ਦੇ ਜਨਰਲ ਸਕੱਤਰ ਡਾ. ਭੁਪਿੰਦਰ ਸਿੰਘ ਪੂਨੀਆ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਉਹਨਾਂ ਵੱਲੋਂ ਖਿਡਾਰੀਆਂ ਦੇ ਜੀਵਨ ਵਿੱਚ ਅਨੁਸਾਸ਼ਨ ਦੀ ਮਹੱਤਤਾ ਅਤੇ ਖਿਡਾਰੀਆਂ ਦੀ ਅਣਥੱਕ ਮਿਹਨਤ ਸੰਬੰਧੀ ਜਾਣਕਾਰੀ ਦੇਣ ਦੇ ਨਾਲ ਨਾਲ ਕਰਵਾਈ ਜਾ ਰਹੀ ਚੈਂਪੀਅਨਸ਼ਿਪ ਸੰਬੰਧੀ ਵੀ ਜਾਣਕਾਰੀ ਦਿੱਤੀ। ਦੇ ਮੁਕਾਬਲਿਆਂ ਵਿੱਚ 75 ਸਾਲ ਵਰਗ ਲੰਬੀ ਛਾਲ ਵਿੱਚ ਬਹਾਲ ਸਿੰਘ ਪਟਿਆਲਾ ਨੇ ਪਹਿਲਾ, ਪੂਰਨ ਸਿੰਘ ਗੁਰਦਾਸਪੁਰ ਨੇ ਦੂਜਾ ਅਤੇ ਮੁਖਤਿਆਰ ਸਿੰਘ ਪਟਿਆਲਾ ਨੇ ਤੀਜਾ, 75 ਸਾਲ ਵਰਗ ਦੇ 800 ਮੀਟਰ ਵਿੱਚ ਸੁਰਿੰਦਰ ਕੁਮਾਰ ਨੇ ਪਹਿਲਾ, ਮੁਖਤਿਆਰ ਸਿੰਘ ਨੇ ਦੂਜਾ, 60 ਪਲਸ ਵੂਮੈਨ ਵਿੱਚ ਸੁਰਿੰਦਰ ਅਠਵਾਲ ਪਟਿਆਲਾ ਨੇ ਪਹਿਲਾ, ਇੰਦੂ ਗੋਪਾਲ ਪਟਿਆਲਾ ਨੇ ਦੂਜਾ, 70 ਸਾਲ ਵਰਗ ਲੰਬੀ ਛਾਲ ਵਿੱਚ ਮਰਦਾਂ ਦੇ ਮੁਕਾਬਲੇ ਵਿੱਚ ਰਛਪਾਲ ਸਿੰਘ ਗੁਰਦਾਸਪੁਰ ਨੇ ਪਹਿਲਾ, ਜੰਗੀਰ ਚੰਦ ਅੰਮ੍ਰਿਤਸਰ ਨੇ ਦੂਜਾ ਅਤੇ ਮੋਹਨ ਸਿੰਘ ਲੁਧਿਆਣਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। 60 ਪਲਸ ਪੋਲ ਵਾਲਟ ਵਿੱਚ ਲਖਵਿੰਦਰ ਸਿੰਘ ਗੁਰਦਾਸਪੁਰ ਪਹਿਲਾ, ਪ੍ਰੀਤਮ ਦਾਸ ਜਲੰਧਰ ਦੂਜਾ, 60 ਪਲਸ 800 ਮੀਟਰ ਵਿੱਚ ਰਾਜਵੀਰ ਸਿੰਘ ਅੰਮ੍ਰਿਤਸਰ ਨੇ ਪਹਿਲਾ, ਸੁਖਚਰਨ ਸਿੰਘ ਪਟਿਆਲ ਨੇ ਦੂਜਾ, ਸ਼ਮਸ਼ੇਰ ਸਿੰਘ ਸੰਗਰੂਰ ਨੇ ਤੀਜਾ, 65 ਪਲਸ 800 ਮੀਟਰ ਵਿੱਚ ਮਾਲਵਿੰਦਰ ਸਿੰਘ ਲੁਧਿਆਣਾ ਨੇ ਪਹਿਲਾ, ਕੇਵਲ ਸਿੰਘ ਹੁਸ਼ਿਆਰਪੁਰ ਨੇ ਦੂਜਾ ਅਤੇ ਜੋਗਿੰਦਰ ਸਿੰਘ ਮੁਕਤਸਰ ਸਾਹਿਬ ਨੇ ਤੀਜਾ, 70 ਪਲਸ 800 ਮੀਟਰ ਵਿੱਚ ਜੋਗਿੰਦਰਪਾਲ ਹੁਸ਼ਿਆਰਪੁਰ ਨੇ ਪਹਿਲਾ, ਸੁਖਦੇਵ ਸਿੰਘ ਫਤਿਹਗੜ੍ਹ ਸਾਹਿਬ ਨੇ ਦੂਜਾ ਅਤੇ ਸਕਤਾਰ ਸਿੰਘ ਤਰਨਤਾਰਨ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾਕਟਰ ਉਂਕਾਰ ਸਿੰਘ, ਡਾ. ਦੇਵ ਰਾਜ ਅੱਤਰੀ, ਡਾ. ਅਮਰਜੀਤ ਸਿੰਘ, ਸੁਖਦੀਪ ਕੌਰ, ਪ੍ਰਿੰਸੀਪਲ ਵਿਜੇ ਪਲਾਹਾ, ਡਾ. ਜਸਪਾਲ ਸਿੰਘ, ਡਾ. ਮੇਜਰ ਸਿੰਘ ਚੱਠਾ, ਡਾ. ਨਿਰਪਜੀਤ ਸਿੰਘ ਅਤੇ ਅਕਾਲ ਕਾਲਜ ਕੌਂਸਲ ਅਧੀਨ ਚੱਲ ਰਹੀਆਂ ਦੇ ਸਮੂਹ ਕਾਲਜਾਂ ਦਾ ਸਟਾਫ ਮੌਜੂਦ ਸੀ। ਪ੍ਰੋ. ਰਣਧੀਰ ਸ਼ਰਮਾ ਵੱਲੋਂ ਸਟੇਜ ਸੰਚਾਲਨ ਦੀ ਭੂਮਿਕਾ ਬਾਖੂਬੀ ਨਿਭਾਉਣ ਉਪਰੰਤ ਆਏ ਮਹਿਮਾਨਾਂ ਦਾ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨ ਵੀ ਕੀਤਾ ਗਿਆ।

# ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਮੈਨ ਵਜੋਂ ਖਾਲੀ ਅਸਾਮੀ ਉਤੇ ਮੰਗੇ ਬਿਨੈ ਪੱਤਰ

**ਚੰਡੀਗੜ੍ਹ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਪਟਿਆਲਾ ਦੇ ਚੇਅਰਮੈਨ ਦੀ ਖਾਲੀ ਪਈ ਅਸਾਮੀ ਨੂੰ ਭਰਨ ਲਈ ਬੇਦਾਗ, ਇਮਾਨਦਾਰ, ਉੱਚ ਸਮਰੱਥਾ ਅਤੇ ਪ੍ਰਸ਼ਾਸਨਿਕ ਤਜ਼ਰਬੇ ਵਾਲੇ ਨਾਮਵਰ ਵਿਅਕਤੀਆਂ ਤੋਂ ਬਿਨੈ ਪੱਤਰ ਮੰਗੇ ਗਏ ਹਨ।

ਇਹ ਪ੍ਰਗਟਾਵਾ ਕਰਦਿਆਂ ਅੱਜ ਇੱਥੇ ਪੰਜਾਬ ਸਰਕਾਰ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਯੋਗਤਾ ਦੇ ਮਾਪਦੰਡਾਂ ਅਨੁਸਾਰ ਬਿਨੈਕਾਰਾਂ ਵੱਲੋਂ ਭਾਰਤ ਸਰਕਾਰ ਜਾਂ ਸੂਬਾ ਸਰਕਾਰ ਦੇ ਅਧੀਨ ਘੱਟੋ-ਘੱਟ 10 ਸਾਲਾਂ ਲਈ ਕੰਮ ਕੀਤਾ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਇਸ ਸਬੰਧ ਵਿਚ ਜਨਤਕ ਨੋਟਿਸ ਜਾਰੀ ਕਰਨ ਦੀ ਮਿਤੀ ਨੂੰ ਬਿਨੈਕਾਰ ਦੀ ਉਮਰ 62 ਸਾਲ ਤੋਂ ਘੱਟ ਹੋਣੀ ਚਾਹੀਦੀ ਹੈ।

ਇੱਛੁਕ ਬਿਨੈਕਾਰਾਂ ਨੂੰ ਆਪਣਾ ਮੁਕੰਮਲ ਬਾਇਓ-ਡਾਟਾ, ਇੱਕ ਅੰਡਰਟੇਕਿੰਗ ਸਮੇਤ, ਸਕੱਤਰ ਪ੍ਰਸੋਨਲ, ਪੰਜਾਬ ਸਰਕਾਰ (ਪੀ.ਪੀ.-3 ਸ਼ਾਖਾ), ਕਮਰਾ ਨੰਬਰ 14, 6ਵੀਂ ਮੰਜ਼ਿਲ, ਪੰਜਾਬ ਸਿਵਲ ਸਕੱਤਰੇਤ, ਸੈਕਟਰ-1, ਚੰਡੀਗੜ੍ਹ ਦੇ ਦਫ਼ਤਰ ਵਿੱਚ ਬਿਨੈ-ਪੱਤਰ ਜਮ੍ਹਾ ਕਰਨ ਦੀ ਅੰਤਿਮ ਮਿਤੀ 7 ਦਸੰਬਰ, 2024 ਨੂੰ ਸ਼ਾਮ 5:00 ਵਜੇ ਤੱਕ ਪਹੁੰਚਦੀਆਂ ਕਰਨੀਆਂ ਹਨ। ਮੁੱਖ ਸਕੱਤਰ ਦੀ ਅਗਵਾਈ ਵਾਲੀ ਇੱਕ ਖੋਜ ਕਮੇਟੀ ਯੋਗ ਉਮੀਦਵਾਰਾਂ ਦੇ ਨਾਵਾਂ ਨੂੰ ਸ਼ਾਰਟਲਿਸਟ ਕਰੇਗੀ। ਇਨ੍ਹਾਂ ਨਾਵਾਂ 'ਤੇ ਫਿਰ ਪੰਜਾਬ ਦੇ ਮੁੱਖ ਮੰਤਰੀ ਦੀ ਪ੍ਰਧਾਨਗੀ ਵਾਲੀ ਉੱਚ-ਪਾਵਰ ਕਮੇਟੀ ਦੁਆਰਾ ਵਿਚਾਰ ਕੀਤਾ ਜਾਵੇਗਾ।

# ਪੰਜਾਬ ਵਿੱਚ ਕਾਨੂੰਨ ਵਿਵਸਥਾ ਬੇਹੱਦ ਖ਼ਰਾਬ : ਪਾਠਕ, ਭੱਲਾ



**ਸਮਾਣਾ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਦੇ ਯੁਵਾ ਮੋਰਚਾ ਦੇ ਬਲਾਕ ਪ੍ਰਧਾਨ ਹਨੀ ਕੁਮਾਰ ਉਰਫ ਨੰਨੂ ਦੀ ਬੀਤੇ ਦਿਨੀਂ ਸੁਲਤਾਨਪੁਰ ਲੋਧੀ ਦੀ ਨਵੀਂ ਦਾਣਾ - ਮੰਡੀ 'ਚ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਗਈ ਸੀ, ਇਸ ਘਟਨਾ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਦੇ ਸਮੁੱਚੇ ਵਰਕਰਾਂ ਵੱਲੋਂ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।ਇਸ ਘਟਨਾ ਦੀ ਨਿੰਦਾ ਕਰਦਿਆਂ ਭਾਰਤੀ ਜਨਤਾ ਯੁਵਾ ਮੋਰਚਾ ਸਮਾਣਾ ਦੇ ਪ੍ਰਧਾਨ ਪ੍ਰੀਕਸ਼ਤ ਪਾਠਕ ਅਤੇ ਯੂਥ ਆਗੂ ਲਲਿਤ ਭੱਲਾ ਲੱਡੂ ਨੇ ਦੋਸ਼ੀਆਂ ਖਿਲਾਫ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇੰਨਾ ਆਗੂਆਂ ਨੇ ਪੁਲਿਸ ਦੀ ਕਾਰਜ ਪ੍ਰਣਾਲੀ 'ਤੇ ਵੀ ਵੱਡੇ ਸਵਾਲ ਖੜ੍ਹੇ ਕੀਤੇ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਕਾਨੂੰਨ ਵਿਵਸਥਾ ਨਾਂ ਦੀ ਕੋਈ ਚੀਜ਼ ਨਹੀਂ ਹੈ। ਪੰਜਾਬ ਅੰਦਰ ਹਰ ਪਾਸੇ ਨਸ਼ਿਆਂ ਦਾ ਪੂਰੀ ਤਰ੍ਹਾਂ ਬੋਲ ਬਾਲਾ ਹੈ ਅਤੇ ਨੌਜਵਾਨ ਮਾਰੂ ਹਥਿਆਰ ਲੈ ਕੇ ਖੁਲੇਆਮ ਘੁੰਮ ਰਹੇ ਹਨ। ਸੂਬੇ ਵਿੱਚ ਕੋਈ ਵੀ ਵਿਅਕਤੀ ਸੁਰੱਖਿਅਤ ਨਹੀਂ ਹੈ, ਹਰ ਰੋਜ਼ ਲੁੱਟ-ਖੋਹ ਤੇ ਮਾਰ ਧਾੜ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ, ਜੋ ਕਿ ਸਰਕਾਰ ਦੀ ਵੱਡੀ ਨਾਕਾਮੀ ਹੈ।

ਉਨ੍ਹਾਂ ਦੱਸਿਆ ਕਿ ਪਿਛਲੇ ਮਹੀਨੇ ਵੀ ਉਕਤ ਦੋਸ਼ੀਆਂ ਨੇ ਹਨੀ ਕੁਮਾਰ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕੀਤਾ ਸੀ ਜਿਸ ਸਬੰਧੀ ਥਾਣਾ ਸੁਲਤਾਨਪੁਰ ਲੋਧੀ ਪੁਲਿਸ ਨੇ ਮਾਮਲਾ ਵੀ ਦਰਜ ਕਰ ਲਿਆ ਸੀ ਪਰ ਉਕਤ ਦੋਸ਼ੀਆਂ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ, ਜਿਸ ਤੋਂ ਬਾਅਦ ਉਨ੍ਹਾਂ ਦਾ ਮਨੋਬਲ ਹੋਰ ਵੀ ਉੱਚਾ ਹੋ ਗਿਆ। ਉਨ੍ਹਾਂ ਕਿਹਾ ਸਾਡੀ ਪਾਰਟੀ ਦੇ ਨੌਜਵਾਨ ਆਗੂ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਵੀ ਜ਼ਿਲ੍ਹਾ ਪੁਲਿਸ ਦੀ ਸਭ ਤੋਂ ਵੱਡੀ ਨਾਕਾਮੀ ਹੈ ਜੇਕਰ ਪੁਲਿਸ ਪ੍ਰਸ਼ਾਸਨ ਨੇ ਉਸ ਸਮੇਂ ਕਾਰਵਾਈ ਕਰਕੇ ਦੋਸ਼ੀਆਂ ਨੂੰ ਸਲਾਖਾਂ ਪਿੱਛੇ ਭੇਜ ਦਿੱਤਾ ਹੁੰਦਾ ਤਾਂ ਅੱਜ ਹਨੀ ਸੱਭਰਵਾਲ ਸਾਡੇ ਵਿਚਕਾਰ ਜ਼ਿੰਦਾ ਹੁੰਦਾ।

# ਪੰਜਾਬ ਦੀ ਜਨਤਾ 'ਆਪ' ਸਰਕਾਰ ਤੋਂ ਖੁਸ਼-ਡਾ. ਹਰਮਿੰਦਰ ਬਖ਼ਸ਼ੀ

**ਗੜ੍ਹਸ਼ੰਕਰ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਨੀਅਰ ਆਪ ਆਗੂ ਤੇ ਇੰਡਸਟਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਪੰਜਾਬ ਦੇ ਚੇਅਰਮੈਨ ਹਰਮਿੰਦਰ ਸਿੰਘ ਬਖ਼ਸ਼ੀ ਨੇ ਚੱਬੇਵਾਲ ਵਿਧਾਨ ਸਭਾ ਜ਼ਿਮਨੀ ਚੋਣ ਪਾਰਟੀ ਦੇ ਉਮੀਦਵਾਰ ਡਾ. ਇਸ਼ਾਂਕ ਕੁਮਾਰ ਦੀ ਜਿੱਤ ਲਈ ਵਧਾਈ ਦਿੰਦੇ ਹੋਏ ਕਿਹਾ ਕਿ 4 ਹਲਕਿਆਂ ਵਿਚ ਹੋਈਆਂ ਜ਼ਿਮਨੀ ਚੋਣਾਂ ਵਿਚੋਂ 3 ਹਲਕਿਆਂ ਵਿਚ ਪਾਰਟੀ ਦੀ ਹੋਈ ਸ਼ਾਨਦਾਰ ਜਿੱਤ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਦੀ ਜਨਤਾ 'ਆਪ' ਸਰਕਾਰ ਦੀ ਕਾਰਗੁਜ਼ਾਰੀ ਤੋਂ ਬੇਹੱਦ ਖੁਸ਼ ਹੈ। 'ਆਪ' ਸਰਕਾਰ ਵਲੋਂ ਲੋਕਾਂ ਨਾਲ ਕੀਤਾ ਇਕ ਇਕ ਵਾਅਦਾ ਪੂਰਾ ਕੀਤਾ ਜਾ ਰਿਹਾ ਹੈ।

# ਜ਼ਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਜ਼ਿਲ੍ਹਾ ਜੇਲ੍ਹ ਦਾ ਦੌਰਾ



**ਮਾਨਸਾ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਐਚ.ਐਸ.ਗਰੇਵਾਲ, ਜ਼ਿਲ੍ਹਾ ਅਤੇ ਸ਼ੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮਾਨਸਾ ਅਤੇ ਮਿਸ. ਰਾਜਵਿੰਦਰ ਕੌਰ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮਾਨਸਾ ਅਤੇ ਮਿਸ. ਗੁਰਜੀਤ ਕੌਰ ਢਿੱਲੋ, ਸੀ.ਜੇ.ਐੱਮ, ਮਾਨਸਾ ਅਤੇ ਸ਼੍ਰੀ ਪੁਸ਼ਵਿੰਦਰ ਸਿੰਘ, ਏ.ਸੀ.ਜੇ.ਐੱਮ, ਮਾਨਸਾ ਵੱਲੋਂ ਜ਼ਿਲ੍ਹਾ ਜੇਲ੍ਹ, ਮਾਨਸਾ ਦਾ ਦੌਰਾ ਕੀਤਾ ਗਿਆ।

ਇਸ ਦੌਰਾਨ ਜੱਜ ਸਾਹਿਬਾਨਾਂ ਵੱਲੋਂ ਮੇਲ ਅਤੇ ਫੀਮੇਲ ਬੈਰਕਾਂ, ਲੰਗਰ ਹਾਲ, ਫਰੰਟ ਆਫਿਸ, ਜੇਲ੍ਹ ਵਿੱਚ ਬਣੇ ਹਸਪਤਾਲ ਦੀ ਚੈਕਿੰਗ ਕੀਤੀ ਗਈ।

ਜ਼ਿਲ੍ਹਾ ਅਤੇ ਸ਼ੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮਾਨਸਾ, ਸ਼੍ਰੀ ਐਚ.ਐਸ. ਗਰੇਵਾਲ ਵੱਲੋਂ ਕੈਦੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਬਾਰੇ ਸੁਣਿਆ ਅਤੇ ਜੇਲ੍ਹ ਅਧਿਕਾਰੀਆਂ ਨੂੰ ਉਕਤ ਪਰੇਸ਼ਾਨੀਆਂ ਦਾ ਹੱਲ ਕਰਨ ਬਾਰੇ ਕਿਹਾ। ਕੈਦੀਆਂ ਦੀਆਂ ਕੁੱਝ ਮੁਸ਼ਕਿਲਾਂ ਦਾ ਮੌਕੇ ਤੇ ਹੀ ਹੱਲ ਕੀਤਾ ਗਿਆ।

ਉਨ੍ਹਾਂ ਵੱਲੋਂ ਕੈਦੀਆਂ ਅਤੇ ਹਵਾਲਾਤੀਆਂ ਨੂੰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮਾਨਸਾ ਵੱਲੋਂ ਮੁਫਤ ਕਾਨੂੰਨੀ ਸਹਾਇਤਾ ਦੀਆਂ ਸਕੀਮਾਂ ਤੋਂ ਜਾਣੂ ਕਰਵਾਇਆ ਗਿਆ। ਇਸ ਮੌਕੇ ਸ਼੍ਰੀ ਇਕਬਾਲ ਸਿੰਘ ਬਰਾੜ, ਸੁਪਰਡੈਂਟ, ਜ਼ਿਲ੍ਹਾ ਜੇਲ੍ਹ ਮਾਨਸਾ, ਸ਼੍ਰੀ ਸੁਖਪਾਲ ਸਿੰਘ, ਅਸਿਸਟੈਂਟ ਜੇਲ੍ਹ ਸੁਪਰਡੈਂਟ ਹਾਜਰ ਸਨ।

# ਪੰਜਾਬ ਰਾਜ ਅੰਤਰ ਯੂਨੀਵਰਸਿਟੀ ਯੁਵਕ ਮੇਲਾ 29 ਨਵੰਬਰ ਤੋਂ 2 ਦਸੰਬਰ ਤੱਕ

**ਲੁਧਿਆਣਾ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਯੁਵਕ ਸੇਵਾਵਾਂ ਵਿਭਾਗ ਦੇ ਸਹਿਯੋਗ ਨਾਲ ਪੀ.ਏ.ਯੂ.ਦੇ ਡਾਇਰੈਕਟੋਰੇਟ ਵਿਦਿਆਰਥੀ ਭਲਾਈ ਵੱਲੋਂ ਪੰਜਾਬ ਰਾਜ ਅੰਤਰ ਯੂਨੀਵਰਸਿਟੀ ਯੁਵਕ ਮੇਲਾ ਪੀ.ਏ.ਯੂ. ਵਿਚ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਕ ਵਿਸ਼ੇਸ਼ ਗੱਲਬਾਤ ਦੌਰਾਨ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਕਿਹਾ ਕਿ ਯੂਨੀਵਰਸਿਟੀ ਲਈ ਬੜੇ ਮਾਣ ਅਤੇ ਖੁਸ਼ੀ ਦੀ ਘੜੀ ਹੈ ਕਿ ਇਥੇ ਪੰਜਾਬ ਦੀਆਂ ਸਰਕਾਰੀ ਅਤੇ ਨਿੱਜੀ ਯੂਨੀਵਰਸਿਟੀਆਂ ਦੇ ਬਿਹਤਰੀਨ ਕਲਾਕਾਰ, ਅਦਾਕਾਰ ਅਤੇ ਪ੍ਰਦਰਸ਼ਨ ਕਰਤਾ ਆਪਣੇ ਫਨ ਦਾ ਮੁਜ਼ਾਹਰਾ ਕਰਨ ਲਈ ਸ਼ਾਮਿਲ ਹੋ ਰਹੇ ਹਨ। ਉਹਨਾਂ ਕਿਹਾ ਕਿ 29 ਨਵੰਬਰ ਤੋਂ 2 ਦਸੰਬਰ ਤੱਕ ਕਰਵਾਏ ਜਾਣ ਵਾਲੇ ਇਸ ਯੁਵਕ ਮੇਲੇ ਦਾ ਆਯੋਜਨ ਪਿਛਲੇ ਸਾਲ ਕਰਵਾਏ ਸਰਬ ਭਾਰਤੀ ਅੰਤਰ ਯੂਨੀਵਰਸਿਟੀ ਯੁਵਕ ਮੇਲੇ ਤੋਂ ਬਾਅਦ ਇਕ ਹੋਰ ਮਾਣ ਦਾ ਪਲ ਹੈ। ਡਾ. ਗੋਸਲ ਨੇ ਆਸ ਪ੍ਰਗਟਾਈ ਕਿ ਵੱਖ-ਵੱਖ ਸੰਸਥਾਵਾਂ ਦੇ ਵਿਦਿਆਰਥੀ ਪੀ.ਏ.ਯੂ. ਵਿਚ ਪਹੁੰਚ ਕੇ ਇਸ ਸੰਸਥਾ ਨਾਲ ਜੁੜੀ ਰਵਾਇਤ ਨੂੰ ਮਹਿਸੂਸ ਕਰਨਗੇ ਅਤੇ ਇਸ ਸੰਸਥਾ ਦੀ ਰੌਸ਼ਨੀ ਦੂਰ-ਦੁਰਾਡੇ ਤੱਕ ਪਹੁੰਚ ਸਕੇਗੀ।

ਨਿਰਦੇਸ਼ਕ ਵਿਦਿਆਰਥੀ ਭਲਾਈ ਡਾ. ਨਿਰਮਲ ਜੌੜਾ ਨੇ ਦੱਸਿਆ ਕਿ ਇਸ ਮੇਲੇ ਦਾ ਉਦਘਾਟਨ 29 ਨਵੰਬਰ ਨੂੰ ਸਵੇਰੇ ਡਾ. ਮਨਮੋਹਨ ਸਿੰਘ ਆਡੀਟੋਰੀਅਮ ਵਿਚ ਹੋਵੇਗਾ। ਮੇਲੇ ਵਿਚ 20 ਦੇ ਕਰੀਬ ਸਰਕਾਰੀ ਅਤੇ ਨਿੱਜੀ ਯੂਨੀਵਰਸਿਟੀਆਂ ਦੇ 2500 ਦੇ ਕਰੀਬ ਵਿਦਿਆਰਥੀ ਸ਼ਾਮਿਲ ਹੋ ਰਹੇ ਹਨ। 45 ਵੰਨਗੀਆਂ ਵਿਚ ਸੰਗੀਤ, ਨਾਚ, ਥੀਏਟਰ, ਕੋਮਲ ਕਲਾਵਾਂ ਅਤੇ ਸਾਹਿਤਕ ਗਤੀਵਿਧੀਆਂ ਵਿਚ ਮੁਕਾਬਲੇ ਹੋਣਗੇ।

ਡਾ. ਜੌੜਾ ਨੇ ਕਿਹਾ ਕਿ ਪੀ.ਏ.ਯੂ. ਵੱਲੋਂ ਮੁਕਾਬਲਿਆਂ ਦੇ ਸਫਲ ਆਯੋਜਨ ਲਈ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ।

ਮੁਕਾਬਲਿਆਂ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਪੰਜ ਵੱਖ-ਵੱਖ ਸਥਾਨ ਨਿਰਧਾਰਤ ਕੀਤੇ ਗਏ ਹਨ। ਉਹਨਾਂ ਆਸ ਪਾਸ ਦੇ ਕਾਲਜਾਂ ਅਤੇ ਸੰਸਥਾਵਾਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਪੰਜਾਬ ਰਾਜ ਅੰਤਰ ਯੂਨੀਵਰਸਿਟੀ ਯੁਵਕ ਮੇਲੇ ਨੂੰ ਦੇਖਣ ਲਈ ਹਾਰਦਿਕ ਸੱਦਾ ਦਿੱਤਾ।

# ਪਲਾਸਟਿਕ ਵਿਰੁੱਧ ਚਲਾਈ ਮੁਹਿੰਮ ਤਹਿਤ ਚੈਕਿੰਗ



**ਬਰਨਾਲਾ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਦਿਸ਼ਾ - ਨਿਰਦੇਸ਼ਾਂ 'ਤੇ ਪੰਜਾਬ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਅਤੇ ਨਗਰ ਕੌਂਸਲ ਧਨੌਲਾ ਦੀ ਸਾਂਝੀ ਟੀਮ ਵਲੋਂ ਧਨੌਲਾ ਵਿਖੇ ਬੱਸ ਸਟੈਂਡ ਰੋਡ ਨੇੜਲੀ ਮਾਰਕੀਟ ਵਿਖੇ ਇਕਹਰੀ ਵਰਤੋਂ ਵਾਲੀ ਪਲਾਸਟਿਕ ਵਿਰੁੱਧ ਚਲਾਈ ਮੁਹਿੰਮ ਤਹਿਤ ਚੈਕਿੰਗ ਕੀਤੀ ਗਈ।

ਇਸ ਮੌਕੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਜੂਨੀਅਰ ਇੰਜੀਨੀਅਰ ਗੁਰਸੇਵਕ ਸਿੰਘ ਅਤੇ ਨਗਰ ਕੌਂਸਲ ਦੇ ਜਸਪ੍ਰੀਤ ਸਿੰਘ ਦੀ ਟੀਮ ਨੇ ਸ਼ਹਿਰ ਦੀਆਂ ਦੁਕਾਨਾਂ ਅਤੇ ਰੇਹੜੀਆਂ 'ਤੇ ਚੈਕਿੰਗ ਕੀਤੀ ਅਤੇ ਦੁਕਾਨਦਾਰਾਂ ਤੇ ਗਾਹਕਾਂ ਨੂੰ ਇਕਹਰੀ ਵਰਤੋਂ ਵਾਲੀ ਪਲਾਸਟਿਕ ਜਿਵੇਂ ਪੋਲੀਥੀਨ ਆਦਿ ਦੀ ਵਰਤੋਂ ਨਾ ਕਰਨ ਅਤੇ ਕੱਪੜੇ ਦੇ ਥੈਲੇ ਆਦਿ ਵਰਤਣ ਬਾਰੇ ਜਾਗਰੂਕ ਕੀਤਾ ਗਿਆ।

# ਜੇਲ੍ਹ ਮੰਤਰੀ ਲਾਲਜੀਤ ਸਿੰਘ ਭੁੱਲਰ ਵਲੋਂ ਜ਼ਿਲ੍ਹਾ ਜੇਲ੍ਹ ਨਾਭਾ ਦੇ ਪੈਟਰੋਲ ਪੰਪ ਦਾ ਉਦਘਾਟਨ

## ਬੰਦੀਆਂ ਦੇ ਪੁਨਰਵਸੇਬੇ 'ਚ ਸਹਾਈ ਹੋਣਗੇ ਜੇਲ੍ਹ ਵਿਭਾਗ ਵੱਲੋਂ ਲਗਾਏ ਜਾ ਰਹੇ ਪੈਟਰੋਲ ਪੰਪ : ਲਾਲਜੀਤ ਸਿੰਘ ਭੁੱਲਰ

**ਨਾਭਾ/ਪਟਿਆਲਾ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਜੇਲ੍ਹ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਵੱਲੋਂ ਜ਼ਿਲ੍ਹਾ ਜੇਲ੍ਹ ਨਾਭਾ (ਮੈਕਸੀਮਮ ਸਕਿਉਰਿਟੀ ਜੇਲ੍ਹ) ਦੇ ਬਾਹਰ ਪੰਜਾਬ ਜੇਲ੍ਹ ਵਿਕਾਸ ਬੋਰਡ ਵੱਲੋਂ ਬਣਾਇਆ ਗਿਆ ਇੰਡੀਅਨ ਆਇਲ ਕਾਰਪੋਰੇਸ਼ਨ (ਆਈ.ਓ.ਸੀ) ਦਾ ਪੈਟਰੋਲ ਪੰਪ (ਉਜਾਲਾ ਫਿਊਲਜ਼) ਲੋਕਾਂ ਨੂੰ ਸਮਰਪਿਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਸਬ ਜੇਲ੍ਹ ਫ਼ਾਜ਼ਿਲਕਾ ਵਿਖੇ ਲੱਗੇ ਪੈਟਰੋਲ ਪੰਪ ਦਾ ਵਰਚੂਅਲ ਤੌਰ ਤੇ ਉਦਘਾਟਨ ਵੀ ਕੀਤਾ। ਸਮਾਗਮ ਮੌਕੇ ਏ.ਡੀ.ਜੀ.ਪੀ. ਜੇਲ੍ਹਾਂ ਅਰੁਨਪਾਲ ਸਿੰਘ, ਆਈ.ਜੀ. ਜੇਲ੍ਹਾਂ ਰੂਪ ਕੁਮਾਰ ਅਰੋੜਾ, ਡੀ.ਆਈ.ਜੀ. ਜੇਲ੍ਹਾਂ ਐਸ.ਐਸ ਸੈਣੀ ਅਤੇ ਆਈ.ਓ.ਸੀ. ਦੇ ਕਾਰਜਕਾਰੀ ਡਾਇਰੈਕਟਰ ਜਤਿੰਦਰ ਕੁਮਾਰ, ਜੀ.ਐਮ ਸੁਭਾਸ਼ ਐਮ ਤੁਮਨੇ ਵੀ ਮੌਜੂਦ ਸਨ।



ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਪੈਟਰੋਲ ਪੰਪ ਦਾ ਉਦਘਾਟਨ ਕਰਦੇ ਹੋਏ।

ਇਸ ਮੌਕੇ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਦੇ ਸਰਵਪੱਖੀ ਵਿਕਾਸ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ ਅਤੇ ਇਸੇ ਲੜੀ ਤਹਿਤ ਪੰਜਾਬ ਦੀਆਂ ਜੇਲ੍ਹਾਂ ਅੰਦਰ ਜਿਥੇ ਬੰਦੀਆਂ ਦੇ ਕੰਮ ਕਰਨ ਲਈ ਨਵੀਂ ਮਸ਼ੀਨਰੀ ਲਗਾਉਣ ਦਾ ਕੰਮ ਜਾਰੀ ਹੈ, ਉਥੇ ਹੀ ਸੂਬੇ ਅੰਦਰਲੀਆਂ ਜੇਲ੍ਹਾਂ ਦੇ ਬਾਹਰ 8 ਪੈਟਰੋਲ ਪੰਪ ਵੀ ਲਗਾਏ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਹੁਣ ਤੱਕ ਲੁਧਿਆਣਾ, ਰੂਪਨਗਰ, ਹੁਸ਼ਿਆਰਪੁਰ, ਫਿਰੋਜ਼ਪੁਰ, ਸੰਗਰੂਰ ਅਤੇ ਪਟਿਆਲਾ ਵਿਖੇ 6 ਪੈਟਰੋਲ ਪੰਪ ਲਗਾਏ ਜਾ ਚੁੱਕੇ ਹਨ ਅਤੇ ਅੱਜ ਦੋ ਹੋਰ ਪੈਟਰੋਲ ਪੰਪ ਨਾਭਾ ਤੇ ਫ਼ਾਜ਼ਿਲਕਾ ਵਾਸੀਆਂ ਨੂੰ ਸਮਰਪਿਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਪੈਟਰੋਲ ਪੰਪ ਲੱਗਣ ਨਾਲ ਜੇਲ੍ਹ ਵਿਭਾਗ ਨੂੰ ਹਰੇਕ ਪੈਟਰੋਲ ਪੰਪ ਤੋਂ ਤਕਰੀਬਨ 5 ਲੱਖ ਰੁਪਏ ਪ੍ਰਤੀ ਮਹੀਨਾ ਆਮਦਨ ਹੋ ਰਹੀ ਹੈ ਤੇ ਇਹ ਪੈਸਾ ਜੇਲ੍ਹ ਵਿਭਾਗ ਦੇ ਸੁਧਾਰ ਲਈ ਹੀ ਖਰਚੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਜੇਲ੍ਹ ਵਿਕਾਸ ਬੋਰਡ ਅਤੇ ਆਈ.ਓ.ਸੀ. ਵੱਲੋਂ ਚਲਾਏ ਜਾਣ ਵਾਲੇ ਇਸ ਪੈਟਰੋਲ ਪੰਪ (ਉਜਾਲਾ ਫਿਊਲਜ਼) ਨੂੰ ਚੰਗੇ ਆਚਰਣ ਵਾਲੇ ਕੈਦੀਆਂ ਵੱਲੋਂ ਵੀ ਸੰਚਾਲਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੋ ਵਿਅਕਤੀ ਕਿਸੇ ਨਾ ਕਿਸੇ ਕਾਰਨ ਜੇਲ੍ਹ ਵਿੱਚ ਸਜ਼ਾ ਕੱਟ ਰਹੇ ਹਨ, ਉਨ੍ਹਾਂ ਨੂੰ ਜੇਲ੍ਹ ਦੇ ਅੰਦਰ ਰਹਿ ਕੇ ਆਪਣੇ ਵਿੱਚ ਸੁਧਾਰ ਲਿਆਉਣ ਦੇ ਨਾਲ ਨਾਲ ਹੁਣ ਜੇਲ੍ਹ ਵਿਭਾਗ ਦੇ ਉਪਰਾਲੇ ਸਦਕਾ ਜੇਲ੍ਹ ਤੋਂ ਬਾਹਰ ਵੀ ਡਿਊਟੀ ਨਿਭਾਉਣ ਦਾ ਮੌਕਾ ਮਿਲੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਕੈਦੀ ਆਪਣੇ ਆਪ ਨੂੰ ਮਾਨਸਿਕ ਅਤੇ ਸਰੀਰਕ ਤੌਰ 'ਤੇ ਤੰਦਰੁਸਤ ਰੱਖ ਸਕਣਗੇ ਅਤੇ ਨਾਲ ਹੀ ਉਨ੍ਹਾਂ ਨੂੰ ਆਮਦਨ ਵੀ ਹੋਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਉਪਰਾਲਾ ਬੰਦੀਆਂ ਦੇ ਪੁਨਰਵਸੇਬੇ ਵਿੱਚ ਵੀ ਸਹਾਈ ਹੋਵੇਗਾ। ਇਸ ਮੌਕੇ ਉਨ੍ਹਾਂ ਪਹਿਲੀ ਗੱਡੀ ਵਿੱਚ ਤੇਲ ਪਵਾਕੇ ਪੈਟਰੋਲ ਪੰਪ ਦੀ ਰਸਮੀ ਸ਼ੁਰੂਆਤ ਵੀ ਕਰਵਾਈ।

ਇਸ ਮੌਕੇ ਏ.ਡੀ.ਜੀ.ਪੀ. ਜੇਲ੍ਹਾਂ ਅਰੁਨਪਾਲ ਸਿੰਘ ਨੇ ਕਿਹਾ ਕਿ ਜ਼ਿਲ੍ਹਾ ਜੇਲ੍ਹ ਨਾਭਾ (ਮੈਕਸੀਮਮ ਸਕਿਉਰਿਟੀ ਜੇਲ੍ਹ) ਵਿਖੇ ਬਣੇ ਉਜਾਲਾ ਫਿਊਲ ਵਿੱਚ ਤੇਲ ਪਾਉਣ ਲਈ ਅਤਿ ਆਧੁਨਿਕ ਮਸ਼ੀਨਰੀ ਲਗਾਈ ਗਈ ਹੈ।

ਇਸ ਮੌਕੇ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਜੱਸੀ ਸੋਹੀਆ ਵਾਲਾ, ਚੀਫ ਜਨਰਲ ਮੈਨੇਜਰ ਆਈ.ਓ.ਸੀ. ਵਿਨੇ ਅਗਰਵਾਲ, ਜੇਲ੍ਹ ਸੁਪਰਡੈਂਟ ਲਲਿਤ ਕੁਮਾਰ ਕੋਹਲੀ, ਐਸ.ਡੀ.ਐਮ. ਨਾਭਾ ਇਸਮਤ ਵਿਜੈ ਸਿੰਘ, ਡੀਐਸਪੀ ਮਨਦੀਪ ਕੌਰ, ਐਚ.ਐਸ ਗਿੱਲ ਤੋਂ ਇਲਾਵਾ ਵੱਡੀ ਗਿਣਤੀ ਪਤਵੰਤੇ ਮੌਜੂਦ ਸਨ।

# ਡਾ. ਅੰਬੇਡਕਰ ਪਟਿਆਲਾ ਆਮਦ ਦਿਹਾੜਾ ਮਨਾਉਂਦਿਆਂ ਪੋਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਕੀਤਾ ਸਨਮਾਨਿਤ




**ਪਟਿਆਲਾ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਲਿਤ, ਜਰੂਰਤਮੰਦ, ਆਰਥਿਕ ਕਮਜੋਰ ਵਰਗ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਅਤੇ ਵਿਦਿਆ ਖੇਤਰ ਵਿੱਚ ਭਲਾਈ ਕਾਰਜਾਂ ਨੂੰ ਸਮਰਪਿਤ ਸੰਸਥਾ ਡਾ. ਅੰਬੇਡਕਰ ਲਾਈਬ੍ਰੇਰੀ ਅਤੇ ਸਟੱਡੀ ਸਰਕਲ ਵਲੋਂ ਲਾਹੌਰੀ ਗੇਟ ਦੇ ਗਾਂਧੀ ਨਗਰ ਸਥਿਤ ਸਰਕਾਰੀ ਸੈਕੰਡਰੀ ਸਕੂਲ ਵਿਖੇ ਡਾ. ਅੰਬੇਡਕਰ ਪਟਿਆਲਾ ਆਮਦ ਦਿਹਾੜਾ ਸ਼ਰਧਾ ਉਤਸ਼ਾਹ ਨਾਲ ਮਨਾਇਆ ਗਿਆ। ਜਿਸ ਮੌਕੇ ਵਿਦਿਆਰਥੀ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਜਿਸ ਦੌਰਾਨ 2024 ਦੀਆਂ ਸਕੂਲ ਪ੍ਰੀਖਿਆਵਾਂ ਦੇ ਨਤੀਜਿਆਂ ਵਿੱਚ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਆਏ ਵਧੀਆ ਪੋਜੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਬੱਚਿਆਂ ਦਾ ਮੈਡਲ ਅਤੇ ਟਰਾਫੀਆਂ ਨਾਲ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਦੌਰਾਨ ਕੁੱਝ ਬੱਚਿਆਂ ਵੱਲੋਂ ਡਾ. ਭੀਮ ਰਾਓ ਅੰਬੇਡਕਰ ਦੇ ਜੀਵਨ ਸੰਘਰਸ਼ ਸਬੰਧੀ ਮਿੰਨੀ ਨਾਟਕ ਦੀਆਂ ਪੇਸ਼ਕਾਰੀਆਂ ਵੀ ਦਿਤੀਆਂ ਗਈਆਂ। ਇਸ ਮੌਕੇ ਤੇ ਡਾ. ਅੰਬੇਡਕਰ ਲਾਈਬ੍ਰੇਰੀ ਅਤੇ ਸਟੱਡੀ ਸਰਕਲ ਦੇ ਪ੍ਰਧਾਨ ਹੇਮਰਾਜ ਭੱਟੀ ਜਨਰਲ ਸਕੱਤਰ ਬਲਬੀਰ ਸਿੰਘ ਬੈਂਸ ਐਡਵੋਕੇਟ ਨੇ ਸਾਂਝੇ ਤੌਰ ਤੇ ਸਮਾਰੋਹ ਵਿੱਚ ਬੋਲਦਿਆਂ ਦੱਸਿਆ ਕਿ 1951 ਵਿੱਚ ਲੋਕ ਸਭਾ ਚੋਣਾਂ ਪਹਿਲੀ ਵਾਰ ਜਦੋਂ ਹੋਈਆਂ ਸਨ, ਜਿਸ ਦੌਰਾਨ ਚੋਣ ਪ੍ਰਚਾਰ ਸਬੰਧੀ ਸੰਵਿਧਾਨ ਨਿਰਮਾਤਾ ਡਾ. ਬੀ.ਆਰ. ਅੰਬੇਡਕਰ ਪਹਿਲੀ ਵਾਰ ਪਟਿਆਲਾ ਦੇ ਆਰਿਆ ਸਮਾਜ ਪਾਰਕ ਵਿਖੇ ਆਏ ਸਨ। ਇਸ ਲਈ 37 ਸਾਲਾਂ ਤੋਂ ਡਾ. ਅੰਬੇਡਕਰ ਪਟਿਆਲਾ ਆਮਦ ਦਿਹਾੜਾ ਮਨਾਉਂਦੇ ਆ ਰਹੇ ਹਾਂ। ਇਸ ਮੌਕੇ ਤੇ ਸੰਸਥਾ ਦੇ ਆਹੁਦੇਦਾਰਾਂ ਕੁਲਦੀਪ ਸਿੰਘ ਮੱਟੂ, ਐਸ.ਪੀ. ਸਿੰਘ ਐਡਵੋਕੇਟ, ਫਕੀਰ ਚੰਦ, ਸੰਜੀਵ ਸੈਣੀ, ਰਾਜੇਸ਼ਵਰ ਕੁਮਾਰ, ਸ਼ਿਵਾ ਜੀ ਧਾਰੀਵਾਲ, ਸੁਭਕਰਨ ਗਿੱਲ, ਰਵਿੰਦਰ ਬਿੱਟੂ, ਰਾਜਿੰਦਰ ਸਿੰਘ ਸਹੋਤਾ, ਰਵਿੰਦਰ ਬਿੱਟੂ ਅਤੇ ਸਕੂਲ ਸਟਾਫ ਮੁੱਖ ਅਧਿਆਪਿਕਾ ਨਿਲਮ, ਸੁਖਚੈਨ ਕੌਰ, ਨਿਰੁਪਮ, ਪਰਮਿੰਦਰ ਸਿੰਘ, ਕੁਸ਼ਮ, ਗੁਰਿੰਦਰ, ਜਾਹਿਦਾ ਕੁਰੈਸੀ, ਜ਼ਸਵਿੰਦਰ ਕੌਰ, ਵਰੁਨਜੀਤ ਕੌਰ, ਹਰਜਿੰਦਰ ਕੌਰ, ਡਿੰਪਲ, ਹਰਪ੍ਰੀਤ ਸਿੰਘ, ਜਤਿੰਦਰ ਸਿੰਘ ਅਤੇ ਸ਼ਰਮੀਲਾ, ਅਮਰਜੀਤ ਸਿੰਘ, ਰੰਜੀਤ ਕੌਰ, ਸੰਦੀਪ ਕੌਰ ਆਦਿ ਵਲੋ ਸੰਸਥਾ ਦੇ ਅਹੁਦੇਦਾਰਾਂ ਭਰਪੂਰ ਸਵਾਗਤ ਕੀਤਾ। ਜਿਹੜੇ ਛੇਵੀਂ ਤੋ ਦਸਵੀਂ ਤੱਕ ਦੇ ਵਿਦਿਆਰਥੀ ਬੱਚਿਆਂ ਦਾ ਸਨਮਾਨ ਕੀਤਾ ਗਿਆ ਉਹਨਾ ਵਿੱਚ ਪ੍ਰੀਖਿਆਵਾ ਦੇ ਨਤੀਜਿਆਂ ਦੌਰਾਨ ਪਹਿਲਾ, ਦੂਜਾ, ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਆਰਤੀ, ਅਰਜੁਨ, ਧੀਰਜ, ਜਿਉਤਿਸ਼, ਵਿਵੇਕ ਕੁਮਾਰ, ਸਮੀਰ ਕੁਮਾਰ, ਹਰਮਨ ਸਿੰਘ, ਤੁਸ਼ਾਰ, ਮਨੀਸ਼ ਕੁਮਾਰ, ਲੱਕੀ, ਨੈਨਾ, ਹਿਨਾ, ਪਰਿਆਸ਼ੂ, ਸਦਨ, ਕ੍ਰਿਸ਼ਨਾ ਚੌਹਾਨ, ਰਾਹੁਲ, ਅਸ਼ਿਸ਼, ਸੋਹੇਬ ਆਦਿ ਦੇ ਨਾਮ ਸ਼ਾਮਲ ਹਨ।

# ਭਾਸ਼ਾ ਵਿਭਾਗ ਪੰਜਾਬ ਨੇ ਕਰਵਾਇਆ ਬਾਤਰੰਨੁਮ ਕਵੀ ਦਰਬਾਰ; 'ਗਾਉਂਦੀ ਸ਼ਾਇਰੀ' ਨਾਲ ਡੇਢ ਦਰਜ਼ਨ ਕਵੀਆਂ ਨੇ ਬੰਨਿਆ ਰੰਗ




**ਪਟਿਆਲਾ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਸਰਪ੍ਰਸਤੀ 'ਚ ਅਤੇ ਉਚੇਰੀ ਸਿੱਖਿਆ ਤੇ ਭਾਸ਼ਾ ਮੰਤਰੀ ਸ. ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ 'ਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਮਨਾਏ ਜਾ ਰਹੇ ਪੰਜਾਬੀ ਮਾਹ-2024 ਤਹਿਤ ਇੱਥੇ ਭਾਸ਼ਾ ਭਵਨ ਵਿਖੇ ਗਾਉਂਦੀ ਸ਼ਾਇਰੀ ਬੈਨਰ ਹੇਠ ਰਾਜ ਪੱਧਰੀ ਬਾਤੁਰੰਨਮ ਕਵੀ ਦਰਬਾਰ ਕਰਵਾਇਆ ਗਿਆ। ਵਿਭਾਗ ਦੇ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਦੀ ਦੇਖ-ਰੇਖ 'ਚ ਕਰਵਾਏ ਗਏ ਇਸ ਕਵੀ ਦਰਬਾਰ ਦੌਰਾਨ ਸ਼੍ਰੋਮਣੀ ਕਵੀ ਡਾ. ਸੁਰਿੰਦਰ ਗਿੱਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਸਮਾਗਮ ਦੀ ਪ੍ਰਧਾਨਗੀ ਡਾ. ਰਾਜੇਸ਼ ਮੋਹਨ ਮੁਖੀ ਸੰਗੀਤ ਵਿਭਾਗ ਸਰਕਾਰੀ ਬ੍ਰਿਜਿੰਦਰਾ ਕਾਲਜ ਫ਼ਰੀਦਕੋਟ ਨੇ ਕੀਤੀ। ਸਮਾਗਮ ਦੌਰਾਨ ਸੂਬੇ ਭਰ 'ਚੋਂ ਆਏ ਡੇਢ ਦਰਜ਼ਨ ਦੇ ਕਰੀਬ ਨਾਮਵਰ ਕਵੀਆਂ ਨੇ ਆਪਣੀਆਂ ਨਜ਼ਮ, ਸਾਹਿਤਕ ਗੀਤਾਂ ਅਤੇ ਗਜ਼ਲਾਂ ਨਾਲ ਰੰਗ ਬੰਨਿਆ।

ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਨੇ ਆਪਣੇ ਸਵਾਗਤੀ ਭਾਸ਼ਨ 'ਚ ਕਿਹਾ ਕਿ ਪੰਜਾਬ ਸੁਖਨ ਤੇ ਸੁਰ ਦੀ ਧਰਤੀ ਹੈ। ਜਿਸ ਦੇ ਰੋਮ-ਰੋਮ ਵਿੱਚ ਕਾਵਿ ਤੇ ਸੰਗੀਤ ਹੈ। ਮਸ਼ੀਨੀ ਯੁੱਗ ਨੇ ਪੰਜਾਬੀ ਜਨਜੀਵਨ 'ਚੋਂ ਇਹ ਦੋਨੋਂ ਸੁਖਮ ਕਲਾਵਾਂ ਮਨਫ਼ੀ ਕਰ ਦਿੱਤੀਆਂ ਹਨ ਜਿਸ ਕਾਰਨ ਸਾਡੇ ਸੁਭਾਅ ਦਾ ਵੀ ਮਸ਼ੀਨੀਕਰਨ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬੀਆਂ ਦੇ ਜਨਮ ਤੋਂ ਲੈ ਕੇ ਮਰਨ ਤੱਕ ਦੀਆਂ ਰਸਮਾਂ ਸੰਗੀਤ ਨਾਲ ਲਬਰੇਜ਼ ਹਨ ਪਰ ਅਸੀਂ ਆਪਣੀ ਇਸ ਅਮੀਰ ਵਿਰਾਸਤ ਨੂੰ ਛੱਡ ਰਹੇ ਹਾਂ ਜਿਸ ਕਾਰਨ ਸਾਡੇ ਜਨਜੀਵਨ 'ਚ ਮਾਰਧਾੜ ਭਾਰੂ ਹੋ ਰਹੀ ਹੈ। ਉਹਨਾਂ ਨੇ ਸਮਾਗਮ 'ਚ ਸ਼ਿਰਕਤ ਕਰਨ ਵਾਲੇ ਕਵੀਆਂ ਤੇ ਸਰੋਤਿਆਂ ਨੂੰ ਅਪੀਲ ਕੀਤੀ ਕਿ ਉਹ ਪੰਜਾਬੀ ਜਨਜੀਵਨ ਦੀਆਂ ਸੁਖਨ ਤੇ ਸੁਰ ਸਬੰਧੀ ਰਵਾਇਤਾਂ ਨੂੰ ਕਾਇਮ ਰੱਖਣ। ਆਪਣੇ ਪ੍ਰਧਾਨਗੀ ਭਾਸ਼ਨ 'ਚ ਡਾ. ਰਾਜੇਸ਼ ਮੋਹਨ ਨੇ ਕਿਹਾ ਕਿ ਸ਼ਾਇਰੀ ਤੇ ਗੀਤਕਾਰੀ ਦੋਨੋਂ ਹੀ ਇੱਕ ਦੂਜੇ ਦੀਆਂ ਪੂਰਕ ਹਨ। ਜਿੰਨਾਂ ਨੂੰ ਵੱਖ ਨਹੀਂ ਕੀਤਾ ਜਾ ਸਕਦਾ ਹੈ ਅਤੇ ਦੋਨੋਂ ਹੀ ਵਿਧਾਵਾਂ 'ਚੋਂ ਸੰਗੀਤ ਉਪਜਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਵਿਰਾਸਤ ਬੜੀ ਅਮੀਰ ਹੈ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੋਂ ਲੈ ਕੇ ਵੱਖ-ਵੱਖ ਯੁੱਗ ਕਵੀਆਂ ਦੀਆਂ ਰਚਨਾਵਾਂ 'ਚੋਂ ਉਪਜਦਾ ਸੰਗੀਤ ਸਾਡੇ ਜੀਵਨ ਨੂੰ ਸੁਖਮਤਾ ਤੇ ਤ ਸਹਿਜ ਪ੍ਰਦਾਨ ਕਰਦਾ ਹੈ। ਮੁੱਖ ਮਹਿਮਾਨ ਡਾ. ਸੁਰਿੰਦਰ ਗਿੱਲ ਨੇ ਭਾਸ਼ਾ ਵਿਭਾਗ ਵੱਲੋਂ ਕਰਵਾਏ ਗਏ ਬਾਤਰੰਨੁਮ ਕਵੀ ਦਰਬਾਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਰਵਾਇਤ ਕਾਇਮ ਰੱਖਣੀ ਚਾਹੀਦੀ ਹੈ, ਜਿਸ ਨਾਲ ਸਾਡੇ ਕਾਵਿ ਦੇ ਸਰੋਤਿਆਂ ਦਾ ਘੇਰਾ ਵਿਸ਼ਾਲ ਹੋਵੇਗਾ ਅਤੇ ਸਾਡੀ ਨਵੀਂ ਪੀੜ੍ਹੀ ਨੂੰ ਸਿਹਤਮੰਦ ਸਾਹਿਤ ਨਾਲ ਜੁੜਨ ਦੇ ਮੌਕੇ ਮਿਲਣਗੇ। ਇਸ ਮੌਕੇ ਉਨ੍ਹਾਂ ਮਰਹੂਮ ਸ਼ਾਇਰ ਸੁਰਜੀਤ ਪਾਤਰ ਨੂੰ ਇੱਕ ਨਜ਼ਮ ਰਾਹੀਂ ਯਾਦ ਕੀਤਾ।

ਇਸ ਸਮਾਗਮ ਦੌਰਾਨ ਨਾਮਵਰ ਕਵੀ ਤ੍ਰੈਲੋਚਨ ਲੋਚੀ, ਪ੍ਰਮੋਦ ਕਾਫ਼ਿਰ, ਡਾ. ਸੁਰਿੰਦਰ ਗਿੱਲ, ਡਾ. ਰਾਜੇਸ਼ ਮੋਹਨ, ਡਾ. ਅਜੀਤਪਾਲ ਜਟਾਣਾ, ਕਰਨਜੀਤ ਸਿੰਘ, ਸ਼ਬਦੀਸ਼, ਅਵਤਾਰਜੀਤ ਅਟਵਾਲ, ਧਰਮ ਕੰਮੇਆਣਾ, ਜਸਵਿੰਦਰ ਚਾਹਲ ਮਾਨਸਾ, ਪਵਨਦੀਪ ਚੌਹਾਨ, ਕੁਲਵਿੰਦਰ ਕੁੱਲਾ, ਡਾ. ਆਸ਼ਾ ਕਿਰਨ, ਗੁਰਜੰਟ ਰਾਜੇਆਣਾ, ਮਨਦੀਪ ਲੁਧਿਆਣਾ ਤੇ ਸੁਰ ਇੰਦਰ ਨੇ ਆਪੋ-ਆਪਣੇ ਕਲਾਮ ਪੇਸ਼ ਕਰਕੇ ਮਾਹੌਲ ਨੂੰ ਕਾਵਿਕ ਬਣਾ ਦਿੱਤਾ।

# ਗੈਂਗਸਟਰਾਂ ਤੇ ਪੇਸ਼ੇਵਰ ਮੁਜ਼ਰਮਾਂ ਨੂੰ ਜਗਰਾਉਂ ਨੇੜੇ ਨਵੀਂ ਬਣ ਰਹੀ ਹਾਈ ਪ੍ਰੋਫਾਈਲ ਸਕਿਉਰਟੀ ਜੇਲ੍ਹ 'ਚ ਰੱਖਿਆ ਜਾਵੇਗਾ: ਜੇਲ੍ਹ ਮੰਤਰੀ ਲਾਲਜੀਤ ਸਿੰਘ ਭੁੱਲਰ

- ਨਵੀਂਆਂ ਜੇਲ੍ਹਾਂ ਆਬਾਦੀ ਤੋਂ ਇੱਕ ਕਿਲੋਮੀਟਰ ਦੂਰ ਹੀ ਬਣਾਈਆਂ ਜਾਣਗੀਆਂ
- 13 ਡੀ.ਐਸ.ਪੀਜ਼ ਜੇਲ, 175 ਵਾਰਡਰਜ਼ ਤੇ 4 ਮੈਟਰਨਾਂ ਦੀ ਭਰਤੀ ਜਲਦੀ:ਜੇਲ੍ਹ ਮੰਤਰੀ

**ਪਟਿਆਲਾ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਜੇਲ੍ਹਾਂ ਅਤੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਹੈ ਕਿ ਜੇਲ੍ਹਾਂ ਵਿੱਚੋਂ ਅਪਰਾਧ ਕਰਨ ਦੀ ਪ੍ਰਵਿਰਤੀ ਵਾਲੇ ਪੇਸ਼ੇਵਾਰ ਮੁਜ਼ਰਮਾਂ ਤੇ ਗੈਂਗਸਟਰਾਂ ਦੇ ਨੈਟਵਰਕ ਨੂੰ ਖ਼ਤਮ ਕਰਨ ਲਈ ਲੁਧਿਆਣਾ, ਜਗਰਾਉਂ ਨੇੜੇ ਨਵੀਂ ਬਣ ਰਹੀ ਹਾਈ ਪ੍ਰੋਫਾਈਲ ਸਕਿਉਰਟੀ ਜੇਲ੍ਹ ਵਿੱਚ ਰੱਖਿਆ ਜਾਵੇਗਾ।

ਜੇਲ੍ਹ ਮੰਤਰੀ ਲਾਲਜੀਤ ਸਿੰਘ ਭੁੱਲਰ ਅੱਜ ਪਟਿਆਲਾ ਵਿਖੇ ਪੰਜਾਬ ਜੇਲ੍ਹ ਟ੍ਰੇਨਿੰਗ ਸਕੂਲ ਵਿਖੇ ਜੇਲ੍ਹ ਵਿਭਾਗ ਦੇ ਬੈਚ ਨੰਬਰ 97 ਦੇ ਕੁੱਲ 132 ਵਾਰਡਰਜ਼ ਅਤੇ 04 ਮੈਟਰਨਜ਼ ਦੀ ਪਾਸਿੰਗ ਆਊਟ ਪਰੇਡ ਸਮਾਰੋਹ ਦੇ ਮੌਕੇ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ, ਜਿਹਨਾਂ ਨੇ ਪ੍ਰਭਾਵਸ਼ਾਲੀ ਪਰੇਡ ਤੋਂ ਸਲਾਮੀ ਲਈ ਅਤੇ ਪਰੇਡ ਦਾ ਨਿਰੀਖਣ ਕੀਤਾ। ਉਨ੍ਹਾਂ ਦੇ ਨਾਲ ਏ.ਡੀ.ਜੀ.ਪੀ. ਜੇਲ੍ਹਾਂ ਅਰੁਨਪਾਲ ਸਿੰਘ ਵੀ ਮੌਜੂਦ ਸਨ।

ਇਸ ਮੌਕੇ ਮੀਡੀਆ ਨਾਲ ਗ਼ੈਰਰਸਮੀ ਗੱਲਬਾਤ ਕਰਦਿਆਂ ਜੇਲ੍ਹ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਸੂਬੇ ਵਿੱਚ ਨਵੀਆਂ ਬਣਨ ਵਾਲੀਆਂ ਜੇਲ੍ਹਾਂ ਨੂੰ ਆਬਾਦੀ ਤੋਂ ਇੱਕ ਕਿਲੋਮੀਟਰ ਦੂਰ ਬਣਾਇਆ ਜਾਵੇਗਾ ਤਾਂ ਕਿ ਜੇਲ੍ਹਾਂ ਵਿੱਚ ਲਗਾਏ ਜਾਂਦੇ ਅਤਿਆਧੁਨਿਕ ਜੈਮਰਾਂ ਕਰਕੇ ਨੇੜੇ ਦੀ ਵੱਸੋਂ ਨੂੰ ਕੋਈ ਮੁਸ਼ਕਿਲ ਨਾ ਆਵੇ ਅਤੇ ਨਾ ਹੀ ਜੇਲ੍ਹਾਂ ਦੀਆਂ ਕੰਧਾਂ ਤੋਂ ਕੋਈ ਮੁਜ਼ਰਮ ਜੇਲ੍ਹ ਅੰਦਰ ਕੋਈ ਨਸ਼ੀਲੀ ਵਸਤੂ ਜਾਂ ਮੋਬਾਇਲ ਆਦਿ ਸੁੱਟ ਸਕੇ।

ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਬੇਸ਼ੱਕ ਜੇਲ੍ਹ ਵਿਭਾਗ ਨੂੰ ਜੇਲ੍ਹਾਂ ਦੀ ਸੁਰੱਖਿਆ, ਖੁਫੀਆ ਤੰਤਰ, ਸਟਾਫ ਦੀ ਘਾਟ, ਕੈਦੀਆਂ ਦੀ ਦੇਖ-ਰੇਖ ਅਤੇ ਪੁਨਰ ਵਸੇਬੇ ਆਦਿ ਲਈ ਕਈ ਚੁਣੌਤੀਆਂ ਦਰਪੇਸ਼ ਹਨ ਪਰੰਤੂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਿਭਾਗ ਬੰਦੀਆ ਦੇ ਸੁਧਾਰ ਲਈ ਅਨੇਕਾਂ ਉਪਰਾਲੇ ਕਰਨ ਸਮੇਤ ਜੇਲ੍ਹਾਂ ਦੇ ਆਧੁਨਿਕੀਕਰਨ ਜਿਵੇਂ ਕਿ ਮੋਬਾਇਲ ਜੈਮਰ ਆਰਟੀਫ਼ਿਸ਼ਿਅਲ ਇੰਟੈਲੀਜੈਂਸ ਅਧਾਰਤ ਸੀਸੀਟੀਵੀ ਕੈਮਰੇ ਲਗਾਏ ਜਾ ਰਹੇ ਹਨ।

ਜੇਲ੍ਹ ਮੰਤਰੀ ਨੇ ਹੋਰ ਕਿਹਾ ਕਿ ਇਸ ਤੋਂ ਬਿਨ੍ਹਾਂ ਜੇਲ੍ਹ ਵਿਭਾਗ ਨੂੰ ਹੋਰ ਮਜਬੂਤ ਕਰਨ ਲਈ ਸਰਕਾਰ ਜੇਲ੍ਹ ਵਿਭਾਗ ਵਿਚ 13 ਡੀ.ਐਸ.ਪੀ. ਜੇਲ, 175 ਵਾਰਡਰਅਤੇ 04 ਮੈਟਰਨਾਂ ਸਮੇਤ ਡਾਕਟਰਾਂ ਤੇ ਪੈਰਾਮੈਡੀਕਲ ਅਮਲੇ ਦੀ ਭਰਤੀ ਜਲਦ ਕੀਤੀ ਜਾਵੇਗੀ। ਇਸ ਦੇ ਨਾਲ ਹੀ ਜੇਲ੍ਹ ਵਿਭਾਗ ਨੇ ਕੈਦੀ ਬੰਦੀਆਂ ਦੇ ਪੁਨਰ ਵਸੇਬੇ ਲਈ 8 ਜੇਲ੍ਹਾਂ ਵਿਖੇ ਪੈਟਰੋਲ ਪੰਪ ਲਗਾਏ ਹਨ।

ਜੇਲ੍ਹ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਜਵਾਨਾਂ ਨੂੰ ਪਾਸ ਹੋਣ ਦੀ ਵਧਾਈ ਦਿੰਦਿਆਂ ਉਨ੍ਹਾਂ ਨੂੰ ਇਮਾਨਦਾਰੀ, ਨੇਕ-ਨੀਤੀ ਅਤੇ ਨਿਡਰ ਹੋ ਕੇ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਡਿਊਟੀ ਕਰਨ ਲਈ ਪ੍ਰੇਰਿਤ ਕਰਨ ਸਮੇਤ ਨਸ਼ਿਆਂ ਤੋਂ ਗੁਰੇਜ ਕਰਨ ਦਾ ਮਸ਼ਵਰਾ ਦਿੱਤਾ। ਸਮਾਰੋਹ ਮੌਕੇ ਏ.ਡੀ.ਜੀ.ਪੀ. ਜੇਲ੍ਹਾਂ ਅਰੁਨ ਪਾਲ ਸਿੰਘ ਨੇ ਧੰਨਵਾਦ ਕੀਤਾ ਜਦੋਂਕਿ ਪੰਜਾਬ ਜੇਲ ਟਰੇਨਿੰਗ ਸਕੂਲ ਦੇ ਪ੍ਰਿੰਸੀਪਲ ਕੁਲਵੰਤ ਸਿੰਘ ਸਿੱਧੂ ਨੇ ਜੀ ਆਇਆਂ ਆਖਦਿਆਂ ਇਸ ਟ੍ਰੇਨਿੰਗ ਸੰਬੰਧੀ ਰਿਪੋਰਟ ਪੜ੍ਹੀ।

ਇਸ ਬੇਸਿਕ ਟਰੇਨਿੰਗ ਕੋਰਸ ਵਿੱਚ ਮੈਟਰਨ ਗੁਰਿੰਦਰ ਕੌਰ ਇਨਡੋਰ ਵਿੱਚ, ਵਾਰਡਰ ਰਮਨਦੀਪ ਸਿੰਘ ਸ਼ੂਟਿੰਗ ਵਿੱਚ, ਵਾਰਡਰ ਅਮਨਦੀਪ ਸਿੰਘ ਆਊਟਡੋਰ ਵਿੱਚ ਪਹਿਲੇ ਸਥਾਨ 'ਤੇ ਰਹੇ ਅਤੇ ਬਤੌਰ ਪਲਟੂਨ ਕਮਾਂਡਰ ਨੰਬਰ 2, ਵਾਰਡਰ ਰਾਹੁਲ ਡਿੱਕਾ ਬਤੌਰ ਪਰੇਡ ਕਮਾਂਡਰ, ਵਾਰਡਰ ਅਭਿਨਵ ਪਲਟੂਨ ਕਮਾਂਡਰ ਨੰਬਰ 1 ਅਤੇ ਵਾਰਡਰ ਸਿਮਰਨ ਬੰਗਾ ਬਤੌਰ ਪਲਟੂਨ ਕਮਾਂਡਰ ਨੰਬਰ 2 ਨੂੰ ਜੇਲ ਮੰਤਰੀ ਨੇ ਟਰਾਫੀ ਦੇ ਕੇ ਸਨਮਾਨਿਤ ਕੀਤਾ।ਇਸ ਤੋਂ ਬਾਅਦ ਜਵਾਨਾਂ ਨੇ ਯੂ.ਏ.ਸੀ., ਮਾਰਸ਼ਲ ਆਰਟਸ ਅਤੇ ਲੋਕ ਨਾਚ ਭੰਗੜਾ ਵੀ ਪੇਸ਼ ਕੀਤਾ।

ਇਸ ਮੌਕੇ ਆਈ.ਜੀ ਜੇਲ੍ਹਾਂ ਰੂਪ ਕੁਮਾਰ ਅਰੋੜਾ, ਡੀ.ਆਈ.ਜੀ ਜੇਲ੍ਹਾਂ ਸੁਰਿੰਦਰ ਸਿੰਘ, ਕੇਂਦਰੀ ਜੇਲ੍ਹ ਪਟਿਆਲਾ ਦੇ ਸੁਪਰਡੈਂਟ ਵਰੁਣ ਸ਼ਰਮਾ, ਵਾਈਸ ਪ੍ਰਿੰਸੀਪਲ ਜੇਲ ਟ੍ਰੇਨਿੰਗ ਸਕੂਲ ਮੁਕੇਸ਼ ਕੁਮਾਰ, ਜ਼ਿਲ੍ਹਾ ਜੇਲ੍ਹ ਬਰਨਾਲਾ ਦੇ ਸੁਪਰਡੈਂਟ ਗੁਰਚਰਨ ਸਿੰਘ ਧਾਲਿਵਾਲ, ਜ਼ਿਲ੍ਹਾ ਜੇਲ੍ਹ ਸੰਗਰੂਰ ਦੇ ਸੁਪਰਡੈਂਟ ਨਵਇੰਦਰ ਸਿੰਘ, ਨਵੀਂ ਜਿਲ੍ਹਾ ਜੇਲ੍ਹ ਨਾਭਾ ਦੇ ਸੁਪਰਡੈਂਟ ਇੰਦਰਜੀਤ ਸਿੰਘ ਕਾਹਲੋਂ ਤੇ ਓਪਨ ਜੇਲ ਦੇ ਸੁਪਰਡੈਂਟ ਗੁਰਮੁੱਖ ਸਿੰਘ ਵੀ ਮੌਜੂਦ ਸਨ।

# ਮਨੁੱਖ ਆਪਣਾ ਰਿਸ਼ਤਾ ਦੁਨੀਆਂ ਦੀ ਬਜਾਏ ਪ੍ਰਮਾਤਮਾ ਨਾਲ ਜੋੜੇ : ਸਾਧਵੀ ਪੂਜਾ ਭਾਰਤੀ



**ਸੁਨਾਮ, 27 ਨਵੰਬਰ/-ਰਾਜੂ ਸਿੰਗਲਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਦੇ ਸਥਾਨਕ ਆਸ਼ਰਮ ਵਿਖੇ ਮਹੀਨਾਵਾਰ ਸਤਸੰਗ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸੰਸਥਾਨ ਸੰਚਾਲਕ ਸ੍ਰੀ ਗੁਰੂ ਆਸ਼ੂਤੋਸ਼ ਮਹਾਰਾਜ ਜੀ ਦੀ ਸੇਵਿਕਾ ਸਾਧਵੀ ਪੂਜਾ ਭਾਰਤੀ ਜੀ ਨੇ ਪ੍ਰਵਚਨ ਕਰਦੇ ਹੋਏ ਕਿਹਾ ਕਿ ਸਾਡੇ ਗਿਆਨ ਦਾ ਟੀਚਾ ਮੁਕਤੀ ਹੋਣਾ ਚਾਹੀਦਾ ਹੈ, ਸਾਨੂੰ ਸੱਚ ਨੂੰ ਜਾਣਨਾ ਚਾਹੀਦਾ ਹੈ ਜਿਸ ਵਿੱਚ ਕੋਈ ਬਦਲਾਅ ਨਹੀਂ ਹੈ, ਸੰਸਾਰ ਦਾ ਆਧਾਰ ਸੱਚ ਹੈ। ਉਨ੍ਹਾਂ ਕਿਹਾ ਕਿ ਇਸ ਸੰਸਾਰ ਵਿੱਚ ਆਉਣ ਤੋਂ ਬਾਅਦ ਮਨੁੱਖ ਭੌਤਿਕ ਵਸਤੂਆਂ ਨਾਲ ਜੁੜ ਜਾਂਦਾ ਹੈ ਅਤੇ ਉਹ ਆਪਣੇ ਅਸਲ ਮਕਸਦ ਤੋਂ ਭਟਕ ਜਾਂਦਾ ਹੈ, ਜੇਕਰ ਰਿਸ਼ਤਿਆਂ ਦੀ ਗੱਲ ਕਰੀਏ ਇਸ ਲਈ ਦੁਨਿਆਵੀ ਰਿਸ਼ਤਿਆਂ ਦੀ ਖਿੱਚੋਤਾਣ ਵਿੱਚ ਇੱਕ ਵਿਅਕਤੀ ਆਪਣੇ ਆਪ ਨੂੰ ਇੱਕ ਅਜਿਹੇ ਚੱਕਰਵਿਊ ਵਿੱਚ ਫਸਾ ਲੈਂਦਾ ਹੈ ਜਿਸ ਵਿੱਚ ਅਭਿਮਨਯੂ ਵਾਂਗ ਉਹ ਚੱਕਰਵਿਊ ਦੇ ਅੰਦਰ ਜਾਣਾ ਤਾਂ ਜਾਣਦਾ ਹੈ ਪਰ ਬਾਹਰ ਨਿਕਲਣਾ ਨਹੀਂ ਜਾਣਦਾ। ਇਸ ਲਈ ਮਹਾਂਪੁਰਸ਼ਾਂ ਨੇ ਸਾਨੂੰ ਪਰਮਾਤਮਾ ਨਾਲ ਪਿਆਰ ਕਰਨ ਦੀ ਗੱਲ ਕਹੀ ਹੈ ਜੋ ਸਦਾ ਲਈ ਸਾਡੇ ਨਾਲ ਰਹਿਣ ਵਾਲਾ ਹੈ। ਉਹਨਾਂ ਕਿਹਾ ਕਿ ਸਾਡੇ ਮਹਾਂਪੁਰਸ਼ਾਂ ਨੇ ਕਿਹਾ ਹੈ ਕਿ ਸਾਨੂੰ ਆਪਣਾ ਰਿਸ਼ਤਾ ਦੁਨੀਆਂ ਦੀ ਬਜਾਏ ਪ੍ਰਮਾਤਮਾ ਨਾਲ ਜੋੜਨਾ ਚਾਹੀਦਾ ਹੈ ਕਿਉਂਕਿ ਪਰਮਾਤਮਾ ਨਾਲ ਭਗਤ ਦਾ ਰਿਸ਼ਤਾ ਨਿਰਸਵਾਰਥ ਹੁੰਦਾ ਹੈ, ਜਿਸ ਨਾਲ ਉਹ ਸੰਸਾਰ ਤੇ ਅਧਿਆਤਮਕ ਦੋਵਾਂ ਰਾਹਾਂ ਤੇ ਲਾਭ ਪ੍ਰਾਪਤ ਕਰਦਾ ਹੈ।

# ਪੰਜਾਬ ਚੋਣਾਂ 'ਚ ਲੋਕਾਂ ਨੇ 'ਆਪ' ਪ੍ਰਤੀ ਵਿਸ਼ਵਾਸ ਜਤਾਇਆ: ਦਲਵੀਰ ਸਿੰਘ ਰਾਣਾ 'ਆਪ' ਆਗੂ

**ਗੜ੍ਹਸ਼ੰਕਰ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਬੀਤੇ ਦਿਨ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਜਿੱਤ ਦਾ ਝੰਡਾ ਲਹਿਰਾਇਆ ਹੈ, ਜਿਸ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਧਾਈ ਦੇ ਹੱਕਦਾਰ ਹਨ।

ਇਸ ਮੌਕੇ 'ਆਪ' ਦੇ ਬੀਤ ਇਲਾਕੇ ਦੇ ਆਗੂ ਦਲਵੀਰ ਰਾਣਾ ਹਰਮਾ ਨੇ ਸਾਡੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਚੱਬੇਵਾਲ ਵਿਧਾਨ ਸਭਾ ਹਲਕੇ ਦੇ ਨਾਲ-ਨਾਲ ਪੰਜਾਬ ਦੀਆਂ ਤਿੰਨ ਸੀਟਾਂ 'ਤੇ ਪਾਰਟੀ ਨੇ ਰਿਕਾਰਡ ਤੋੜ ਜਿੱਤ ਪ੍ਰਾਪਤ ਕੀਤੀ ਹੈ, ਜਿਸ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਧਾਈ ਦੇ ਹੱਕਦਾਰ ਹਨ ਕਿਉਂਕਿ ਉਹਨਾਂ ਜੋ ਵੀ ਪੰਜਾਬ ਦੇ ਲੋਕਾਂ ਨਾਲ ਉਨ੍ਹਾਂ ਨੇ ਵਾਅਦੇ ਕੀਤੇ ਸਨ ਉਹ ਪੂਰੇ ਕੀਤੇ ਜਾ ਰਹੇ ਹਨ। ਦਲਵੀਰ ਰਾਣਾ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਵਿੱਚ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਦਿਨ ਰਾਤ ਲੋਕਾਂ ਨੂੰ ਮਿਲ ਕੇ ਵਿਕਾਸ ਕਾਰਜਾਂ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਕੰਮ ਕਰ ਰਹੀ ਹੈ, ਉਸ ਨਾਲ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਵਿੱਚ ਮੁੜ 'ਆਪ' ਦੀ ਸਰਕਾਰ ਬਣੇਗੀ ਅਤੇ ਗੜ੍ਹਸ਼ੰਕਰ ਤੋਂ ਜੈ ਕ੍ਰਿਸ਼ਨ ਸਿੰਘ ਰੌੜੀ ਤੀਜੀ ਵਾਰ ਵਿਧਾਨ ਸਭਾ ਦੀ ਚੋਣ ਜਿੱਤ ਕੇ ਵਿਧਾਨਸਭਾ ਵਿੱਚ ਪਹੁੰਚਣਗੇ॥

# 72 ਘੰਟੇ ਦੇ ਅਖੰਡ ਮਹਾਂ ਸੰਕੀਰਤਨ ਦੀ ਸ਼ੁਰੂਆਤ 28 ਤੋਂ

**ਸ੍ਰੀ ਆਨੰਦਪੁਰ ਸਾਹਿਬ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਹਰੀ ਨਾਮ ਸੰਕੀਰਤਨ ਮੰਡਲੀ ਸ੍ਰੀ ਅਨੰਦਪੁਰ ਸਾਹਿਬ ਵੱਲੋਂ 72 ਘੰਟੇ ਦਾ ਅਖੰਡ ਮਹਾਂ ਸੰਕੀਰਤਨ ਸ੍ਰੀ ਅਨੰਦਪੁਰ ਸਾਹਿਬ ਦੇ ਅਟਾਰੀ ਬਜਾਰ ਵਿੱਚ ਕਰਵਾਇਆ ਜਾ ਰਿਹਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਮਿਤੀ 28 ਨਵੰਬਰ ਦਿਨ ਵੀਰਵਾਰ ਨੂੰ ਅਖੰਡ ਧਵਨੀ ਦੀ ਸ਼ੁਰੂਆਤ ਸਵੇਰੇ 9 ਵਜੇ ਹੋਵੇਗੀ ਜੋ 01 ਦਸੰਬਰ ਤੱਕ ਨਿਰੰਤਰ ਜਾਰੀ ਰਹੇਗੀ। 01ਦਸੰਬਰ ਦਿਨ ਐਤਵਾਰ ਨੂੰ ਸਵੇਰੇ 10 ਵਜੇ ਧਵਨੀ ਨੂੰ ਵਿਸ਼ਰਾਮ ਦਿੱਤਾ ਜਾਵੇਗਾ। ਉਪਰੰਤ ਸਮੂਹਿਕ ਸੰਕੀਰਤਨ ਕੀਤਾ ਜਾਵੇਗਾ ਅਤੇ ਫਿਰ ਆਰਤੀ ਹੋਵੇਗੀ। ਪ੍ਰਬੰਧਕਾਂ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਸ੍ਰੀ ਹਰੀ ਨਾਮ ਸੰਕੀਰਤਨ ਮੰਡਲੀਆਂ ਹੁਸ਼ਿਆਰਪੁਰ, ਸ਼ਾਹਕੋਟ, ਜਗਾਧਰੀ, ਕਪੂਰਥਲਾ ਤੋਂ ਪਧਾਰ ਰਹੀਆਂ ਹਨ।

ਉਹਨਾਂ ਇਲਾਕਾ ਵਾਸੀਆਂ ਨੂੰ ਵੱਡੀ ਗਿਣਤੀ ਵਿੱਚ ਇਸ ਧਾਰਮਿਕ ਸਮਾਗਮ ਵਿੱਚ ਪਹੁੰਚਣ ਦੀ ਬੇਨਤੀ ਕੀਤੀ।

# ਦੁਨਿਆਵੀ ਕੰਮਾਂਕਾਰਾਂ ਦੇ ਨਾਲ-ਨਾਲ ਪ੍ਰਮਾਤਮਾ ਦੀ ਬੰਦਗੀ ਕਰੇ ਮਨੁੱਖ : ਸਵਾਮੀ ਅਕਾਮਾਨੰਦ

**ਸੁਨਾਮ, 27 ਨਵੰਬਰ/-ਰਾਜੂ ਸਿੰਗਲਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਰਾਧੇ ਕ੍ਰਿਸ਼ਨਾ ਧਰਮ ਪ੍ਰਚਾਰ ਕਮੇਟੀ ਐਂਡ ਸੰਕੀਰਤਨ ਮੰਡਲੀ ਵੱਲੋਂ ਕਰਵਾਏ ਜਾ ਰਹੇ ਸ਼੍ਰੀਮਦ ਭਾਗਵਤ ਸਪਤਾਹ ਗਿਆਨ ਯੱਗ ਦੇ ਅੰਤਿਮ ਦਿਨ ਕਥਾ ਵਿਆਸ ਸ਼੍ਰੀ ਸ਼੍ਰੀ 1008 ਸਵਾਮੀ ਅਕਾਮਾਨੰਦ ਜੀ ਦੀ ਅਗਵਾਈ ਹੇਠ ਸ਼ਰਧਾਲੂਆਂ ਵੱਲੋਂ ਸਵੇਰ ਸਮੇਂ ਹਵਨਕੁੰਡ ਵਿੱਚ ਪੂਰਨਾਹੂਤੀ ਪਾਈ ਗਈ ਅਤੇ ਇਲਾਕੇ ਦੀ ਸੁੱਖ-ਸ਼ਾਂਤੀ ਦੀ ਕਾਮਨਾ ਕੀਤੀ ਗਈ। ਇਸ ਸਮੇਂ ਕੈਬਨਿਟ ਮੰਤਰੀ ਪੰਜਾਬ ਅਤੇ ਵਿਧਾਇਕ ਲਹਿਰਾਗਾਗਾ ਐਡਵੋਕੇਟ ਬਰਿੰਦਰ ਗੋਇਲ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਲਗਵਾਈ।

ਇਸ ਉਪਰੰਤ ਕਥਾ ਵਿਆਸ ਸ਼੍ਰੀ ਸ਼੍ਰੀ 1008 ਸਵਾਮੀ ਅਕਾਮਾਨੰਦ ਜੀ ਵੱਲੋਂ ਰਾਧੇ-ਰਾਧੇ ਗੋਬਿੰਦ, ਗੋਬਿੰਦ ਰਾਧੇ ਭਜਨ ਗਾਇਨ ਕਰਦੇ ਹੋਏ ਕਥਾ ਕੀਤੀ ਗਈ। ਸਵਾਮੀ ਜੀ ਨੇ ਕਿਹਾ ਕਿ ਕਥਾ ਸੁਨਣਾ, ਦਾਨ ਕਰਨਾ ਅਤੇ ਕਥਾ ਕਰਵਾਉਣਾ ਇਹ ਸਾਰੇ ਸ਼ੁਭ ਕੰਮ ਹਨ ਪਰ ਸ਼੍ਰੀਮਦ ਭਾਗਵਤ ਕਥਾ ਸੁਨਣ ਨਾਲ ਪਰਮ ਧਾਮ ਦੀ ਪ੍ਰਾਪਤੀ ਹੁੰਦੀ ਹੈ ਅਤੇ ਇਸਦੀ ਪ੍ਰਾਪਤੀ ਵੀ ਪ੍ਰਭਾ ਕ੍ਰਿਪਾ ਤੋਂ ਬਿਨ੍ਹਾਂ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਭਗਵਾਨ ਦੀ ਕ੍ਰਿਪਾ ਜਿਸ ਵਿਅਕਤੀ ਉਪਰ ਹੋ ਜਾਵੇ ਤਾਂ ਉਸ ਵਿਅਕਤੀ ਦਾ ਮਨੁੱਖ ਜਨਮ ਪਾਉਣ ਦਾ ਟੀਚਾ ਪੂਰਾ ਹੋ ਗਿਆ, ਅਸਲ ਵਿੱਚ ਵਿਅਕਤੀ ਨੂੰ ਮਨੁੱਖ ਜਨਮ ਭਗਵਾਨ ਦੀ ਪ੍ਰਾਪਤੀ ਕਰਨ ਲਈ ਹੀ ਮਿਲਿਆ ਹੈ ਅਤੇ ਮਨੁੱਖ ਪ੍ਰਮਾਤਮਾ ਦਾ ਅੰਸ਼ ਹੈ ਪਰੰਤੂ ਇਹ ਜੀਵ ਪ੍ਰਮਾਤਮਾ ਦਾ ਅੰਸ਼ ਹੋਣ ਦੇ ਬਾਵਜੂਦ ਸੰਸਾਰ ਵਿੱਚ ਆ ਕੇ ਅਗਿਆਨਵਸ਼ ਖੁਦ ਨੂੰ ਸੰਸਾਰੀ ਮੰਨ ਲੈਂਦਾ ਹੈ ਪਰ ਮਨੁੱਖ ਨੂੰ ਇਸ ਜਨਮ ਵਿੱਚ ਦੁਨਿਆਵੀ ਕੰਮਾਂਕਾਰਾਂ ਦੇ ਨਾਲ-ਨਾਲ ਪ੍ਰਮਾਤਮਾ ਦੀ ਬੰਦਗੀ ਵੀ ਕਰਨੀ ਚਾਹੀਦੀ ਹੈ।

ਇਸ ਦੌਰਾਨ ਸਵਾਮੀ ਅਕਾਮਾਨੰਦ ਜੀ ਨੇ ਹਾਜ਼ਰ ਸ਼ਰਧਾਲੂਆਂ ਨੂੰ ਕ੍ਰਿਸ਼ਨ-ਸੁਦਾਮਾ ਦਾ ਪ੍ਰਸੰਗ ਵੀ ਸੁਣਾਇਆ ਅਤੇ ਸ਼ਰਧਾਲੂ ਪ੍ਰਸੰਗ ਸੁਣ ਕੇ ਭਾਵ-ਵਿਭੋਰ ਹੋ ਉੱਠੇ। ਕਥਾ ਦੌਰਾਨ ਸਵਾਮੀ ਅਕਾਮਾਨੰਦ ਜੀ ਵੱਲੋਂ ਗਾਏ ਭਜਨ ਕਨ੍ਹਈਆ ਲੇ ਚਲ ਪਰਲੀ ਪਾਰ ਤੇ ਪੂਰਾ ਪੰਡਾਲ ਭਗਤੀਮਈ ਹੋ ਉਠਿਆ। ਇਸ ਦੌਰਾਨ ਸ਼੍ਰੀ ਸ਼੍ਰੀ 1008 ਸਵਾਮੀ ਅਕਾਮਾਨੰਦ ਜੀ ਅਤੇ ਇਕੱਠੇ ਹੋਏ ਸ਼ਰਧਾਲੂਆਂ ਵੱਲੋਂ ਪਵਿੱਤਰ ਆਰਤੀ ਗਾਇਨ ਕਰਦੇ ਹੋਏ ਸ਼੍ਰੀਮਦ ਭਾਗਵਤ ਸਪਤਾਹ ਗਿਆਨ ਯੱਗ ਦਾ ਭੋਗ ਪਾਇਆ ਗਿਆ ਅਤੇ ਸ਼ਰਧਾਲੂਆਂ ਨੂੰ ਸ਼ੁਭ ਆਸ਼ੀਰਵਾਦ ਦਿੱਤਾ ਅਤੇ ਸ਼ਰਧਾਲੂਆਂ ਦੀ ਮੰਗਲ ਕਾਮਨਾ ਕੀਤੀ ਗਈ। ਇਸ ਦੌਰਾਨ ਪ੍ਰਬੰਧਕ ਕਮੇਟੀ ਵੱਲੋਂ ਸਵਾਮੀ ਜੀ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ ਅਤੇ ਪ੍ਰਬੰਧਕ ਕਮੇਟੀ ਵੱਲੋਂ ਕਥਾ ਵਿੱਚ ਪੁੱਜੇ ਸ਼ਰਧਾਲੂਆਂ ਨੂੰ ਵਿਸ਼ਾਲ ਲੰਗਰ ਵਰਤਾਇਆ ਗਿਆ।

ਇਸ ਮੌਕੇ ਕਮੇਟੀ ਪ੍ਰਧਾਨ ਹਰੀਸ਼ ਅਰੋੜਾ, ਬੱਦਰੀ ਕੁਲਾਰ, ਵਿਕਰਮ ਗਰਗ ਵਿੱਕੀ, ਮਾ. ਰਾਜੀਵ ਬਿੰਦਲ, ਯਾਦਵਿੰਦਰ ਨਿਰਮਾਣ, ਟਵਿੰਕਲਜੀਤ, ਸੁਨੀਲ ਗਰਗ, ਡਾ. ਰਾਜ਼ੇਸ਼, ਸੁਰਿੰਦਰ ਸ਼ੇਰੋਂ, ਪਿੰਟੂ ਕੁਲਾਰ, ਜਯੰਤ ਅਰੋੜਾ, ਦਿਵਾਂਸ਼ੂ, ਭੀਸ਼ਮ ਸਿੰਗਲਾ, ਰਾਜੂ ਸਿੰਗਲਾ (ਪੱਤਰਕਾਰ) ਵੀ ਹਾਜ਼ਰ ਸਨ।

# ਵਿਧਾਇਕ ਨੇ ਲਗਭਗ 1 ਕਰੋੜ ਦੀ ਲਾਗਤ ਵਾਲੀ ਇਮਾਰਤ ਦਾ ਰੱਖਿਆ ਨੀਂਹ ਪੱਥਰ



**ਬਰਨਾਲਾ, 27 ਨਵੰਬਰ/ ਰਾਕੇਸ਼ ਗੋਇਲ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਵਿਧਾਨ ਸਭਾ ਹਲਕਾ ਭਦੌੜ ਸ. ਲਾਭ ਸਿੰਘ ਉੱਗੋਕੇ ਵਲੋਂ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੇ ਸਕੂਲਾਂ ਨੂੰ ਨਮੂਨੇ ਦੇ ਸਕੂਲ ਬਣਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਤਹਿਤ ਪਿੰਡ ਮੌੜ ਨਾਭਾ ਵਿਖੇ ਸਕੂਲ ਆਫ ਹੈਪੀਨਸ ਦੀ ਇਮਾਰਤ ਨਾ ਨੀਂਹ ਪੱਥਰ ਰੱਖਿਆ ਗਿਆ।

ਇਸ ਮੌਕੇ ਓਹਨਾ ਕਿਹਾ ਕਿ ਲਗਭਗ 1 ਕਰੋੜ ਦੀ ਲਾਗਤ ਨਾਲ ਇਹ ਇਮਾਰਤ ਤਿਆਰ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਜਿੱਥੇ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਸਕੂਲ ਆਫ ਐਮੀਨੇਂਸ ਬਣਾਏ ਜਾ ਰਹੇ ਹਨ, ਓਥੇ ਪ੍ਰਾਇਮਰੀ ਸਕੂਲਾਂ ਵਿਚ ਸਕੂਲ ਆਫ ਹੈਪੀਨਸ ਤਿਆਰ ਕੀਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਇਹ ਸਕੂਲ ਆਧੁਨਿਕ ਕੰਪਿਊਟਰ ਲੈਬ, ਲਾਇਬ੍ਰੇਰੀ ਸਣੇ ਹੋਰ ਕਈ ਸਹੂਲਤਾਂ ਨਾਲ ਲੈਸ ਹੋਣਗੇ। ਜ਼ਿਲ੍ਹਾ ਸਿੱਖਿਆ ਅਫ਼ਸਰ ਮੈਡਮ ਇੰਦੂ ਸਿਮਕ ਨੇ ਦੱਸਿਆ ਕਿ ਜ਼ਿਲ੍ਹੇ ਦੇ ਚਾਰ ਪ੍ਰਾਇਮਰੀ ਸਕੂਲ 'ਸਕੂਲ ਆਫ ਹੈਪੀਨਸ' ਵਜੋਂ ਵਿਕਸਤ ਹੋਣ ਜਾ ਰਹੇ ਹਨ, ਜਿਨ੍ਹਾਂ ਵਿੱਚ ਮੌੜ ਨਾਭਾ ਸਕੂਲ ਵੀ ਸ਼ਾਮਲ ਹੈ।

# ਸਪਲਾਈ ਚੇਨ ਦੇ ਮੋਨਿਟਾਈਜ਼ੇਸ਼ਨ ਦੇ ਈਕਾਰਟ ਦੇ ਪ੍ਰਯਾਸਾਂ ਨੇ ਪਿਛਲੇ 3 ਸਾਲਾਂ ਵਿੱਚ 8 ਗੁਣਾ ਵਿਕਾਸ ਦਰਜ ਕੀਤਾ




**ਅੰਮ੍ਰਿਤਸਰ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੀਆਂ ਆਗੂ 4ਪੀਐਲ ਕੰਪਨੀਆਂ ਵਿੱਚ ਸ਼ਾਮਲ ਈਕਾਰਟ ਆਪਣੀ ਉੱਨਤ ਤਕਨਾਲੋਜੀ ਅਤੇ ਚਾਲੂ ਸ਼੍ਰੇਸ਼ਠਤਾ ਨਾਲ ਲਾਜਿਸਟਿਕਸ ਸੈਕਟਰ ਵਿੱਚ ਲਗਾਤਾਰ ਬਦਲਾਅ ਲਾ ਰਿਹਾ ਹੈ। ਈਕਾਰਟ ਨੇ ਆਪਣੇ ਸੰਚਾਲਨਾਂ ਨੂੰ ਵਧਾਇਆ ਹੈ ਅਤੇ ਸਪਲਾਈ ਚੇਨ ਨੂੰ ਮੋਨਿਟਾਈਜ਼ ਕਰਨ ਦੇ ਇਸਦੇ ਪ੍ਰਯਾਸਾਂ ਨੇ ਪਿਛਲੇ ਤਿੰਨ ਸਾਲਾਂ ਵਿੱਚ 8 ਗੁਣਾ ਵਿਕਾਸ ਦਰਜ ਕੀਤਾ ਹੈ। ਬ੍ਰਾਂਡ ਅਤੇ ਰੀਟੇਲਰ ਆਪਣੇ ਸਪਲਾਈ ਚੇਨ ਨਾਲ ਸੰਬੰਧਿਤ ਲੋੜਾਂ ਲਈ ਈਕਾਰਟ ਦੀ ਲਾਜਿਸਟਿਕਸ ਸਮਰੱਥਾ ਦਾ ਫਾਇਦਾ ਚੁੱਕਦੇ ਹੋਏ ਗਾਹਕਾਂ ਦੀਆਂ ਮੰਗਾਂ ਨੂੰ ਪੂਰਾ ਕਰ ਰਹੇ ਹਨ। ਰੋਜ਼ਾਨਾ 60 ਲੱਖ ਤੋਂ ਵੱਧ ਸ਼ਿਪਮੈਂਟ ਦੀ ਸਮਰੱਥਾ ਦੇ ਨਾਲ, ਈਕਾਰਟ ਦਾ ਲਾਸਟ-ਮਾਈਲ ਨੈੱਟਵਰਕ ਭਾਰਤ ਦੇ 98 ਫੀਸਦੀ ਪੋਸਟਲ ਕੋਡ ਤੱਕ ਫੈਲਿਆ ਹੋਇਆ ਹੈ। ਇਸ ਨੂੰ 5 ਕਰੋੜ ਕਿਊਬਿਕ ਫੁੱਟ ਤੋਂ ਵੱਧ ਦੇ ਵੇਅਰਹਾਊਸਿੰਗ ਅਤੇ 7,000 ਟਰੱਕਾਂ ਦੇ ਬੇੜੇ ਦੀ ਤਾਕਤ ਮਿਲਦੀ ਹੈ। ਇਹ ਸਮਰੱਥਾਵਾਂ ਭਾਰਤ ਵਿੱਚ ਈ-ਕਾਮਰਸ ਬ੍ਰਾਂਡਾਂ ਲਈ ਅਗਲੇ ਦਿਨ ਡਿਲਿਵਰੀ ਵਿੱਚ 30 ਫੀਸਦੀ ਦਾ ਵਾਧਾ ਅਤੇ ਖੇਤਰੀ ਕਵਰੇਜ ਵਿੱਚ 40 ਫੀਸਦੀ ਦਾ ਫੈਲਾਵਾ ਕਰਦੇ ਹਨ। ਈਕਾਰਟ ਨੇ ਹਾਲ ਹੀ ਵਿੱਚ ਈ-ਕਾਮਰਸ ਤੋਂ ਅੱਗੇ ਆਪਣੀਆਂ ਸੇਵਾਵਾਂ ਦਾ ਵਿਸਥਾਰ ਕੀਤਾ ਹੈ। ਕੰਪਨੀ ਨੇ ਬੈਂਕਾਂ ਅਤੇ ਗੈਰ-ਬੈਂਕਿੰਗ ਸਸੰਥਾਵਾਂ ਜਿਵੇਂ ਵਿੱਤੀ ਸੰਸਥਾਵਾਂ ਲਈ ਡੌਕਯੂਮੈਂਟ ਡਿਲੀਵਰੀ ਹੱਲਾਂ ਦੀ ਪੇਸ਼ਕਸ਼ ਕੀਤੀ ਹੈ। ਈਕਾਰਟ ਦੇ ਚੀਫ ਬਿਜ਼ਨਸ ਅਫ਼ਸਰ ਮਣੀ ਭੂਸ਼ਣ ਨੇ ਕਿਹਾ ਕਿ ਸਾਡੀ ਵਿਕਾਸ ਦੀ ਕਹਾਣੀ ਸਿਰਫ਼ ਅੰਕੜਿਆਂ ਤੱਕ ਸੀਮਿਤ ਨਹੀਂ ਹੈ, ਬਲਕਿ ਇਹ ਉਸ ਮੁੱਲ ਨਾਲ ਵੀ ਸੰਬੰਧਿਤ ਹੈ ਜੋ ਅਸੀਂ ਬ੍ਰਾਂਡਾਂ ਅਤੇ ਆਪਣੇ ਗ੍ਰਾਹਕਾਂ ਲਈ ਰਚਦੇ ਹਾਂ। ਈਕਾਰਟ ਦੀਆਂ ਯੋਗਤਾਵਾਂ ਭਾਰਤ ਦੇ ਲਾਜਿਸਟਿਕਸ ਉਦਯੋਗ ਵਿੱਚ ਵੱਡੀਆਂ ਸੰਭਾਵਨਾਵਾਂ ਨੂੰ ਦਰਸਾਉਂਦੀਆਂ ਹਨ ਅਤੇ ਸਾਨੂੰ ਇਸ ਉਦਯੋਗ ਦੇ ਵਿਕਾਸ ਵਿੱਚ ਯੋਗਦਾਨ ਦੇਣ 'ਤੇ ਮਾਣ ਹੈ।

# .ਫਾਰ.ਗ ਕੀਤੇ ਵਰਕਰ ਸਿਹਤ ਮੰਤਰੀ ਦੀ ਨਿੱਜੀ ਰਿਹਾਇਸ਼ ਦਾ ਘਿਰਾਓ ਕਰਨਗੇ

**ਪਟਿਆਲਾ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲਗਾਤਾਰ ਛੇਵੇਂ ਦਿਨ ਵੀ ਸ੍ਰੀ ਰਾਜੇਸ਼ ਕੁਮਾਰ ਗੋਲੂ ਪ੍ਰਧਾਨ ਦੀ ਕਲਾਸ ਫੌਰਥ ਗੌ. ਇੰਪ. ਯੂਨੀਅਨ ਸਬ ਬ੍ਰਾਂਚ ਰਾਜਿੰਦਰਾ ਹਸਪਤਾਲ ਦੀ ਅਗਵਾਈ ਹੇਠ ਮਲਟੀ ਟਾਸਕ ਵਰਕਰਾਂ ਨੂੰ ਨਜਾਇਜ਼ ਤਰੀਕੇ ਨਾਲ਼ ਫ਼ਾਰਗ਼ ਕਰਨ ਦੇ ਵਿਰੋਧ ਵਿਚ ਰੋਸ ਵਜੋਂ ਸੰਘਰਸ਼ ਹੈ, ਬੁਲਾਰਿਆਂ ਨੇ ਕਿਹਾ ਕਿ ਇਹਨਾਂ ਗ਼ਰੀਬ ਤੇ ਦਲਿੱਤ ਲੋਕਾਂ ਨਾਲ਼ ਬੇ-ਇਨਸਾਫੀ ਹੋ ਰਹੀ ਹੈ,ਇਨ੍ਹਾਂ ਛੇ ਸਾਲਾਂ ਦੀਆਂ ਸੇਵਾਵਾਂ ਨੂੰ ਅਣਗੌਲਿਆਂ ਕਰਕੇ ਨਵੇਂ ਵਰਕਰ ਭਰਤੀ ਕੀਤੇ ਜਾ ਰਹੇ ਹਨ।




ਸ੍ਰੀ ਰਾਜੇਸ਼ ਕੁਮਾਰ ਗੋਲੂ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੇ ਛੇ ਦਿਨਾਂ ਤੋਂ ਵਰਕਰ ਸੰਘਰਸ਼ ਕਰ ਰਹੇ ਹਨ ਕੋਈ ਅਧਿਕਾਰੀ ਸਾਡੀ ਗੱਲ ਸੁਣਨ ਨੂੰ ਤਿਆਰ ਨਹੀਂ ਇਸ ਲਈ ਭਰਾਤਰੀ ਜਥੇਬੰਦੀਆਂ ਨੂੰ ਨਾਲ ਲੈ ਕੇ,ਜਿਸ ਵਿਚ ਕੱਚੇ, ਪੱਕੇ, ਕਲਾਸ ਫੌਰਥ ਅਤੇ ਟੈਕਨੀਕਲ ਕਰਮਚਾਰੀ ਅਤੇ ਜ਼ਿਲੇ ਦੇ ਵੱਖ ਵੱਖ ਵਿਭਾਗਾਂ ਤੋਂ ਆਗੂ ਸ਼ਾਮਲ ਹੋ ਕੇ ਡਾਕਟਰ ਬਲਬੀਰ ਸਿੰਘ ਸਿਹਤ ਮੰਤਰੀ ਪੰਜਾਬ ਦੀ ਪਟਿਆਲਾ ਰਿਹਾਇਸ਼ ਦੇ ਸਾਹਮਣੇ ਲਗਾਤਾਰ ਧਰਨਾ ਦਿੱਤਾ ਜਾਵੇਗਾ, ਇਸ ਸੰਘਰਸ਼ ਦੌਰਾਨ ਹੋਣ ਵਾਲੇ ਵਾਧੇ ਘਾਟੇ ਦੀ ਸਾਰੀ ਜ਼ਿੰਮੇਵਾਰੀ ਹਸਪਤਾਲ ਅਤੇ ਮੈਡੀਕਲ ਕਾਲਜ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਦੀ ਹੋਵੇਗੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਥੀ ਸਵਰਨ ਸਿੰਘ ਬੰਗਾ ਜ਼ਿਲ੍ਹਾ ਪ੍ਰਧਾਨ, ਚੇਅਰਮੈਨ ਰਾਮ ਕ੍ਰਿਸ਼ਨ, ਸੀਨ. ਮੀਤ ਪ੍ਰਧਾਨ ਅਜੇ ਕੁਮਾਰ ਸੀਪਾ ਆਦਿ ਹਾਜ਼ਰ ਸਨ।

# ਸੀਟੀ ਯੂਨੀਵਰਸਿਟੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ 555ਵਾਂ ਪ੍ਰਕਾਸ਼ ਪੁਰਬ 3 ਦਿਨਾਂ ਦੇ ਅਖੰਡ ਪਾਠ ਨਾਲ ਮਨਾਇਆ




**ਲੁਧਿਆਣਾ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਟੀ ਯੂਨੀਵਰਸਿਟੀ ਨੇ ਹਾਲ ਹੀ ਵਿੱਚ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਦੀ ਯਾਦ ਵਿੱਚ ਤਿੰਨ ਰੋਜ਼ਾ ਸਮਾਗਮ ਮਨਾਇਆ। ਫੈਕਲਟੀ ਅਤੇ ਵਿਦਿਆਰਥੀਆਂ ਦੁਆਰਾ ਆਯੋਜਿਤ ਇਸ ਸਮਾਗਮ ਦਾ ਉਦੇਸ਼ ਪਹਿਲੇ ਸਿੱਖ ਗੁਰੂ, ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਅਤੇ ਵਿਰਾਸਤ ਦਾ ਸਨਮਾਨ ਕਰਨਾ ਸੀ। ਸਮਾਗਮ ਦੀ ਸ਼ੁਰੂਆਤ ਇਕ ਸ਼ਾਨਦਾਰ ਨਗਰ ਕੀਰਤਨ ਨਾਲ ਹੋਈ, ਜੋ ਗੁਰਦੁਆਰਾ ਸਾਹਿਬ ਤੋਂ ਯੂਨੀਵਰਸਿਟੀ ਕੈਂਪਸ ਤੱਕ ਸਮਾਪਤ ਪਹੁੰਚਿਆ। ਅਸਥਾਨ 'ਤੇ ਪਹੁੰਚਣ 'ਤੇ, ਤਿੰਨ ਦਿਨਾਂ ਦੀ ਅਧਿਆਤਮਿਕ ਯਾਤਰਾ ਦੀ ਸ਼ੁਰੂਆਤ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਸ਼ੁਰੂ ਕੀਤਾ ਗਿਆ। ਤਿੰਨ ਦਿਨਾਂ ਦੌਰਾਨ, ਯੂਨੀਵਰਸਿਟੀ ਕੈਂਪਸ ਭਗਤੀ ਗਤੀਵਿਧੀਆਂ ਅਤੇ ਸਮਾਜ ਸੇਵਾ ਦੇ ਕੇਂਦਰ ਵਿੱਚ ਬਦਲ ਗਿਆ। ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ ਵੱਖ-ਵੱਖ ਪ੍ਰੋਗਰਾਮਾਂ ਵਿੱਚ ਸਰਗਰਮੀ ਨਾਲ ਹਿੱਸਾ ਲਿਆ ਜਿਸ ਵਿੱਚ ਗੁਰਬਾਣੀ ਦੇ ਪਾਠ, ਰੂਹਾਨੀ ਕੀਰਤਨ ਪ੍ਰਦਰਸ਼ਨ ਅਤੇ ਗੁਰੂ ਨਾਨਕ ਦੇਵ ਜੀ ਦੀਆਂ ਜੀਵਨੀਆਂ ਸ਼ਾਮਲ ਸਨ। ਯੂਨੀਵਰਸਿਟੀ ਨੇ ਸਾਰੇ ਹਾਜ਼ਰੀਨ ਦੀ ਤੰਦਰੁਸਤੀ ਲਈ ਲੰਗਰ ਸੇਵਾ ਪ੍ਰਦਾਨ ਕੀਤਾ।

ਚੇਅਰਮੈਨ ਸ. ਚਰਨਜੀਤ ਸਿੰਘ ਚੰਨੀ, ਪ੍ਰੋ ਚਾਂਸਲਰ ਡਾ. ਮਨਬੀਰ ਸਿੰਘ, ਵਾਈਸ ਚਾਂਸਲਰ ਡਾ.ਅਭਿਸ਼ੇਕ ਤ੍ਰਿਪਾਠੀ, ਪ੍ਰੋ. ਵਾਈਸ ਚਾਂਸਲਰ ਡਾ. ਨਿਤਿਨ ਟੰਡਨ, ਡੀਨ ਅਕਾਦਮਿਕ ਡਾ. ਸਿਮਰਨਜੀਤ ਕੌਰ ਗਿੱਲ, ਰਜਿਸਟਰਾਰ ਸੰਜੇ ਖੰਡੂਰੀ, ਡਾਇਰੈਕਟਰ ਵਿਦਿਆਰਥੀ ਭਲਾਈ ਦਵਿੰਦਰ ਸਿੰਘ ਸਮੇਤ ਫੈਕਲਟੀ ਅਤੇ ਵਿਦਿਆਰਥੀ ਆਸ਼ੀਰਵਾਦ ਲੈਣ ਲਈ ਇਕੱਠੇ ਹੋਏ।

# ਨਵ ਵਿਆਹੁਤਾ ਜੋੜਿਆਂ ਨੂੰ ਅਸੀਰਵਾਦ ਦੇਣ ਲਈ ਵਿਧਾਇਕ ਜੌੜਾਮਾਜਰਾ ਪੁੱਜੇ





**ਸਮਾਣਾ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸ਼ੰਕਰ ਯੂਥ ਸੇਵਾ ਦਲ ਸਮਾਣਾ ਵੱਲੋਂ ਸਥਾਨਕ ਸੱਚਾ ਮਹਾਕਲੇਸਵਰ ਮੰਦਿਰ ਵਿਖੇ ਪ੍ਰਧਾਨ ਰਮਨ ਮਹਿੰਦਰਾ ਦੀ ਅਗਵਾਈ ਵਿੱਚ ਇਲਾਕੇ ਦੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਲੋੜਵੰਦ ਪਰਿਵਾਰਾਂ ਦੀਆਂ 2 ਲੜਕੀਆਂ ਦੇ ਸਮੂਹਿਕ ਵਿਆਹ ਕਰਵਾਏ ਗਏ। ਇਸ ਮੌਕੇ ਮੁੱਖ ਮਹਿਮਾਨ ਵਜੋਂ ਹਲਕਾ ਸਮਾਣਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ, ਅਗਰਵਾਲ ਧਰਮਸਾਲਾ ਪ੍ਰਧਾਨ ਮਦਨ ਮਿੱਤਲ, ਨੈਣਾਂ ਆਰੀਆ ਧਰਮਸਾਲਾ ਦੇ ਪ੍ਰਧਾਨ ਯਸ਼ਪਾਲ ਸਿੰਗਲਾ,ਵੇਦ ਪ੍ਰਕਾਸ ਕਾਂਸਲ,ਡਾ ਪ੍ਰੇਮ ਪਾਲ,ਡਾ ਰਾਜੇਸ ਗੋਇਲ ਲੱਕੀ, ਲਵ ਗੋਇਲ ਲਵਲੀ, ਪ੍ਰਦੀਪ ਗੋਇਲ ਮਿਕਾ, ਸੁਨੈਨਾ ਮਿੱਤਲ, ਗੋਪਾਲ ਕ੍ਰਿਸਨ ਗਰਗ, ਹੇਮੰਤ ਸੰਧੂ, ਧਰਮਪਾਲ ਨਾਹਰ, ਸੰਜੇ ਮੰਤਰੀ, ਪਵਨ ਸਾਸਤਰੀ, ਸੰਜੇ ਸਾਹਨੀ, ਸ੍ਰੀ ਮਤੀ ਸੁਸਮਾ ਗਰਗ ਅਤੇ ਸਤੀ ਮੰਦਿਰ ਮਹਿਲਾ ਸੰਕੀਰਤਨ ਮੰਡਲੀ, ਲੱਕੀ ਵਰਮਾ, ਅਮਿਤ ਧੀਮਾਨ, ਰਿੰਕੂ ਚੌਪੜਾ, ਮਨਜੀਤ ਸਿੰਘ ਦੇ ਈ, ਪ੍ਰਦੀਪ ਕੁਮਾਰ, ਬਿੱਟੂ ਧੀਮਾਨ ਆਦਿ ਸਖਸੀਅਤਾਂ ਨੇ ਵਿਸ਼ੇਸ਼ ਤੌਰ ਤੇ ਹਾਜਰੀ ਭਰੀ ਅਤੇ ਨਵ-ਵਿਆਹੁਤਾ ਜੋੜਿਆਂ ਨੂੰ ਆਪਣਾ ਆਸ਼ੀਰਵਾਦ ਪ੍ਰਦਾਨ ਕਰਦੀਆਂ ਉਨ੍ਹਾਂ ਨੂੰ ਜ਼ਿੰਦਗੀ ਦੇ ਨਵੇਂ ਪੜਾਅ ਲਈ ਆਪਣੀਆਂ ਸ਼ੁਭਕਾਮਨਾਵਾਂ ਵੀ ਦਿੱਤੀਆਂ। ਇਸ ਮੌਕੇ ਤੇ ਬੋਲਦਿਆਂ ਸ. ਜੌੜਾਮਾਜਰਾ ਨੇ ਸ਼ਿਵ ਸੰਕਰ ਸੇਵਾ ਦਲ ਵੱਲੋਂ ਕੀਤੇ ਜਾ ਰਹੇ ਸਮਾਜਿਕ ਅਤੇ ਧਾਰਮਿਕ ਕਾਰਜਾਂ ਦੀ ਖੁੱਲ੍ਹ ਕੇ ਸ਼ਲਾਘਾ ਕੀਤੀ। ਇਸ ਮੌਕੇ ਮੰਚ ਸੰਚਾਲਨ ਦੀ ਜਿੰਮੇਵਾਰੀ ਸੰਜੇ ਮੰਤਰੀ ਵਲੋਂ ਬਾਖੂਬੀ ਨਿਭਾਈ ਗਈ।

ਇਸ ਮੌਕੇ ਪ੍ਰਧਾਨ ਰਮਨ ਮਹਿੰਦਰਾ, ਮੈਂਬਰ ਕਮਲ ਸ਼ਰਮਾ, ਹੈਪੀ ਸ਼ਰਮਾ, ਰਵੀ ਗਰਗ ਟੀਮਾ, ਰਣਜੀਤ ਰਾਣਾ, ਹਰਜਿੰਦਰ ਸਿੰਘ ਜਵੰਦਾ, ਸ਼ਨੀ ਥਰੇਜਾ, ਰਾਹੁਲ ਗਰਗ ਰੋਕੀ, ਸ਼ਨੀ ਪੋਪਲੀ, ਮਨੀ ਸ਼ਰਮਾ, ਲਲਿਤ ਕੁਮਾਰ, ਕਰਨ ਬਜਾਜ, ਮਨੋਜ ਰਹੇਜਾ, ਸਾਹਿਲ ਭਟਨਾਗਰ, ਸਾਗਰ ਕੁਮਾਰ, ਅਮਿਤ ਕੁਮਾਰ, ਮੋਹਨ ਲਾਲ, ਆਸੂ ਸਮਾਣਾ, ਸੰਦੀਪ ਧੀਮਾਨ, ਰਿਕੂ ਸ਼ਰਮਾ, ਰਜਿੰਦਰ ਬਜਾਜ, ਅਸੂਲ ਜੋ ਸਿੰਘ, ਅਜੇ ਵੋਹਰਾ, ਦੀਪਕ ਗਰਗ, ਮਾਧਵ, ਅਤੇ ਵਿਕਾਸ ਕੁਮਾਰ ਆਦਿ ਵੀ ਮੌਜੂਦ ਰਹੇ।

# 'ਨਸ਼ਾ ਮੁਕਤ ਭਾਰਤ' ਵਿਸ਼ੇ 'ਤੇ ਇੱਕ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ



**ਲੁਧਿਆਣਾ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਲਵਾ ਸੈਂਟਰਲ ਕਾਲਜ ਆਫ਼ ਐਜੂਕੇਸ਼ਨ ਫਾਰ ਵੂਮੈਨ ਦੀ ਐਨਐਸਐਸ ਯੂਨਿਟ ਨੇ ਇੱਕ ਘੋਸ਼ਣਾ ਮੁਕਾਬਲਾ ਅਤੇ ਨਸ਼ਾ ਮੁਕਤ ਭਾਰਤ' ਵਿਸ਼ੇ 'ਤੇ ਇੱਕ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ। ਘੋਸ਼ਣਾ ਮੁਕਾਬਲੇ ਵਿੱਚ, ਭਾਗੀਦਾਰਾਂ ਨੇ ਪ੍ਰਭਾਵਸ਼ਾਲੀ ਭਾਸ਼ਣ ਦਿੱਤੇ। ਪੋਸਟਰ ਮੇਕਿੰਗ ਮੁਕਾਬਲੇ ਵਿੱਚ ਥੀਮ ਨੂੰ ਉਤਸ਼ਾਹਿਤ ਕਰਨ ਵਾਲੀਆਂ ਰਚਨਾਤਮਕ ਅਤੇ ਸੋਚ-ਪ੍ਰੇਰਕ ਕਲਾਵਾਂ ਦਾ ਪ੍ਰਦਰਸ਼ਨ ਕੀਤਾ ਗਿਆ। ਐਨਐਸਐਸ ਪ੍ਰੋਗਰਾਮ ਅਫਸਰਾਂ ਡਾ. ਮਨਦੀਪ ਕੌਰ, ਡਾ. ਰੇਖਾ ਅਤੇ ਡਾ. ਸੁਖਵਿੰਦਰ ਸਿੰਘ ਦੁਆਰਾ ਸੰਚਾਲਿਤ ਦੋਨੋਂ ਈਵੈਂਟਾਂ ਨੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਨਾਲ ਲੜਨ ਦੀ ਮਹੱਤਤਾ ਬਾਰੇ ਸਫਲਤਾਪੂਰਵਕ ਜਾਗਰੂਕਤਾ ਪੈਦਾ ਕੀਤੀ ਅਤੇ ਪ੍ਰਿੰਸੀਪਲ ਡਾ.ਸਤਵੰਤ ਕੌਰ, ਭਾਗੀਦਾਰਾਂ ਅਤੇ ਸਰੋਤਿਆਂ ਵੱਲੋਂ ਉਹਨਾਂ ਦੀ ਸ਼ਲਾਘਾ ਕੀਤੀ ਗਈ।

ਇਸ ਮਹੱਤਵਪੂਰਨ ਸਮਾਜਿਕ ਕਾਰਜ ਨੂੰ ਅੱਗੇ ਵਧਾਉਣ ਲਈ ਐਨਐਸਐਸ ਯੂਨਿਟ ਦੇ ਯਤਨ ਸ਼ਲਾਘਾਯੋਗ ਸਨ।

# ਜਿਮਨੀ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਦੀ ਸ਼ਾਨਦਾਰ ਜਿੱਤ ਭਗਵੰਤ ਮਾਨ ਸਰਕਾਰ ਵੱਲੋਂ ਲੋਕ ਹਿੱਤ ਵਿੱਚ ਕੀਤੇ ਕੰਮਾਂ ਉੱਪਰ ਮੋਹਰ: ਰਾਜੀਵ ਕੁਮਾਰ ਲਵਲੀ

**ਲੁਧਿਆਣਾ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਵਿਧਾਨ ਸਭਾ ਦੀਆਂ ਜਿਮਨੀ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਦਿੱਤੇ ਫਤਵੇ ਲਈ ਸੂਬੇ ਦੇ ਲੋਕਾਂ ਦਾ ਧੰਨਵਾਦ ਪ੍ਰਗਟਾਉਂਦੇ ਹੋਏ, ਪਾਰਟੀ ਦੇ ਸੀਨੀਅਰ ਆਗੂ ਅਤੇ ਪ੍ਰੋਫੈਸਰ ਮਨਮੋਹਨ ਸਿੰਘ ਮਮੋਰੀਅਲ ਫਾਊਂਡੇਸ਼ਨ ਦੇ ਪ੍ਰਧਾਨ ਰਾਜੀਵ ਕੁਮਾਰ ਲਵਲੀ ਨੇ ਕਿਹਾ ਹੈ ਕਿ ਇਹ ਜਿੱਤ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਯੋਗ ਅਗਵਾਈ ਹੇਠ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਲੋਕ ਹਿੱਤ ਵਿੱਚ ਕੀਤੇ ਜਾ ਰਹੇ ਕੰਮਾਂ ਉੱਪਰ ਮੋਹਰ ਲਗਾਉਂਦੀ ਹੈ। ਜਿਸ ਲਈ ਅਰਵਿੰਦ ਕੇਜਰੀਵਾਲ ਤੇ ਭਗਵੰਤ ਮਾਨ ਸਣੇ ਪਾਰਟੀ ਦੇ ਕੌਮੀ ਜਨਰਲ ਸਕੱਤਰ ਅਤੇ ਰਾਜ ਸਭਾ ਮੈਂਬਰ ਸੰਦੀਪ ਪਾਠਕ, ਸੂਬਾ ਪ੍ਰਧਾਨ ਅਮਨ ਅਰੋੜਾ ਤੇ ਸਮੁੱਚੀ ਅਗਵਾਈ ਵਧਾਈ ਦੇ ਪਾਤਰ ਹਨ।

ਇੱਥੇ ਜਾਰੀ ਇੱਕ ਬਿਆਨ ਵਿੱਚ, ਲਵਲੀ ਨੇ ਕਿਹਾ ਕਿ ਪਾਰਟੀ ਨੇ ਚਾਰ ਵਿਧਾਨ ਸਭਾ ਸੀਟਾਂ ਵਿੱਚੋਂ ਤਿੰਨ ਤੇ ਸ਼ਾਨਦਾਰ ਜਿੱਤ ਦਰਜ ਕੀਤੀ ਹੈ, ਲਵਲੀ ਨੇ ਕਿਹਾ ਕਿ ਪਾਰਟੀ ਦੇ ਵਲੰਟੀਅਰਾਂ ਅਤੇ ਆਗੂਆਂ ਨੇ ਬਹੁਤ ਮਿਹਨਤ ਕੀਤੀ ਹੈ। ਇਸ ਤੋਂ ਇਲਾਵਾ, ਲੋਕਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਿਹਤ, ਸਿੱਖਿਆ ਸਣੇ ਵੱਖ ਵੱਖ ਖੇਤਰਾਂ ਵਿੱਚ ਕੀਤੇ ਗਏ ਆਪਣਾ ਭਰੋਸਾ ਪ੍ਰਗਟਾਇਆ ਹੈ।

ਲਵਲੀ ਨੇ ਕਿਹਾ ਕਿ ਆਉਂਦੀਆਂ ਨਗਰ ਨਿਗਮ ਚੋਣਾਂ ਦੌਰਾਨ ਵੀ ਪਾਰਟੀ ਆਪਣੇ ਸ਼ਾਨਦਾਰ ਪ੍ਰਦਰਸ਼ਨ ਨੂੰ ਦੁਹਰਾਏਗੀ ਅਤੇ ਪਾਰਟੀ ਦੇ ਮੇਅਰ ਬਣਨਗੇ।

# ਰਾਸ਼ਟਰਪਤੀ ਮੁਰਮੂ ਨੇ ਯਾਦਗਾਰੀ ਸਿੱਕਾ ਤੇ ਟਿਕਟ ਜਾਰੀ; 'ਸਾਡਾ ਸੰਵਿਧਾਨ ਇਕ ਜ਼ਿੰਦਾ-ਜਾਗਦਾ ਦਸਤਾਵੇਜ਼'

## ਸੰਵਿਧਾਨ ਰਾਹੀਂ ਅਸੀਂ ਸਮਾਜਿਕ ਨਿਆਂ ਅਤੇ ਸਰਬ-ਸਾਂਝੇ ਵਿਕਾਸ ਦੇ ਟੀਚੇ ਹਾਸਲ ਕੀਤੇ: ਮੁਰਮੂ



**ਨਵੀਂ ਦਿੱਲੀ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਮੰਗਲਵਾਰ ਨੂੰ ਭਾਰਤ ਦੇ ਸੰਵਿਧਾਨ ਨੂੰ ਅਪਣਾਏ ਜਾਣ ਦੀ 75ਵੀਂ ਵਰ੍ਹੇਗੰਢ ਦੇ ਮੱਦੇਨਜ਼ਰ ਸੰਸਦ ਦੇ ਸੰਵਿਧਾਨ ਸਦਨ ਵਿਖੇ ਮਨਾਏ ਗਏ 'ਸੰਵਿਧਾਨ ਦਿਵਸ' ਸਮਾਰੋਹ ਦੇ ਮੌਕੇ ਇੱਕ ਯਾਦਗਾਰੀ ਸਿੱਕਾ ਅਤੇ ਡਾਕ ਟਿਕਟ ਜਾਰੀ ਕੀਤੀ। ਸੰਵਿਧਾਨ ਦਿਵਸ 'ਤੇ ਸੰਸਦ ਦੇ ਦੋਵਾਂ ਸਦਨਾਂ ਦੀ ਸਾਂਝੀ ਬੈਠਕ ਨੂੰ ਸੰਬੋਧਨ ਕਰਦਿਆਂ ਰਾਸ਼ਟਰਪਤੀ ਮੁਰਮੂ ਨੇ ਕਿਹਾ ਕਿ ਭਾਰਤੀ ਸੰਵਿਧਾਨ ਇਕ ਜ਼ਿੰਦਾ-ਜਾਗਦਾ ਅਤੇ ਪ੍ਰਗਤੀਸ਼ੀਲ ਦਸਤਾਵੇਜ਼ ਹੈ।

ਰਾਸ਼ਟਰਪਤੀ ਨੇ ਕਿਹਾ, ਸਾਡਾ ਸੰਵਿਧਾਨ ਇੱਕ ਜ਼ਿੰਦਾ-ਜਾਗਦਾ ਅਤੇ ਪ੍ਰਗਤੀਸ਼ੀਲ ਦਸਤਾਵੇਜ਼ ਹੈ। ਆਪਣੇ ਇਸ ਸੰਵਿਧਾਨ ਰਾਹੀਂ ਅਸੀਂ ਸਮਾਜਿਕ ਨਿਆਂ ਅਤੇ ਸਰਬ-ਸਾਂਝੇ ਵਿਕਾਸ ਦੇ ਟੀਚਿਆਂ ਨੂੰ ਪ੍ਰਾਪਤ ਕੀਤਾ ਹੈ।'' ਰਾਸ਼ਟਰਪਤੀ ਮੁਰਮੂ ਨੇ ਇਸ ਮੌਕੇ ਭਾਰਤੀ ਸੰਵਿਧਾਨ ਨਾਲ ਸਬੰਧਤ ਦੋ ਕਿਤਾਬਾਂ ਵੀ ਰਿਲੀਜ਼ ਕੀਤੀਆਂ।

ਲੋਕ ਸਭਾ ਸਪੀਕਰ ਓਮ ਬਿਰਲਾ ਨੇ ਸੰਵਿਧਾਨ ਦਿਵਸ ਮਨਾ ਰਹੇ ਕਰੋੜਾਂ ਭਾਰਤੀਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਕਿਹਾ ਕਿ ਸੰਵਿਧਾਨ ਸਾਡੇ ਲੋਕਾਂ ਦੀ ਸਾਲਾਂ ਦੀ ਤਪੱਸਿਆ, ਕੁਰਬਾਨੀ, ਲਿਆਕਤ, ਤਾਕਤ ਅਤੇ ਯੋਗਤਾ ਦਾ ਸਿੱਟਾ ਹੈ। ਬਿਰਲਾ ਨੇ ਕਿਹਾ, ਮੈਂ ਅੱਜ ਸੰਵਿਧਾਨ ਦਿਵਸ ਮਨਾ ਰਹੇ ਕਰੋੜਾਂ ਭਾਰਤੀਆਂ ਨੂੰ ਵਧਾਈ ਦਿੰਦਾ ਹਾਂ। ਅੱਜ ਤੋਂ 75 ਸਾਲ ਪਹਿਲਾਂ ਇਸ ਦਿਨ ਸਾਡੇ ਸੰਵਿਧਾਨ ਨੂੰ ਸੰਹਿਤਾਬੱਧ ਕੀਤਾ ਗਿਆ ਸੀ। ਰਾਸ਼ਟਰਪਤੀ ਦੀ ਅਗਵਾਈ ਵਿੱਚ ਅੱਜ ਪੂਰਾ ਦੇਸ਼ ਮਿਲ ਕੇ ਸੰਵਿਧਾਨ ਪ੍ਰਤੀ ਸ਼ੁਕਰਗੁਜ਼ਾਰੀ ਜ਼ਾਹਰ ਕਰ ਰਿਹਾ ਹੈ। ਅੱਜ ਦੇ ਦਿਨ ਕਰੋੜਾਂ ਦੇਸ਼ਵਾਸੀ ਸੰਵਿਧਾਨ ਦੀ ਪ੍ਰਸਤਾਵਨਾ ਦਾ ਪਾਠ ਕਰ ਕੇ ਮੁਲਕ ਨੂੰ ਅਗਾਂਹ ਲਿਜਾਣ ਦਾ ਅਹਿਦ ਕਰਨਗੇ। ਪ੍ਰਧਾਨ ਮੰਤਰੀ ਮੋਦੀ ਦੀ ਪ੍ਰੇਰਨਾ ਨਾਲ ਸਾਲ 2015 ਵਿਚ ਅਸੀਂ 26 ਨਵੰਬਰ ਨੂੰ ਸੰਵਿਧਾਨ ਦਿਵਸ ਵਜੋਂ ਮਨਾਉਣ ਦਾ ਇਤਿਹਾਸਕ ਫੈਸਲਾ ਲਿਆ ਹੈ। ਇਹ ਸੰਵਿਧਾਨ ਸਾਡੇ ਲੋਕਾਂ ਦੀ ਸਾਲਾਂ ਦੀ ਤਪੱਸਿਆ, ਕੁਰਬਾਨੀ, ਲਿਆਕਤ, ਤਾਕਤ ਅਤੇ ਯੋਗਤਾ ਦਾ ਨਤੀਜਾ ਹੈ। ਕਰੀਬ 3 ਸਾਲਾਂ ਦੀ ਮਿਹਨਤ ਤੋਂ ਬਾਅਦ ਉਨ੍ਹਾਂ ਨੇ ਦੇਸ਼ ਦੀਆਂ ਭੂਗੋਲਿਕ ਅਤੇ ਸਮਾਜਿਕ ਵੰਨਸੁਵੰਨਤਾਵਾਂ ਤੇ ਅਨੇਕਤਾਵਾਂ ਨੂੰ ਇੱਕ ਧਾਗੇ ਵਿੱਚ ਬੰਨ੍ਹਣ ਵਾਲਾ ਇੱਕ ਸੰਵਿਧਾਨ ਬਣਾਇਆ।''

ਉਪ ਰਾਸ਼ਟਰਪਤੀ ਜਗਦੀਪ ਧਨਖੜ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਹੋਰ ਨੇਤਾਵਾਂ ਨੇ ਸੰਵਿਧਾਨ ਸਦਨ 'ਚ ਸੰਵਿਧਾਨ ਦਿਵਸ ਸਮਾਰੋਹ 'ਚ ਸ਼ਿਰਕਤ ਕੀਤੀ।

ਇਹ ਸਮਾਗਮ 26 ਨਵੰਬਰ, 1949 ਨੂੰ ਸੰਵਿਧਾਨ ਸਭਾ ਦੁਆਰਾ ਸੰਵਿਧਾਨ ਨੂੰ ਅਪਣਾਏ ਜਾਣ ਨੂੰ ਚੇਤੇ ਕਰਾਉਂਦਾ ਹੈ ਅਤੇ ਅੱਜ ਇਸ ਇਤਿਹਾਸਕ ਦਿਹਾੜੇ ਦੀ 75ਵੀਂ ਵਰ੍ਹੇਗੰਢ ਮਨਾਈ ਗਈ। ਸੰਵਿਧਾਨ ਰਸਮੀ ਤੌਰ 'ਤੇ 26 ਜਨਵਰੀ, 1950 ਨੂੰ ਲਾਗੂ ਹੋਇਆ ਸੀ।

# ਏਕਨਾਥ ਸ਼ਿੰਦੇ ਨੇ ਦਿੱਤਾ ਅਸਤੀਫਾ ਰਾਜਪਾਲ ਨੇ ਕਾਰਜਕਾਰੀ ਮੁੱਖ ਮੰਤਰੀ ਵਜੋਂ ਕੰਮ ਕਰਨ ਲਈ ਕਿਹਾ



**ਮੁੰਬਈ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੇ ਮੰਗਲਵਾਰ ਸਵੇਰੇ ਇੱਥੇ ਰਾਜਪਾਲ ਸੀਪੀ ਰਾਧਾਕ੍ਰਿਸ਼ਨਨ ਨਾਲ ਮੁਲਾਕਾਤ ਕੀਤੀ ਅਤੇ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਆਪਣਾ ਅਸਤੀਫ਼ਾ ਸੌਂਪ ਦਿੱਤਾ। ਇਸ ਦੌਰਾਨ ਰਾਜਪਾਲ ਨੇ ਸ਼ਿੰਦੇ ਨੂੰ ਨਵੇਂ ਮੁੱਖ ਮੰਤਰੀ ਵੱਲੋਂ ਸਹੁੰ ਚੁੱਕਣ ਤੱਕ ਕਾਰਜਕਾਰੀ ਮੁੱਖ ਮੰਤਰੀ ਵਜੋਂ ਕੰਮ ਕਰਨ ਲਈ ਕਿਹਾ, ਕਿਉਂਕਿ ਸੱਤਾਧਾਰੀ ਮਹਾਯੁਤੀ ਗੱਠਜੋੜ ਦੀ ਸ਼ਾਨਦਾਰ ਜਿੱਤ ਤੋਂ ਬਾਅਦ ਇਸ ਅਹੁਦੇ ਲਈ ਕੌਣ ਚੁਣਿਆ ਜਾਵੇਗਾ ਇਸ ਬਾਰੇ ਉਲਝਣਤਾਣੀ ਜਾਰੀ ਹੈ।

ਇਸ ਮੌਕੇ ਸ਼ਿੰਦੇ ਦੇ ਨਾਲ ਉਪ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਅਤੇ ਅਜੀਤ ਪਵਾਰ ਵੀ ਰਾਜ ਭਵਨ ਗਏ ਸਨ। ਮਹਾਰਾਸ਼ਟਰ ਵਿਧਾਨ ਸਭਾ ਦਾ ਕਾਰਜਕਾਲ 26 ਨਵੰਬਰ ਨੂੰ ਖਤਮ ਹੋ ਰਿਹਾ ਹੈ। ਏਕਨਾਥ ਸ਼ਿੰਦੇ ਦੇ ਮੰਤਰੀ ਮੰਡਲ ਵਿੱਚ ਮੰਤਰੀ ਰਹੇ ਦੀਪਕ ਕੇਸਰਕਰ ਨੇ ਪੱਤਰਕਾਰਾਂ ਨੂੰ ਦੱਸਿਆ, "ਮੁੱਖ ਮੰਤਰੀ ਨੇ ਆਪਣਾ ਅਸਤੀਫਾ ਦੇ ਦਿੱਤਾ ਹੈ। ਰਾਜਪਾਲ ਨੇ ਉਨ੍ਹਾਂ ਨੂੰ ਕਾਰਜਕਾਰੀ ਮੁੱਖ ਮੰਤਰੀ ਵਜੋਂ ਕੰਮ ਕਰਨ ਲਈ ਕਿਹਾ ਹੈ। ਇੱਕ ਸਵਾਲ ਦੇ ਜਵਾਬ ਵਿੱਚ ਕੇਸਰਕਰ ਨੇ ਕਿਹਾ ਕਿ ਨਵੀਂ ਸਰਕਾਰ ਜਲਦੀ ਤੋਂ ਜਲਦੀ ਸਹੁੰ ਚੁੱਕੇਗੀ। ਬੀਜੇਪੀ, ਸ਼ਿੰਦੇ ਦੀ ਅਗਵਾਈ ਵਾਲੀ ਸ਼ਿਵ ਸੈਨਾ ਅਤੇ ਅਜੀਤ ਪਵਾਰ ਦੀ ਐਨਸੀਪੀ ਦੇ ਮਹਾਯੁਤੀ ਗਠਜੋੜ ਦੇ ਵੱਲੋਂ 230 ਸੀਟਾਂ ਜਿੱਤਣ ਦੇ ਬਾਵਜੂਦ ਸੱਤਾਧਾਰੀ ਗਠਜੋੜ ਦੇ ਨੇਤਾਵਾਂ ਨੂੰ ਹੁਣ ਤੱਕ ਇਸ ਗੱਲ 'ਤੇ ਸਹਿਮਤੀ ਨਹੀਂ ਮਿਲੀ ਕਿ ਅਗਲਾ ਮੁੱਖ ਮੰਤਰੀ ਕੌਣ ਹੋਣਾ ਚਾਹੀਦਾ ਹੈ।

ਇਸ ਬਾਰੇ ਪੁੱਛੇ ਜਾਣ 'ਤੇ ਕੇਸਰਕਰ ਨੇ ਕਿਹਾ ਕਿ ਹਰ ਸਿਆਸੀ ਵਰਕਰ ਚਾਹੁੰਦਾ ਹੈ ਕਿ ਮੁੱਖ ਮੰਤਰੀ ਉਸ ਦੀ ਪਾਰਟੀ ਦਾ ਹੋਵੇ, ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਜੋ ਵੀ ਫੈਸਲਾ ਲੈਣਗੇ, ਉਹ ਸਾਨੂੰ ਸਾਰਿਆਂ ਨੂੰ ਸਵੀਕਾਰ ਹੋਵੇਗਾ।

# ਸੈਕਟਰ 26 ਵਿੱਚ ਕਲੱਬਾਂ ਦੇ ਬਾਹਰ ਹੋਏ ਧਮਾਕੇ, ਜਾਂਚ ਸ਼ੁਰੂ



**ਚੰਡੀਗੜ੍ਹ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਦੇ ਸੈਕਟਰ 26 ਵਿਚ ਪੁਲੀਸ ਥਾਣੇ ਅਤੇ ਅਪਰੇਸ਼ਨ ਸੈੱਲ ਤੋਂ ਕੁਝ ਦੂਰੀ 'ਤੇ ਸਥਿਤ ਕਲੱਬਾਂ ਦੇ ਬਾਹਰ ਅੱਜ ਤੜਕੇ ਬੰਬ ਧਮਾਕੇ ਹੋਏ ਹਨ, ਜਿਸ ਨਾਲ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ। ਇਸ ਬਾਰੇ ਜਾਣਕਾਰੀ ਮਿਲਦਿਆਂ ਹੀ ਚੰਡੀਗੜ੍ਹ ਪੁਲੀਸ ਦੀ ਐਸਐਸਪੀ ਸਣੇ ਵੱਖ ਵੱਖ ਜਾਂਚ ਟੀਮਾਂ ਨੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਇਹ ਬੰਬ ਧਮਾਕੇ ਸਵੇਰੇ 4 ਵਜੇ ਦੇ ਕਰੀਬ ਹੋਏ ਹਨ। ਉਸ ਸਮੇਂ ਮੋਟਰਸਾਈਕਲ ਤੇ ਸਵਾਰ ਦੋ ਨੌਜਵਾਨ ਆਪਣੇ ਮੂੰਹ ਢੱਕ ਕੇ ਆਏ ਸੀ ਜਿਨ੍ਹਾਂ ਵੱਲੋਂ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਹੈ। ਪੁਲੀਸ ਵੱਲੋਂ ਮੁਢਲੀ ਜਾਂਚ ਦੌਰਾਨ ਘਟਨਾ ਵਾਲੀ ਥਾਂ ਦੇ ਆਲੇ ਦੁਆਲੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਤਿੰਨ ਦਸੰਬਰ ਨੂੰ ਚੰਡੀਗੜ੍ਹ ਵਿੱਚ ਆਉਣਾ ਹੈ। ਉਨ੍ਹਾਂ ਦੀ ਫੇਰੀ ਤੋਂ ਪਹਿਲਾਂ ਹੋਏ ਇਨ੍ਹਾਂ ਧਮਾਕਿਆਂ ਨੇ ਚੰਡੀਗੜ੍ਹ ਪੁਲੀਸ ਦੀ ਚਿੰਤਾ ਵਧਾ ਦਿੱਤੀ ਹੈ।

# ਪੰਜਾਬ ਭਰ 'ਚ 'ਬਾਲ ਵਿਆਹ ਮੁਕਤ ਭਾਰਤ' ਮੁਹਿੰਮ ਸਬੰਧੀ ਅੱਜ ਚੁਕਾਈ ਜਾਵੇਗੀ ਸਹੁੰ



**ਚੰਡੀਗੜ੍ਹ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਾਲ ਵਿਆਹ ਨੂੰ ਜੜ੍ਹੋਂ ਖਤਮ ਕਰਨ ਦੇ ਉਦੇਸ਼ ਨਾਲ ਕੱਲ 27 ਨਵੰਬਰ ਨੂੰ ਪੰਜਾਬ ਭਰ 'ਚ 'ਬਾਲ ਵਿਆਹ ਮੁਕਤ ਭਾਰਤ' ਮੁਹਿੰਮ ਸਬੰਧੀ ਵੈਬਕਾਸਟ ਲਿੰਕ ਰਾਹੀਂ ਸਹੁੰ ਚੁਕਾਈ ਜਾਵੇਗੀ।

ਇਹ ਪ੍ਰਗਟਾਵਾ ਕਰਦਿਆਂ ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਇਸ ਪਹਿਲਕਦਮੀ ਦਾ ਉਦੇਸ਼ ਸੂਬੇ ਭਰ ਵਿੱਚ ਬਾਲ ਵਿਆਹ ਨੂੰ ਖਤਮ ਕਰਨਾ ਹੈ। ਉਨ੍ਹਾਂ ਨੇ ਇਸ ਵਿਸ਼ੇਸ਼ ਮੁਹਿੰਮ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਮਹਿਲਾ ਸਵੈ ਸਹਾਇਤਾ ਸਮੂਹ, ਆਂਗਣਵਾੜੀ ਵਰਕਰ, ਆਸ਼ਾ ਵਰਕਰ ਅਤੇ ਹੈਲਪਰ, ਏ.ਐਨ.ਐਮ, ਬਾਲ ਵਿਆਹ ਰੋਕੂ ਅਧਿਕਾਰੀ ਸਥਾਨਕ ਭਾਈਚਾਰੇ ਦੇ ਆਗੂ, ਅਧਿਆਪਕ, ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀ, ਪੰਚਾਇਤੀ ਰਾਜ ਸੰਸਥਾਵਾਂ ਅਤੇ ਸ਼ਹਿਰੀ ਸਥਾਨਕ ਸੰਸਥਾਵਾਂ ਤੋਂ ਚੁਣੇ ਹੋਏ ਨੁਮਾਇੰਦੇ, ਕਮਿਊਨਿਟੀ ਹੈਲਥ ਪ੍ਰੈਕਟੀਸ਼ਨਰ, ਪੀ.ਐਚ.ਸੀਜ਼, ਡਾਕਟਰ, ਸਿਵਲ ਸੁਸਾਇਟੀ ਸੰਸਥਾਵਾਂ ਦੇ ਮੈਂਬਰ ਰਾਜ ਤੇ ਜ਼ਿਲ੍ਹਾ ਬਾਰ ਕੌਂਸਲਾਂ, ਕਾਨੂੰਨੀ ਸੇਵਾ ਅਥਾਰਟੀਆਂ ਦੇ ਮੈਂਬਰ ਅਤੇ ਧਾਰਮਿਕ ਆਗੂਆਂ ਨੂੰ ਅਪੀਲ ਕੀਤੀ ਹੈ। ਡਾ. ਬਲਜੀਤ ਕੌਰ ਨੇ ਇਸ ਮੁਹਿੰਮ ਨੂੰ ਸਫਲ ਬਣਾਉਣ ਲਈ ਸਮਾਜ ਦੇ ਸਾਰੇ ਵਰਗਾਂ ਦੇ ਸਮੂਹਿਕ ਯਤਨਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਨੇ ਚੁਣੇ ਹੋਏ ਨੁਮਾਇੰਦਿਆਂ, ਸਿਹਤ ਕਰਮਚਾਰੀਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਬਾਲ ਵਿਆਹ ਦੇ ਵਿਰੁੱਧ ਜਾਗਰੂਕਤਾ ਪੈਦਾ ਕਰਨ ਦਾ ਸੱਦਾ ਦਿੱਤਾ। ਡਾ. ਬਲਜੀਤ ਕੌਰ ਨੇ ਮੁਹਿੰਮ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਆਪਣੀ ਵਚਨਬੱਧਤਾ ਦਰਸਾਉਂਦਿਆਂ ਕਿਹਾ ਕਿ ਬਾਲ ਵਿਆਹ-ਮੁਕਤ ਸੂਬਾ ਸਿਰਫ਼ ਇੱਕ ਵਿਜ਼ਨ ਨਹੀਂ ਹੈ, ਸਗੋਂ ਸਾਡੇ ਬੱਚਿਆਂ ਅਤੇ ਸਮਾਜ ਦੇ ਸਰਵਪੱਖੀ ਵਿਕਾਸ ਲਈ ਇੱਕ ਲੋੜ ਹੈ। ਉਨ੍ਹਾਂ ਸਾਰੇ ਹਿੱਸੇਦਾਰਾਂ ਨੂੰ ਇਸ ਇਤਿਹਾਸਕ ਮੁਹਿੰਮ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਅਤੇ ਨੌਜਵਾਨਾਂ ਦੇ ਉੱਜਵਲ ਭਵਿੱਖ ਦੇ ਨਿਰਮਾਣ ਵਿੱਚ ਯੋਗਦਾਨ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਸੁਪਨੇ ਅਨੁਸਾਰ ਸੂਬੇ ਨੂੰ ਰੰਗਲਾ ਪੰਜਾਬ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਇਹ ਤਾਂ ਹੀ ਸੰਭਵ ਹੋ ਸਕਦਾ ਹੈ ਕਿ ਜੇਕਰ ਅਸੀ ਸਾਰੇ ਮਿਲ ਕੇ ਬਾਲ ਵਿਆਹ ਦੀ ਸਮਾਜਿਕ ਬੁਰਾਈ ਨੂੰ ਇਕੱਠੇ ਹੋ ਕੇ ਖਤਮ ਕਰੀਏ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਬਾਲ ਵਿਆਹ ਦੀ ਇਸ ਬੁਰੀ ਪ੍ਰਥਾ ਨੂੰ ਠੱਲ ਪਾਉਣ ਲਈ ਲਗਾਤਾਰ ਯਤਨ ਕਰ ਰਹੀ ਹੈ।

# ਮਰਨ ਵਰਤ ਸ਼ੁਰੂ ਕਰਨ ਤੋਂ ਪਹਿਲਾਂ ਹੀ ਡੱਲੇਵਾਲ ਨੂੰ ਪੁਲੀਸ ਨੇ ਚੁੱਕਿਆ

## ਡੱਲੇਵਾਲ ਦੀ ਗ੍ਰਿਫ਼ਤਾਰੀ ਵਿਚ ਭਗਵੰਤ ਮਾਨ ਸਰਕਾਰ ਦਾ ਹੱਥ: ਰਵਨੀਤ ਬਿੱਟੂ



**ਪਾਤੜਾਂ/ ਮਾਨਸਾ, 26 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰ ਸਰਕਾਰ ਵੱਲੋਂ ਮੰਨੀਆਂ ਮੰਗਾਂ ਲਾਗੂ ਕਰਵਾਉਣ ਲਈ ਚੱਲ ਰਹੇ ਅੰਦੋਲਨ ਨੂੰ ਹੋਰ ਤੇਜ਼ ਕਰਨ ਲਈ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਅੱਜ ਤੋਂ ਹਰਿਆਣਾ-ਪੰਜਾਬ ਦੇ ਢਾਬੀ ਗੁਜਰਾਂ ਬਾਰਡਰ 'ਤੇ ਮਰਨ ਵਰਤ ਸ਼ੁਰੂ ਕਰਨ ਜਾ ਰਹੇ ਸਨ, ਪਰ ਉਧਰ ਪ੍ਰਸ਼ਾਸਨ ਨੇ ਵੱਡੀ ਕਾਰਵਾਈ ਕਰਦਿਆਂ ਕਿਸਾਨ ਆਗੂ ਨੂੰ ਅੱਜ ਤੜਕਸਾਰ ਢਾਬੀ ਗੁਜਰਾਂ ਬਾਰਡਰ ਤੋਂ ਗ੍ਰਿਫ਼ਤਾਰ ਕਰ ਲਿਆ ਹੈ।

ਇਸ ਘਟਨਾ ਨੂੰ ਲੈ ਕੇ ਕਿਸਾਨਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪ੍ਰਸ਼ਾਸਨ ਸਥਿਤੀ ਉੱਤੇ ਤਿੱਖੀ ਨਜ਼ਰ ਰੱਖਣ ਦੇ ਨਾਲ ਨਾਲ ਵੱਡੀ ਪੱਧਰ ਉੱਤੇ ਪੁਲੀਸ ਕਰਮਚਾਰੀ ਤਾਇਨਾਤ ਕੀਤੇ ਹਨ। ਕੁਝ ਕਿਸਾਨਾਂ ਨੇ ਦੱਸਿਆ ਹੈ ਕਿ ਵੱਡੀ ਗਿਣਤੀ ਵਿਚ ਪੁਲੀਸ ਕਰਮਚਾਰੀਆਂ ਨੇ ਡੱਲੇਵਾਲ ਨੂੰ ਤੜਕੇ 3.45 ਵਜੇ ਹੀ ਹਿਰਾਸਤ ਵਿੱਚ ਲੈ ਲਿਆ। ਉਨ੍ਹਾਂ ਨੂੰ ਕਿੱਥੇ ਲਿਜਾਇਆ ਗਿਆ ਹੈ, ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ। ਉਨ੍ਹਾਂ ਕਿਹਾ ਕਿ ਡੱਲੇਵਾਲ ਨੂੰ ਚੁੱਕਣ ਆਏ ਕਈ ਪੁਲੀਸ ਮੁਲਾਜ਼ਮ ਹਿੰਦੀ ਬੋਲ ਰਹੇ ਸਨ। ਕਿਸਾਨ ਆਗੂ ਲਖਵਿੰਦਰ ਸਿੰਘ ਸਿਰਸਾ ਨੇ ਉਕਤ ਘਟਨਾ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ ਸਥਿਤੀ ਉੱਤੇ ਵਿਚਾਰ ਵਟਾਂਦਰਾ ਕਰਨ ਲਈ ਕਿਸਾਨ ਆਗੂਆਂ ਦੀ ਹੰਗਾਮੀ ਮੀਟਿੰਗ ਢਾਬੀ ਗੁਜਰਾਂ ਬਾਰਡਰ ਤੇ ਬੁਲਾ ਲਈ ਗਈ ਹੈ।

ਕਿਸਾਨਾਂ ਦੀਆਂ ਮੰਗਾਂ ਨੂੰ ਲੈ ਕੇ ਮਰਨ ਵਰਤ ਸ਼ੁਰੂ ਕਰਨ ਜਾ ਰਹੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਖਨੌਰੀ ਸਰਹੱਦੀ ਪੁਆਇੰਟ ਤੋਂ ਪੁਲੀਸ ਵੱਲੋਂ ਚੁੱਕੇ ਜਾਣ ਤੋਂ ਬਾਅਦ ਮਾਮਲਾ ਵਧਦਾ ਨਜ਼ਰ ਆ ਰਿਹਾ ਹੈ। ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਦਾਅਵਾ ਕੀਤਾ ਹੈ ਕਿ ਇਹ ਨਜ਼ਰਬੰਦੀ ਭਗਵੰਤ ਮਾਨ ਸਰਕਾਰ ਵੱਲੋਂ ਯੋਜਨਾਬੱਧ ਤਰੀਕੇ ਨਾਲ ਕੀਤੀ ਗਈ ਹੈ।

ਬਿੱਟੂ ਨੇ ਕਿਹਾ, "ਕਿਸਾਨ ਆਗੂ ਡੱਲੇਵਾਲ ਜੀ ਦੀ ਨਜ਼ਰਬੰਦੀ ਭਗਵੰਤ ਮਾਨ ਸਰਕਾਰ ਦੁਆਰਾ ਰਚੀ ਗਈ ਹੈ। ਕੋਈ ਵੀ ਕੇਂਦਰੀ ਏਜੰਸੀ ਉਸ ਦੀ ਗ੍ਰਿਫ਼ਤਾਰੀ ਵਿੱਚ ਸ਼ਾਮਲ ਨਹੀਂ ਹੈ। ਇਹ ਨਿਰੋਲ ਸੂਬਾ ਪੁਲੀਸ ਦਾ ਕੰਮ ਹੈ, ਜਿਸ ਦਾ ਉਦੇਸ਼ ਕੇਂਦਰੀ ਏਜੰਸੀਆਂ 'ਤੇ ਦੋਸ਼ ਮੜ੍ਹਨਾ ਹੈ ਤਾਂ ਜੋ ਧਿਆਨ ਭਟਕਾਇਆ ਜਾ ਸਕੇ। ਉਨ੍ਹਾਂ ਕਿਹਾ ਕੇਂਦਰ ਸਰਕਾਰ ਹਮੇਸ਼ਾ ਕਿਸਾਨਾਂ ਦੀ ਭਲਾਈ ਲਈ ਕੰਮ ਕਰਦੀ ਹੈ ਅਤੇ ਅਜਿਹੀਆਂ ਚਾਲਾਂ ਵਿੱਚ ਸ਼ਾਮਲ ਨਹੀਂ ਹੁੰਦੀ।"

# ਐਸ.ਬੀ.ਐਸ. ਨਗਰ ਤੋਂ ਫੜੀ ਡੀ.ਏ.ਪੀ. ਖਾਦ ਵਿੱਚ ਨਾਈਟ੍ਰੋਜਨ ਤੇ ਫਾਸਫੋਰਸ ਦੀ ਵੱਡੀ ਕਮੀ ਬਾਰੇ ਲੈਬ ਟੈਸਟ ਵਿੱਚ ਹੋਈ ਪੁਸ਼ਟੀ

**ਚੰਡੀਗੜ੍ਹ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਐਸ.ਬੀ.ਐਸ.ਨਗਰ ਜ਼ਿਲ੍ਹੇ ਤੋਂ ਪਿਛਲੇ ਦਿਨੀਂ ਜ਼ਬਤ ਕੀਤੀ ਗਈ ਡਾਇਮੋਨੀਅਮ ਫਾਸਫੇਟ (ਡੀ.ਏ.ਪੀ.) ਖਾਦ ਦੀਆਂ 23 ਬੋਰੀਆਂ (ਹਰੇਕ 50 ਕਿਲੋ) ਬਾਅਦ ਖਾਦ ਦੀ ਲੈਬਾਟਰੀ ਜਾਂਚ ਸਬੰਧੀ ਪ੍ਰਾਪਤ ਹੋਈ ਰਿਪੋਰਟ ਵਿੱਚ ਜ਼ਬਤ ਕੀਤੇ ਸਟਾਕ 'ਚ ਨਾਈਟ੍ਰੋਜਨ ਅਤੇ ਫਾਸਫੋਰਸ ਦੀ ਵੱਡੀ ਕਮੀ ਦਰਜ ਕੀਤੀ ਗਈ ਹੈ। ਖੇਤੀਬਾੜੀ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਡੀ.ਏ.ਪੀ. ਵਿੱਚ ਆਮ ਤੌਰ 'ਤੇ 18 ਫੀਸਦ ਨਾਈਟ੍ਰੋਜਨ, 46 ਫੀਸਦ ਫਾਸਫੋਰਸ ਅਤੇ 39.5 ਫੀਸਦ ਪਾਣੀ ਵਿੱਚ ਘੁਲਣਸ਼ੀਲ ਫਾਸਫੋਰਸ ਹੁੰਦੀ ਹੈ। ਉਨ੍ਹਾਂ ਦੱਸਿਆ ਕਿ ਲੈਬਾਟਰੀ ਜਾਂਚ ਸਬੰਧੀ ਸਾਹਮਣੇ ਆਈਆਂ ਟੈਸਟ ਰਿਪੋਰਟਾਂ ਤੋਂ ਖਾਦ ਵਿੱਚ ਮਹਿਜ਼ 2.80 ਫੀਸਦ ਨਾਈਟ੍ਰੋਜਨ, 16.23 ਫੀਸਦ ਫਾਸਫੋਰਸ ਅਤੇ 14.10 ਫੀਸਦ ਪਾਣੀ ਵਿੱਚ ਘੁਲਣਸ਼ੀਲ ਫਾਸਫੋਰਸ ਦੀ ਮਾਤਰਾ ਦਾ ਪਤਾ ਚੱਲਿਆ ਹੈ।

ਜਾਣਕਾਰੀ ਅਨੁਸਾਰ ਜ਼ਿਲ੍ਹੇ ਦੇ ਕਿਸਾਨਾਂ ਨੇ ਡੀ.ਏ.ਪੀ. ਖਾਦ ਨੂੰ ਮਹਿੰਗੇ ਭਾਅ ਵੇਚੇ ਜਾਣ ਬਾਰੇ ਸ਼ਿਕਾਇਤ ਕੀਤੀ ਸੀ, ਜਿਸ ਦੇ ਚੱਲਦਿਆਂ ਖੇਤੀਬਾੜੀ ਵਿਭਾਗ ਦੀ ਟੀਮ ਨੇ ਪੁਲਿਸ ਨਾਲ ਮਿਲ ਕੇ ਪਿੰਡ ਉੜਾਪੜ ਜ਼ਿਲ੍ਹਾ ਐਸ.ਬੀ.ਐਸ.ਨਗਰ ਵਿਖੇ ਮੈਸਰਜ਼ ਸਿੰਘ ਟਰੇਡਰਜ਼ ਦੇ ਮਾਲਕ ਹਰਕੀਰਤ ਸਿੰਘ ਦੇ ਘਰ ਛਾਪਾ ਮਾਰਿਆ ਅਤੇ ਛਾਪੇਮਾਰੀ ਦੌਰਾਨ ਗੈਰ-ਕਾਨੂੰਨੀ ਢੰਗ ਨਾਲ ਸਟੋਰ ਕੀਤੀਆਂ ਡੀ.ਏ.ਪੀ. ਦੀਆਂ 23 ਬੋਰੀਆਂ ਬਰਾਮਦ ਹੋਈਆਂ ਸਨ।

ਦੱਸਣਯੋਗ ਹੈ ਕਿ ਹਰਕੀਰਤ ਸਿੰਘ ਵਿਰੁੱਧ 14 ਨਵੰਬਰ ਨੂੰ ਥਾਣਾ ਔੜ (ਐਸ.ਬੀ.ਐਸ. ਨਗਰ) ਵਿਖੇ ਜ਼ਰੂਰੀ ਵਸਤਾਂ ਕਾਨੂੰਨ, 1955 ਦੀ ਧਾਰਾ 3(2) ਸੀ, ਡੀ ਅਤੇ ਖਾਦ (ਕੰਟਰੋਲ) ਆਰਡਰ, 1985 ਦੀਆਂ ਧਾਰਾਵਾਂ 5, 7, ਅਤੇ 3(3) ਤਹਿਤ ਐਫ.ਆਈ.ਆਰ. ਦਰਜ ਕੀਤੀ ਗਈ ਸੀ। ਖੇਤੀਬਾੜੀ ਵਿਭਾਗ ਨੇ ਜ਼ਬਤ ਕੀਤੀ ਡੀ.ਏ.ਪੀ. ਖਾਦ ਦੇ ਨਮੂਨੇ ਖਾਦ ਗੁਣਵੱਤਾ ਕੰਟਰੋਲ ਲੈਬਾਰਟਰੀ, ਲੁਧਿਆਣਾ ਨੂੰ ਭੇਜੇ ਸਨ, ਜਿਸ ਤੋਂ ਪ੍ਰਾਪਤ ਹੋਈ ਰਿਪੋਰਟ ਵਿੱਚ ਬਰਾਮਦ ਕੀਤੀ ਖਾਦ ਦਾ ਸਟਾਕ ਘਟੀਆ ਮਿਆਰ ਦਾ ਪਾਇਆ ਗਿਆ।

ਸ. ਗੁਰਮੀਤ ਸਿੰਘ ਖੁੱਡੀਆਂ ਨੇ ਸੂਬੇ ਦੇ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਚੇਤਾਵਨੀ ਦਿੱਤੀ ਕਿ ਇਸ ਕੁਤਾਹੀ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ।

# ਟਾਟਾ ਏਆਈਏ ਲਾਈਫ ਇੰਸ਼ੋਰੈਂਸ ਨੇ 1 ਮਿਲੀਅਨ ਐਪ ਡਾਊਨਲੋਡ ਕੀਤੇ ਹਨ

**ਲੁਧਿਆਣਾ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਟਾਟਾ ਏਆਈਏ ਲਾਈਫ ਇੰਸ਼ੋਰੈਂਸ (ਟਾਟਾ ਏਆਈਏ), ਭਾਰਤ ਦੀਆਂ ਪ੍ਰਮੁੱਖ ਜੀਵਨ ਬੀਮਾ ਕੰਪਨੀਆਂ ਵਿੱਚੋਂ ਇੱਕ ਨੇ ਘੋਸ਼ਣਾ ਕੀਤੀ ਹੈ ਕਿ ਇਸਦੇ ਗਾਹਕ ਐਪ ਡਾਊਨਲੋਡ 1 ਮਿਲੀਅਨ (10 ਲੱਖ) ਦੇ ਅੰਕੜੇ ਨੂੰ ਪਾਰ ਕਰ ਗਏ ਹਨ। ਇਹ ਪ੍ਰਾਪਤੀ ਟਾਟਾ ਏਆਈਏ ਗਾਹਕਾਂ ਦੇ ਇਸ ਦੇ ਡਿਜ਼ੀਟਲ ਹੱਲਾਂ 'ਤੇ ਵੱਧ ਰਹੇ ਭਰੋਸੇ ਅਤੇ ਨਿਰਭਰਤਾ ਦਾ ਇੱਕ ਹੋਰ ਪ੍ਰਮਾਣ ਹੈ ਜਿਸ ਵਿੱਚ ਮੋਬਾਈਲ ਐਪਸ, ਉਪਭੋਗਤਾ ਪੋਰਟਲ, ਵਟਸਐਪ ਸਮਰਥਿਤ ਸੇਵਾਵਾਂ ਆਦਿ ਸ਼ਾਮਲ ਹਨ। ਇਹ ਹੱਲ ਟਾਟਾ ਏਆਈਏ ਖਪਤਕਾਰਾਂ ਨੂੰ ਬ੍ਰਾਂਡ ਦੇ ਨਾਲ ਆਪਣੀ ਜੀਵਨ ਬੀਮਾ ਯਾਤਰਾ ਦੇ ਪ੍ਰਬੰਧਨ ਦੇ ਸੁਵਿਧਾਜਨਕ ਅਤੇ ਸਹਿਜ ਤਰੀਕਿਆਂ ਦਾ ਅਨੁਭਵ ਕਰਨ ਲਈ 'ਆਪਣਾ ਕਰੋ' ਦੇ ਵਿਚਾਰ ਨੂੰ ਉਤਸ਼ਾਹਿਤ ਕਰਦੇ ਹਨ। ਸੌਮਿਆ ਘੋਸ਼, ਕਾਰਜਕਾਰੀ ਵਾਈਸ ਪ੍ਰੈਜ਼ੀਡੈਂਟ ਅਤੇ ਚੀਫ ਟੈਕਨਾਲੋਜੀ ਅਫਸਰ, ਟਾਟਾ ਏਆਈਏ, ਨੇ ਕਿਹਾ, ਅਸੀਂ ਲਗਾਤਾਰ ਨਵੀਨਤਾ ਦੇ ਜ਼ਰੀਏ ਆਪਣੇ ਗਾਹਕਾਂ ਦੇ ਅਨੁਭਵ ਨੂੰ ਵਧਾਉਣ ਲਈ ਵਚਨਬੱਧ ਹਾਂ, 1 ਮਿਲੀਅਨ ਤੋਂ ਵੱਧ ਐਪ ਡਾਊਨਲੋਡਾਂ ਦੇ ਮੀਲਪੱਥਰ ਤੱਕ ਪਹੁੰਚਣਾ ਅਜਿਹਾ ਨਹੀਂ ਹੈ ਸਿਰਫ਼ ਸੰਖਿਆਵਾਂ ਬਾਰੇ; ਇਹ ਸਾਡੇ ਗਾਹਕਾਂ ਦੀਆਂ ਬਦਲਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਵਧੀਆ ਸੇਵਾਵਾਂ ਪ੍ਰਦਾਨ ਕਰਨ ਦੇ ਸਾਡੇ ਸਮਰਪਣ ਨੂੰ ਦਰਸਾਉਂਦਾ ਹੈ।÷

ਇਸ ਅਤਿ-ਆਧੁਨਿਕ ਐਪ ਦੇ ਨਾਲ, ਉਪਭੋਗਤਾ ਕਿਸੇ ਵੀ ਸਮੇਂ ਕਿਤੇ ਵੀ ਆਪਣੀਆਂ ਬੀਮਾ ਪਾਲਿਸੀਆਂ ਦਾ ਪ੍ਰਬੰਧਨ ਕਰ ਸਕਦੇ ਹਨ। ਉਹਨਾਂ ਨੂੰ ਕਿਸੇ ਸ਼ਾਖਾ ਵਿੱਚ ਜਾਣ ਜਾਂ ਨੀਤੀ ਦਸਤਾਵੇਜ਼ਾਂ ਨੂੰ ਪ੍ਰਿੰਟ ਕਰਨ ਦੀ ਲੋੜ ਨਹੀਂ ਹੈ, ਕਿਉਂਕਿ ਉਹਨਾਂ ਨੂੰ ਲੋੜੀਂਦੀ ਹਰ ਚੀਜ਼ ਉਹਨਾਂ ਦੇ ਐਪ 'ਤੇ ਉਪਲਬਧ ਹੈ। ਐਪ 24⊘7 'ਤੇ 60 ਤੋਂ ਵੱਧ ਸੇਵਾਵਾਂ ਉਪਲਬਧ ਹਨ, ਜਿਸ ਵਿੱਚ ਪ੍ਰੀਮੀਅਮ ਭੁਗਤਾਨ, ਟਰੈਕਿੰਗ ਕਲੇਮ ਬੇਨਤੀਆਂ, ਪੋਰਟਫੋਲੀਓ ਅੱਪਡੇਟ, ਬੀਮੇ ਦੀ ਰਕਮ, ਫੰਡ ਮੁੱਲ, ©1ੇ ਵੇਰਵੇ ਸ਼ਾਮਲ ਹਨ। ਇਹ ਤਤਕਾਲ ਲੋਨ ਵਰਗੀਆਂ ਵਿਸ਼ੇਸ਼ਤਾਵਾਂ ਵੀ ਪੇਸ਼ ਕਰਦਾ ਹੈ, ਜੋ ਕਿ ਉਦਯੋਗ ਵਿੱਚ ਸਭ ਤੋਂ ਪਹਿਲਾਂ ਹੈ ਐਪ ਉਪਭੋਗਤਾ ਅਨੁਭਵ ਨੂੰ ਬਿਹਤਰ ਬਣਾਉਂਦਾ ਹੈ ਅਤੇ ਲੈਣ-ਦੇਣ ਦੀ ਸੌਖ ਨੂੰ ਵਧਾਉਂਦਾ ਹੈ। ਇਕ ਹੋਰ 'ਆਪਣੀ ਕਿਸਮ ਦੀ ਪਹਿਲੀ' ਵਿਸ਼ੇਸ਼ਤਾ ਤਤਕਾਲ ਗਾਹਕ ਸੇਵਾ ਹੈ। ਇਸ ਦੇ ਤਹਿਤ, ਲੈਣ-ਦੇਣ ਅਸਲ ਸਮੇਂ ਵਿੱਚ ਪੂਰਾ ਹੁੰਦਾ ਹੈ ਅਤੇ ਖਪਤਕਾਰਾਂ ਨੂੰ ਤੁਰੰਤ ਸੂਚਿਤ ਕੀਤਾ ਜਾਂਦਾ ਹੈ।

ਸੇਵਾ ਅਧਾਰਤ ਵਿਸ਼ੇਸ਼ਤਾਵਾਂ ਤੋਂ

# ਸੰਧਵਾਂ ਨੇ ਜਸਟਿਸ ਕੁਲਦੀਪ ਸਿੰਘ ਦੇ ਅਕਾਲ ਚਲਾਣੇ 'ਤੇ ਡੂੰਘਾ ਦੁੱਖ ਪ੍ਰਗਟਾਇਆ

**ਚੰਡੀਗੜ੍ਹ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਕੁਲਦੀਪ ਸਿੰਘ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਅੱਜ ਇੱਥੋਂ ਜਾਰੀ ਬਿਆਨ ਵਿੱਚ ਸਪੀਕਰ ਸ. ਸੰਧਵਾਂ ਨੇ ਕਿਹਾ ਕਿ 92 ਸਾਲਾ ਜਸਟਿਸ ਕੁਲਦੀਪ ਸਿੰਘ ਦੇਸ਼ ਦੀ ਨਾਮੀ ਸਖਸ਼ੀਅਤ ਸਨ, ਜਿਨ੍ਹਾਂ ਨੇ ਭਾਰਤੀ ਨਿਆਂ ਪ੍ਰਣਾਲੀ ਅਤੇ ਕਾਨੂੰਨ ਦੇ ਖੇਤਰ 'ਚ ਵੱਡਾ ਯੋਗਦਾਨ ਪਾਇਆ। ਉਨ੍ਹਾਂ ਕਿਹਾ ਕਿ ਜਸਟਿਸ ਕੁਲਦੀਪ ਸਿੰਘ ਦੇ ਵਿਛੋੜੇ ਨਾਲ ਅਸੀਂ ਇੱਕ ਵਿਲੱਖਣ ਸ਼ਖਸੀਅਤ ਤੋਂ ਵਾਂਝੇ ਹੋ ਗਏ ਹਾਂ।

ਜ਼ਿਕਰਯੋਗ ਹੈ ਕਿ ਜਸਟਿਸ ਕੁਲਦੀਪ ਸਿੰਘ ਪੰਜਾਬ ਦੇ ਐਡਵੋਕੇਟ ਜਨਰਲ, ਵਧੀਕ ਸੋਲਿਸਟਰ ਜਨਰਲ ਆਫ ਇੰਡੀਆ ਸਮੇਤ ਵੱਡੇ ਅਹੁਦਿਆਂ 'ਤੇ ਕਾਰਜਸ਼ੀਲ ਰਹੇ। ਉਹ 1988 'ਚ ਸੁਪਰੀਮ ਕੋਰਟ ਆਫ ਇੰਡੀਆ ਦੇ ਜੱਜ ਨਿਯੁਕਤ ਹੋਏ ਅਤੇ 1996 'ਚ ਸੇਵਾ ਮੁਕਤ ਹੋਏ।

ਸ. ਸੰਧਵਾਂ ਨੇ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਬਖ਼ਸ਼ਣ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।

# ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ ਹੇਠ ਵਿਜੀਲੈਂਸ ਬਿਊਰੋ ਵੱਲੋਂ ਸਿਵਲ ਸਰਜਨ ਦਫ਼ਤਰ ਦਾ ਕਲਰਕ ਗ੍ਰਿਫ਼ਤਾਰ



**ਚੰਡੀਗੜ੍ਹ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਆਪਣੀ ਮੁਹਿੰਮ ਦੌਰਾਨ ਆਮਦਨੀ ਦੇ ਜਾਣੂ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ ਹੇਠ ਜਨਮ ਅਤੇ ਮੌਤ ਰਜਿਸਟਰਾਰ, ਦਫ਼ਤਰ ਸਿਵਲ ਸਰਜਨ, ਹੁਸ਼ਿਆਰਪੁਰ ਵਿਖੇ ਤਾਇਨਾਤ ਕਲਰਕ ਜਸਵਿੰਦਰ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। ਪੰਜਾਬ ਵਿਜੀਲੈਂਸ ਬਿਊਰੋ ਦੇ ਇੱਕ ਅਧਿਕਾਰਤ ਬੁਲਾਰੇ ਨੇ ਦੱਸਿਆ ਕਿ ਇਸ ਬਾਰੇ ਦਰਜ ਇੱਕ ਵਿਜੀਲੈਂਸ ਪੜਤਾਲ ਦੀ ਡੂੰਘਾਈ ਨਾਲ ਜਾਂਚ ਕਰਨ ਉਪਰੰਤ ਮੁਕੱਦਮਾ ਦਰਜ ਕਰਕੇ ਇਹ ਗ੍ਰਿਫ਼ਤਾਰੀ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਵਿਜੀਲੈਂਸ ਬਿਊਰੋ ਵੱਲੋਂ ਕੀਤੀ ਗਈ ਜਾਂਚ ਤੋਂ ਪਤਾ ਲੱਗਿਆ ਕਿ ਉਕਤ ਮੁਲਜ਼ਮ ਜਸਵਿੰਦਰ ਸਿੰਘ ਵਾਸੀ ਗੋਬਿੰਦ ਨਗਰ, ਨੇੜੇ ਫਤਿਹਗੜ੍ਹ ਚੂੰਗੀ, ਹੁਸ਼ਿਆਰਪੁਰ ਨੇ ਚੈਕਿੰਗ ਦੇ ਸਮੇਂ ਦੌਰਾਨ 1 ਜਨਵਰੀ 2002 ਤੋਂ 31 ਦਸੰਬਰ 2016 ਤੱਕ ਕੁੱਲ 1,23,13,727 ਰੁਪਏ ਖਰਚ ਕੀਤੇ ਸਨ, ਜਦਕਿ ਇਸ ਸਮੇਂ ਦੌਰਾਨ ਉਸਦੀ ਕੁੱਲ ਆਮਦਨ 88,15,520 ਰੁਪਏ ਸੀ। ਇਸ ਤਰ੍ਹਾਂ ਉਸ ਵੱਲੋਂ ਇਸ ਮਿਆਦ ਦੌਰਾਨ ਆਪਣੀ ਆਮਦਨੀ ਤੋਂ 34,98,207 ਰੁਪਏ ਵੱਧ ਖ਼ਰਚ ਕੀਤੇ ਸਨ।

ਬੁਲਾਰੇ ਨੇ ਅੱਗੇ ਦੱਸਿਆ ਕਿ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਆਮਦਨ ਤੋਂ ਵੱਧ ਜਾਇਦਾਦ ਨੂੰ ਗੈਰ-ਕਾਨੂੰਨੀ ਸੰਪਤੀ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜਾਂਚ ਵਿੱਚ ਦੋਸ਼ੀ ਪਾਏ ਜਾਣ ਤੋਂ ਬਾਅਦ ਉਕਤ ਕਲਰਕ ਜਸਵਿੰਦਰ ਸਿੰਘ ਦੇ ਖਿਲਾਫ਼ ਵਿਜੀਲੈਂਸ ਥਾਣਾ ਜਲੰਧਰ ਰੇਂਜ ਵਿਖੇ ਕੇਸ ਕਰ ਲਿਆ ਗਿਆ ਹੈ ਅਤੇ ਇਸ ਮੁਕੱਦਮੇ ਦੀ ਅਗਲੇਰੀ ਜਾਂਚ ਜਾਰੀ ਹੈ।

# ਭੱਜਣ ਦੀ ਕੋਸ਼ਿਸ਼ ਕਰਦਾ ਮੁਲਜ਼ਮ ਪੁਲਿਸ ਦੀ ਗੋਲੀ ਨਾਲ ਜ਼ਖਮੀ




**ਅੰਮ੍ਰਿਤਸਰ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਵੇਰਕਾ-ਮਜੀਠਾ ਬਾਈਪਾਸ 'ਤੇ ਇਕ ਲੁੱਟ ਕੀਤੇ ਗਈ ਸਮਾਨ ਦੀ ਬਰਾਮਦਗੀ ਕਰਨ ਮੌਕੇ ਇੱਕ ਮੁਲਜ਼ਮ ਨੇ ਪੁਲੀਸ ਕਰਮੀ ਤੋਂ ਰਾਈਫਲ ਖੋਹਣ ਦੀ ਕੋਸ਼ਿਸ਼ ਕਰਨ ਮੌਕੇ ਪੁਲੀਸ ਨੇ ਉਸ 'ਤੇ ਗੋਲੀ ਚਲਾ ਦਿੱਤੀ।

ਅਧਿਕਾਰੀਆਂ ਨੇ ਦੱਸਿਆ ਕਿ ਅਜਨਾਲਾ ਖੇਤਰ ਦੇ ਪਿੰਡ ਭਿੰਡੀ ਸੈਦਾਂ ਦਾ ਰਹਿਣ ਵਾਲਾ ਸੂਰਜ ਲੁੱਟ-ਖੋਹ ਦੀਆਂ ਦੋ ਵਾਰਦਾਤਾਂ 'ਚ ਲੋੜੀਂਦਾ ਸੀ।

ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਲੁੱਟ ਦੇ ਸਮਾਨ ਦੀ ਬਰਾਮਦਗੀ ਲਈ ਪੁਲੀਸ ਨੇ ਇਕ ਮੁਲਜ਼ਮ ਨੂੰ ਵੇਰਕਾ-ਮਜੀਠਾ ਬਾਈਪਾਸ 'ਤੇ ਖਾਲੀ ਪਏ ਪਲਾਟ 'ਤੇ ਲਿਆਂਦਾ ਸੀ। ਇਸ ਦੌਰਾਨ ਉਸਨੇ ਪੁਲੀਸ ਕਰਮੀ ਤੋਂ ਰਾਈਫਲ ਖੋਹਣ ਦੀ ਕੋਸ਼ਿਸ਼ ਕੀਤੀ, ਜਿਸ 'ਤੇ ਜਵਾਬੀ ਕਾਰਵਾਈ ਕਰਦਿਆਂ ਪੁਲੀਸ ਨੂੰ ਉਸ 'ਤੇ ਗੋਲੀ ਚਲਾਉਣੀ ਪਈ ਅਤੇ ਪੈਰ ਵਿਚ ਗੋਲੀ ਲੱਗਣ ਕਾਰਨ ਉਹ ਮੌਕੇ 'ਤੇ ਜ਼ਖਮੀ ਹੋ ਗਿਆ।

ਅਧਿਕਾਰੀਆਂ ਨੇ ਦੱਸਿਆ ਕਿ ਮੁਲਜ਼ਮ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ ਅਤੇ ਉਸ ਦੇ ਸਾਥੀ ਗੁਰਕੀਰਤ ਦੀ ਭਾਲ ਕੀਤੀ ਜਾ ਰਹੀ ਹੈ। ਦੋਵਾਂ ਨੇ ਹਾਲ ਹੀ ਵਿੱਚ ਵੱਖ-ਵੱਖ ਮਾਮਲਿਆਂ ਵਿੱਚ ਦੋ ਐਨਆਰਆਈ ਔਰਤਾਂ ਨੂੰ ਨਿਸ਼ਾਨਾ ਬਣਾਇਆ ਸੀ ਅਤੇ ਉਨ੍ਹਾਂ ਦੇ ਹੈਂਡ ਬੈਗ ਖੋਹ ਲਏ ਸਨ।

# ਪਟਿਆਲਾ ਤੋਂ ਸ਼ੁਰੂ ਹੋਈ 'ਆਪ' ਦੀ ਸ਼ੁਕਰਾਨਾ ਯਾਤਰਾ

## ਪਾਰਟੀ ਦੇ ਸੂਬਾਈ ਪ੍ਰਧਾਨ ਅਮਨ ਅਰੋੜਾ ਦੀ ਅਗਵਾਈ ਹੇਠ ਸੀਨੀਅਰ ਆਗੂ ਸ੍ਰੀ ਕਾਲੀ ਦੇਵੀ ਮੰਦਰ ਹੋਏ ਨਤਮਸਤਕ



**ਪਟਿਆਲਾ, 27 ਨਵੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕੈਬਨਿਟ ਮੰਤਰੀ ਤੇ ਆਮ ਆਦਮੀ ਪਾਰਟੀ ਪੰਜਾਬ ਦੇ ਨਵੇਂ ਸੂਬਾ ਪ੍ਰਧਾਨ ਅਮਨ ਅਰੋੜਾ ਅਤੇ ਵਰਕਿੰਗ ਪ੍ਰੈਜ਼ੀਡੈਂਟ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੀ ਅਗਵਾਈ ਹੇਠਾਂ ਆਮ ਆਦਮੀ ਪਾਰਟੀ ਦੀ ਸ਼ੁਕਰਾਨਾ ਯਾਤਰਾ ਅੱਜ ਪਟਿਆਲਾ ਤੋਂ ਆਰੰਭ ਹੋਈ। ਇਸ ਦੌਰਾਨ ਪਾਰਟੀ ਦੇ ਸਾਰੇ ਸੀਨੀਅਰ ਆਗੂ ਇੱਥੇ ਸ੍ਰੀ ਕਾਲੀ ਦੇਵੀ ਮੰਦਰ ਵਿਖੇ ਨਤਮਸਤਕ ਹੋਏ।

ਉਨ੍ਹਾਂ ਨਾਲ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਕੈਬਨਿਟ ਮੰਤਰੀ ਹਰਪਾਲ ਚੀਮਾ, ਹਰਜੋਤ ਬੈਂਸ, ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਤੇ ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਸਮੇਤ ਕਈ ਹੋਰ ਐਮਐਲਏ ਵੀ ਮੌਜੂਦ ਸਨ।

ਗ਼ੌਰਤਲਬ ਹੈ ਕਿ 'ਆਪ' ਨੇ ਪੰਜਾਬ ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾਂ ਵਿੱਚ ਤਿੰਨ ਸੀਟਾਂ 'ਤੇ ਮਿੱਲੀ ਵੱਡੀ ਜਿੱਤ ਅਤੇ ਸੂਬੇ 'ਚ ਪਾਰਟੀ ਨੂੰ ਨਵਾਂ ਪ੍ਰਧਾਨ ਤੇ ਕਾਰਜਕਾਰੀ ਪ੍ਰਧਾਨ ਮਿਲਣ ਦੇ ਮੱਦੇਨਜ਼ਰ ਪੰਜਾਬ ਭਰ 'ਚ ਇਹ ਸ਼ੁਕਰਾਨਾ ਯਾਤਰਾ ਕਰਨ ਦਾ ਫ਼ੈਸਲਾ ਕੀਤਾ ਹੈ। ਪਟਿਆਲਾ ਦੇ ਕਾਲੀ ਮਾਤਾ ਮੰਦਰ ਤੋਂ ਸ਼ੁਰੂ ਹੋਈ ਇਹ ਯਾਤਰਾ ਅੰਮ੍ਰਿਤਸਰ ਸਥਿਤ ਦਰਬਾਰ ਸਾਹਿਬ ਤੇ ਦੁਰਗਿਆਣਾ ਮੰਦਰ ਤੋਂ ਹੁੰਦੇ ਹੋਏ ਸ੍ਰੀ ਰਾਮ ਤੀਰਥ ਮੰਦਰ ਵਿਖੇ ਸਮਾਪਤ ਹੋਵੇਗੀ।

ਇਸ ਸਬੰਧੀ ਪੰਜਾਬ ਦੇ ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨੇ ਬੀਤੇ ਦਿਨ ਦੱਸਿਆ ਸੀ ਕਿ ਯਾਤਰਾ ਕਾਲੀ ਮਾਤਾ ਮੰਦਰ ਤੋਂ ਸ਼ੁਰੂ ਹੋ ਕੇ ਸਰਹਿੰਦ, ਮੰਡੀ ਗੋਬਿੰਦਗੜ੍ਹ, ਖੰਨਾ, ਦੋਰਾਹਾ, ਲੁਧਿਆਣਾ, ਫਿਲੌਰ, ਫਗਵਾੜਾ, ਜਲੰਧਰ ਤੇ ਕਰਤਾਰਪੁਰ ਸਾਹਿਬ ਤੋਂ ਹੁੰਦੀ ਹੋਈ ਸੱਚਖੰਡ ਦਰਬਾਰ ਸਾਹਿਬ ਪਹੁੰਚੇਗੀ। ਦੁਰਗਿਆਣਾ ਮੰਦਰ 'ਚ ਜਾਣ ਤੋਂ ਬਾਅਦ ਵਾਲਮੀਕਿ ਰਾਮਤੀਰਥ ਮੰਦਰ ਦੇ ਦਰਸ਼ਨ ਕਰਕੇ ਯਾਤਰਾ ਦੀ ਸਮਾਪਤੀ ਹੋਵੇਗੀ।

ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਹੋਈਆਂ ਜ਼ਿਮਨੀ ਚੋਣਾਂ ਦੌਰਾਨ ਮਾਲਵੇ, ਮਾਝੇ ਤੇ ਦੋਆਬੇ ਦੇ ਲੋਕਾਂ ਨੇ ਪਾਰਟੀ ਨੂੰ ਵੱਡਾ ਫਤਵਾ ਦਿੱਤਾ ਹੈ। ਇਸੇ ਕਰਕੇ ਪਾਰਟੀ ਵੱਲੋਂ ਪੰਜਾਬ ਦੇ ਲੋਕਾਂ ਦਾ ਧੰਨਵਾਦ ਕੀਤਾ ਜਾਵੇਗਾ। ਕੈਬਨਿਟ ਮੰਤਰੀ ਨੇ ਦਾਅਵਾ ਕੀਤਾ ਕਿ ਪੰਜਾਬ ਵਿੱਚ 'ਆਪ' ਦੀ ਸਰਕਾਰ ਵੱਲੋਂ ਪਿਛਲੇ ਪੌਣੇ ਤਿੰਨ ਸਾਲਾਂ ਦੌਰਾਨ ਕੀਤੇ ਕੰਮਾਂ ਨੂੰ ਦੇਖਦਿਆਂ ਲੋਕਾਂ ਨੇ ਇਹ ਫਤਵਾ ਦਿੱਤਾ ਹੈ। ਇਸ ਦੇ ਨਾਲ ਹੀ ਸਿਆਸਤ ਵਿੱਚ 'ਹੰਕਾਰ ਕਰਨ' ਵਾਲਿਆਂ ਨੂੰ ਸਬਕ ਸਿਖਾਇਆ ਹੈ।

# ਮੋਹਾਲੀ ਦੀਆਂ ਦੋ ਲੜਕੀਆਂ ਦੀ ਏਅਰ ਫੋਰਸ ਅਕੈਡਮੀ ਲਈ ਚੋਣ; ਜਨਵਰੀ ਤੋਂ ਸ਼ੁਰੂ ਹੋਵੇਗੀ ਸਿਖਲਾਈ

**ਚੰਡੀਗੜ੍ਹ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਲੜਕੀਆਂ ਨੂੰ ਸਸ਼ਕਤ ਬਣਾਉਣ ਸਬੰਧੀ ਆਪਣੇ ਮਿਸ਼ਨ ਨੂੰ ਜਾਰੀ ਰੱਖਦਿਆਂ ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਫਾਰ ਗਰਲਜ਼ ਐਸ.ਏ.ਐਸ. ਨਗਰ (ਮੁਹਾਲੀ) ਦੀਆਂ ਦੋ ਮਹਿਲਾ ਕੈਡਿਟਾਂ, ਚਰਨਪ੍ਰੀਤ ਕੌਰ ਅਤੇ ਮਹਿਕ, ਦੀ ਵੱਕਾਰੀ ਏਅਰ ਫੋਰਸ ਅਕੈਡਮੀ, ਡੁੰਡੀਗਲ ਵਿਖੇ ਪ੍ਰੀ-ਕਮਿਸ਼ਨ ਸਿਖਲਾਈ ਲਈ ਚੁਣਿਆ ਗਿਆ ਹੈ। ਇਨ੍ਹਾਂ ਦੀ ਸਿਖਲਾਈ ਜਨਵਰੀ 2025 ਤੋਂ ਸ਼ੁਰੂ ਹੋਵੇਗੀ।

ਕੁਰਾਲੀ (ਐਸ.ਏ.ਐਸ. ਨਗਰ) ਦੀ ਰਹਿਣ ਵਾਲੀ ਮਹਿਲਾ ਕੈਡੇਟ ਚਰਨਪ੍ਰੀਤ ਕੌਰ, ਦੇ ਪਿਤਾ ਸ. ਹਰਮਿੰਦਰ ਸਿੰਘ ਬਨਵੈਤ ਇੱਕ ਪ੍ਰਾਈਵੇਟ ਕੰਪਨੀ ਵਿੱਚ ਡਰਾਈਵਰ ਵਜੋਂ ਕੰਮ ਕਰਦੇ ਹਨ। ਐਸ.ਏ.ਐਸ.ਨਗਰ ਦੀ ਰਹਿਣ ਵਾਲੀ ਮਹਿਲਾ ਕੈਡਿਟ ਮਹਿਕ ਦੇ ਪਿਤਾ ਸ੍ਰੀ ਅਨਿਲ ਕੁਮਾਰ ਦਹੀਆ ਸਰਕਾਰੀ ਅਧਿਆਪਕ ਹਨ।

ਮੈਰਿਟ ਸੂਚੀ ਵਿੱਚ ਸ਼ਾਮਲ 192 ਲੜਕੀਆਂ ਵਿੱਚੋਂ, ਚਰਨਪ੍ਰੀਤ ਕੌਰ ਨੇ ਚੌਥਾ ਆਲ ਇੰਡੀਆ ਰੈਂਕ (ਏ.ਆਈ.ਆਰ.) ਹਾਸਲ ਕੀਤਾ ਹੈ ਜਦੋਂਕਿ ਮਹਿਕ ਨੇ 23ਵਾਂ ਰੈਂਕ ਪ੍ਰਾਪਤ ਕੀਤਾ ਹੈ।

ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਸ੍ਰੀ ਅਮਨ ਅਰੋੜਾ ਨੇ ਦੋਵਾਂ ਮਹਿਲਾ ਕੈਡਿਟਾਂ ਨੂੰ ਸ਼ਾਨਦਾਰ ਉਪਲੱਬਧੀ ਲਈ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਸਫ਼ਲਤਾ ਬਿਨਾਂ ਸ਼ੱਕ ਪੰਜਾਬ ਦੀਆਂ ਹੋਰ ਲੜਕੀਆਂ ਨੂੰ ਵੀ ਰੱਖਿਆ ਸੇਵਾਵਾਂ ਵਿੱਚ ਕਮਿਸ਼ਨਡ ਅਫਸਰ ਵਜੋਂ ਦੇਸ਼ ਦੀ ਸੇਵਾ ਨਿਭਾਉਣ ਦੇ ਮੌਕੇ ਹਾਸਲ ਕਰਨ ਲਈ ਪ੍ਰੇਰਿਤ ਕਰੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪਿਛਲੇ ਸਾਲ ਮਾਈ ਭਾਗੋ ਏ.ਐਫ.ਪੀ.ਆਈ. ਵਿਖੇ ਲੜਕੀਆਂ ਲਈ ਐਨ.ਡੀ.ਏ. ਪ੍ਰੈਪਰੇਟਰੀ ਵਿੰਗ ਸ਼ੁਰੂ ਕਰਨ ਨੂੰ ਪ੍ਰਵਾਨਗੀ ਦਿੱਤੀ ਸੀ। ਇਸ ਸੰਸਥਾ ਦੀਆਂ ਚਾਰ ਹੋਰ ਮਹਿਲਾ ਕੈਡਿਟਾਂ ਨੇ ਐਨ.ਡੀ.ਏ. ਦੀ ਦਾਖਲਾ ਪ੍ਰੀਖਿਆ ਪਾਸ ਕਰ ਲਈ ਹੈ ਅਤੇ ਹੁਣ ਉਹ ਆਪਣੀ ਐਸ.ਐਸ.ਬੀ. ਸਕ੍ਰੀਨਿੰਗ ਦੀ ਤਿਆਰੀ ਕਰ ਰਹੀਆਂ ਹਨ।

ਮਾਈ ਭਾਗੋ ਏ.ਐਫ.ਪੀ.ਆਈ. ਦੇ ਡਾਇਰੈਕਟਰ ਮੇਜਰ ਜਨਰਲ ਜਸਬੀਰ ਸਿੰਘ ਸੰਧੂ ਏ.ਵੀ.ਐਸ.ਐਮ. (ਸੇਵਾਮੁਕਤ) ਨੇ ਏਅਰ ਫੋਰਸ ਅਕੈਡਮੀ ਲਈ ਮਹਿਲਾ ਕੈਡਿਟਾਂ ਦੀ ਚੋਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਸ ਪ੍ਰਾਪਤੀ ਨਾਲ ਸੂਬੇ ਦੀਆਂ ਹੋਰ ਲੜਕੀਆਂ ਨੂੰ ਵੀ ਵੱਖ-ਵੱਖ ਹਥਿਆਰਬੰਦ ਬਲਾਂ ਦੀਆਂ ਪ੍ਰੀ-ਕਮਿਸ਼ਨ ਸਿਖਲਾਈ ਅਕੈਡਮੀਆਂ ਵਿੱਚ ਭੇਜਣ ਸਬੰਧੀ ਉਨ੍ਹਾਂ ਦੇ ਯਤਨਾਂ ਨੂੰ ਹੋਰ ਹੁਲਾਰਾ ਮਿਲੇਗਾ। ਉਨ੍ਹਾਂ ਨੇ ਇਨ੍ਹਾਂ ਮਹਿਲਾ ਕੈਡਿਟਾਂ ਨੂੰ ਭਾਰਤੀ ਹਵਾਈ ਸੈਨਾ ਵਿੱਚ ਸੁਨਹਿਰੀ ਭਵਿੱਖ ਲਈ ਸ਼ੁਭਕਾਮਨਾਵਾਂ ਵੀ ਦਿੱਤੀਆਂ।

# ਭੰਡਾਰਿਆਂ ਦੇ ਚੱਲਦੇ ਡੇਰਾ ਬਿਆਸ ਜਾਣ ਵਾਲੀ ਸੰਗਤ ਲਈ ਵੱਡੀ ਖੁਸ਼ਖਬਰੀ

ਏਜੰਸੀਆਂ

ਜਲੰਧਰ 27 ਨਵੰਬਰ। ਰਾਧਾ ਸੁਆਮੀ ਸਤਿਸੰਗ ਡੇਰਾ ਬਿਆਸ ਜਾਣ ਵਾਲੀ ਸੰਗਤ ਲਈ ਰਾਹਤ ਭਰੀ ਖਬਰ ਹੈ। ਦਰਅਸਲ, 5 ਦਿਨਾਂ ਲਈ ਰੱਦ ਕੀਤੀਆਂ



ਟਰੇਨਾਂ ਦਾ ਸੰਚਾਲਨ ਚਾਰ ਦਿਨ ਬਾਅਦ 27 ਨਵੰਬਰ ਤੋਂ ਮੁੜ ਸੁਰੂ ਹੋਵੇਗਾ, ਇਸ ਨਾਲ ਡੇਰਾ ਬਿਆਸ ਜਾਣ ਵਾਲੀ ਸੰਗਤ ਨੂੰ ਵੱਡੀ ਰਾਹਤ ਮਿਲੇਗੀ। ਜਾਣਕਾਰੀ ਅਨੁਸਾਰ ਚਹੇੜੂ ਰੇਲਵੇ ਸਟੇਸਨ 'ਤੇ ਇੰਟਰਲਾਕਿੰਗ ਦੇ ਕੰਮ ਕਾਰਨ ਕਈ ਰੇਲ ਗੱਡੀਆਂ ਪ੍ਰਭਾਵਿਤ ਹੋ ਰਹੀਆਂ ਹਨ, ਜਿਸ ਕਾਰਨ ਰੇਲਵੇ ਨੇ ਬਿਆਸ ਭੰਡਾਰੇ ਲਈ 2 ਰੇਲ ਗੱਡੀਆਂ ਬਹਾਲ ਕਰ ਦਿੱਤੀਆਂ ਹਨ ਤਾਂ ਜੋ ਬਿਆਸ ਆਉਣ-ਜਾਣ ਵਾਲੀ ਸੰਗਤ ਨੂੰ ਕਿਸੇ ਤਰ੍ਹਾਂ ਦੀ ਪ੍ਰੇਸਾਨੀ ਦਾ ਸਾਹਮਣਾ ਨਾ ਕਰਨਾ ਪਵੇ। ਦੱਸਣਯੋਗ ਹੈ ਕਿ ਡੇਰਾ ਬਿਆਸ ਵਿਚ ਇਨ੍ਹੀਂ ਦਿਨੀਂ ਭੰਡਾਰਿਆਂ ਦਾ ਆਯੋਜਨ ਹੋ ਰਿਹਾ ਹੈ। ਸ਼ੁੱਕਰਵਾਰ ਤੋਂ ਲੈ ਕੇ ਐਤਵਾਰ ਤਕ ਵੱਡੀ ਗਿਣਤੀ ਵਿਚ ਸੰਗਤ ਡੇਰਾ ਬਿਆਸ ਬਾਬਾ ਗੁਰਿੰਦਰ ਸਿੰਘ ਢਿੱਲੋਂ ਦੇ ਦਰਸ਼ਨ ਕਰਨ ਅਤੇ ਉਨ੍ਹਾਂ ਦਾ ਸਤਿਸੰਗ ਸੁਣਨ ਲਈ ਬਿਆਸ ਆਉਂਦੀ ਹੈ। ਸੰਗਤ ਦੀ ਸਹੂਲਤ ਦੇ ਮੱਦੇਨਜਰ ਦੋ ਟ੍ਰੇਨਾਂ ਬਹਾਲ ਕੀਤੀਆਂ ਗਈਆਂ ਹਨ ਤਾਂ ਜੋ ਆਉਣ ਜਾਣ ਵਾਲੀ ਸੰਗਤ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਨਾ ਹੋਵੇ। ਯਾਦ ਰਹੇ ਕਿ ਕੁਝ ਦਿਨਾਂ ਤੋਂ ਤਕਨੀਕੀ ਕਾਰਣਾਂ ਕਰਕੇ ਟ੍ਰੇਨਾਂ ਦੀ ਆਵਾਜਾਈ ਕਾਫੀ ਪ੍ਰਭਾਵਤ ਹੋ ਰਹੀ ਹੈ। ਜਲੰਧਰ ਕੈਂਟ ਸਟੇਸ਼ਨ 'ਤੇ ਨਿਰਮਾਣ ਕਾਰਜ ਚੱਲਣ ਕਰਕੇ ਕਈ ਟ੍ਰੇਨਾਂ ਨੂੰ ਫਗਵਾੜਾ ਸਟੇਸ਼ਨ 'ਤੇ ਹੀ ਟਰਮੀਨੇਟ ਕੀਤਾ ਜਾ ਰਿਹਾ ਹੈ। ਜਿਸ ਕਾਰਣ ਸੰਗਤ ਨੂੰ ਡੇਰਾ ਬਿਆਸ ਪਹੁੰਚਣ ਵਿਚ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਸੇ ਕਰਕੇ ਰਾਧਾ ਸੁਆਮੀ ਸਤਿਸੰਗ ਘਰ ਜਲੰਧਰ ਅਤੇ ਫਗਵਾੜਾ ਦੇ ਪ੍ਰਬੰਧਕਾਂ ਨੇ ਸੰਗਤ ਦੀ ਸਹੂਲਤ ਲਈ ਫਗਵਾੜਾ ਸਟੇਸ਼ਨ 'ਤੇ ਸੇਵਾਦਾਰਾਂ ਨੂੰ ਤਾਇਨਾਤ ਕੀਤਾ ਹੈ ਅਤੇ ਡੇਰਾ ਬਿਆਸ ਆਉਣ ਵਾਲੀ ਦੂਜੇ ਸੂਬਿਆਂ ਦੀ ਸੰਗਤ ਨੂੰ ਡੇਰਾ ਪਹੁੰਚਣ ਦਾ ਇੰਤਜਾਮ ਕੀਤਾ ਹੈ। ਸੰਗਤ ਲਈ ਸਪੈਸ਼ਲ ਬੱਸਾਂ ਲਗਾਈਆਂ ਗਈਆਂ ਹਨ। ਇੰਨਾ ਹੀ ਨਹੀਂ ਸੰਗਤ ਦੇ ਨਾਲ-ਨਾਲ ਹੋਰ ਰੇਲ ਯਾਤਰੀਆਂ ਲਈ ਚਾਹ ਪਾਣੀ ਦਾ ਲੰਗਰ ਦਾ ਵੀ ਪ੍ਰਬੰਧਕ ਕੀਤਾ ਗਿਆ ਹੈ। ਬਜੁਰਗਾਂ ਲਈ ਵ੍ਹੀਲਚੇਅਰ ਦਾ ਬੰਦੋਬਸਤ ਕੀਤਾ ਗਿਆ ਹੈ। ਸਮੇਂ ਸਿਰ ਡੇਰਾ ਬਿਆਸ ਪਹੁੰਚੀ ਸੰਗਤ ਨੇ ਇਸ ਸਹੂਲਤ ਲਈ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਹੈ।

# 'ਪੰਜਾਬ 'ਚ ਰੇਤ ਮਾਫੀਆ ਖਤਮ, 5.50 ਰੁਪਏ 'ਚ ਮਿਲ ਰਹੀ ਰੇਤ', ਮਾਈਨਿੰਗ ਮੰਤਰੀ ਨੇ ਕੀਤਾ ਦਾਅਵਾ

ਸਰਦੂਲ ਸਿੰਘ

ਚੰਡੀਗੜ੍ਹ 27 ਨਵੰਬਰ। ਸੂਬੇ ਦੇ ਲੋਕਾਂ ਨੂੰ ਸਸਤੇ ਭਾਅ 'ਤੇ ਰੇਤਾ-ਬਜਰੀ ਮੁਹੱਈਆ ਕਰਵਾਉਣ ਦੇ ਮੱਦੇਨਜ਼ਰ ਪੰਜਾਬ ਦੇ ਮਾਈਨਿੰਗ ਤੇ ਭੂ-ਵਿਗਿਆਨ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਵੀਰਵਾਰ ਨੂੰ ਕਮਰਸ਼ੀਅਲ ਮਾਈਨਿੰਗ ਸਾਈਟਾਂ (ਸੀ. ਐੱਮ. ਐੱਸ.) ਦੇ ਠੇਕੇਦਾਰਾਂ ਨਾਲ ਅਹਿਮ ਮੀਟਿੰਗ ਕੀਤੀ, ਜਿਸ 'ਚ ਉਨ੍ਹਾਂ ਨੇ ਠੇਕੇਦਾਰਾਂ ਨੂੰ ਲੋਕਾਂ ਲਈ ਵਾਜਿਬ ਦਰਾਂ 'ਤੇ ਰੇਤਾ ਅਤੇ ਬਜਰੀ ਉਪਲਬਧ ਕਰਵਾਉਣ ਨੂੰ ਯਕੀਨੀ ਬਣਾਉਣ ਲਈ ਕਿਹਾ। ਠੇਕੇਦਾਰਾਂ ਨਾਲ ਮੀਟਿੰਗ ਦੌਰਾਨ ਗੋਇਲ ਨੇ ਕਿਹਾ ਕਿ 'ਆਪ' ਸਰਕਾਰ ਨੇ ਲੋਕਾਂ ਦੀ ਲੁੱਟ-ਖਸੁੱਟ ਕਰਨ ਵਾਲੇ ਰੇਤ ਮਾਫੀਆ ਦਾ ਖਾਤਮਾ ਕਰ ਦਿੱਤਾ ਹੈ। ਹੁਣ ਜਨਤਕ ਤੇ ਵਪਾਰਕ ਮਾਈਨਿੰਗ ਸਾਈਟਾਂ 'ਤੇ ਰੇਤ ਸਿਰਫ਼ 5.50 ਰੁਪਏ 'ਚ ਉਪਲਬਧ ਹੈ, ਜਿਸ ਨਾਲ ਲੋਕਾਂ ਨੂੰ ਵੱਡੀ ਰਾਹਤ ਮਿਲੀ ਹੈ। ਸੂਬੇ 'ਚ ਹੁਣ ਤਕ 73 ਜਨਤਕ ਮਾਈਨਿੰਗ ਸਾਈਟਾਂ ਤੇ 40 ਕਮਰਸ਼ੀਅਲ ਮਾਈਨਿੰਗ ਸਾਈਟਾਂ ਦੇ ਕਲੱਸਟਰ 5.50 ਰੁਪਏ ਪ੍ਰਤੀ ਕਿਊਬਿਕ ਫੁੱਟ ਦੇ ਹਿਸਾਬ ਨਾਲ ਰੇਤ ਦੀ ਕੀਮਤ ਨੂੰ ਯਕੀਨੀ ਬਣਾਉਣ ਲਈ ਕਾਰਜਸ਼ੀਲ ਹਨ। ਹੁਣ ਤਕ 73 ਜਨਤਕ ਮਾਈਨਿੰਗ ਸਾਈਟਾਂ ਤੋਂ ਕੁੱਲ 47.19 ਲੱਖ ਮੀਟ੍ਰਿਕ ਟਨ 'ਚੋਂ ਕੁੱਲ 18.38 ਲੱਖ ਮੀਟ੍ਰਿਕ ਰੇਤ ਕੱਢੀ ਗਈ ਹੈ, ਜਦਕਿ 40 ਵਪਾਰਕ ਮਾਈਨਿੰਗ ਸਾਈਟਾਂ ਦੇ ਕਲੱਸਟਰਾਂ, ਜਿਥੇ 138.68 ਲੱਖ ਮੀਟ੍ਰਿਕ ਟਨ ਦੀ ਯੋਜਨਾਬੱਧ ਨਿਕਾਸੀ ਦੀ ਸਮਰੱਥਾ ਹੈ, 'ਚੋਂ 34.50 ਲੱਖ ਮੀਟ੍ਰਿਕ ਰੇਤ ਤੇ ਬਜਰੀ ਕੱਢੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ 132.99 ਲੱਖ ਮੀਟ੍ਰਿਕ ਟਨ ਤੋਂ ਵੱਧ ਰੇਤ ਤੇ ਬਜਰੀ ਜਨਤਕ ਅਤੇ ਵਪਾਰਕ ਦੋਵਾਂ ਸਾਈਟਾਂ 'ਤੇ ਹਾਲੇ ਵੀ ਉਪਲਬਧ ਹੈ।



ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ 'ਚ ਕੁੱਲ 150 ਜਨਤਕ ਮਾਈਨਿੰਗ ਸਾਈਟਾਂ ਅਤੇ 100 ਵਪਾਰਕ ਮਾਈਨਿੰਗ ਸਾਈਟਾਂ ਖੋਲ੍ਹਣ ਦਾ ਟੀਚਾ ਰੱਖਿਆ ਹੈ। ਉਨ੍ਹਾਂ ਕਿਹਾ ਕਿ ਜਨਤਕ ਮਾਈਨਿੰਗ ਸਾਈਟਾਂ ਲੋਕਾਂ ਨੂੰ ਆਪਣੇ ਤੌਰ 'ਤੇ ਰੇਤ ਦੀ ਖੋਦਾਈ ਕਰਨ ਤੇ ਵੇਚਣ ਦੀ ਖੁੱਲ੍ਹ ਦਿੰਦੀਆਂ ਹਨ, ਜਿਸ ਨਾਲ ਉਪਲਬਧਤਾ ਵਧਦੀ ਹੈ ਅਤੇ ਬਾਅਦ 'ਚ ਮਾਰਕੀਟ ਰੇਟਾਂ 'ਚ ਕਮੀ ਆਉਂਦੀ ਹੈ। ਗੈਰ-ਕਾਨੂੰਨੀ ਮਾਈਨਿੰਗ ਨੂੰ ਠੱਲ੍ਹ ਪਾਉਣ ਲਈ ਚੁੱਕੇ ਗਏ ਕਦਮਾਂ ਬਾਰੇ ਵੇਰਵੇ ਸਾਂਝੇ ਕਰਦਿਆਂ ਮੰਤਰੀ ਨੇ ਕਿਹਾ ਕਿ ਅਸੀਂ ਗੈਰ-ਕਾਨੂੰਨੀ ਮਾਈਨਿੰਗ ਗਤੀਵਿਧੀਆਂ ਵਿਰੁੱਧ ਸਖ਼ਤ ਕਾਰਵਾਈ ਕਰ ਰਹੇ ਹਾਂ ਅਤੇ ਸੂਬੇ 'ਚ ਮਾਈਨਿੰਗ ਐਕਟ ਅਤੇ ਨਿਯਮਾਂ ਤਹਿਤ ਅਪ੍ਰੈਲ 2022 ਤੋਂ ਅਕਤੂਬਰ 2024 ਤਕ 1360 ਐੱਫ. ਆਈ. ਆਰਜ਼ ਦਰਜ ਕੀਤੀਆਂ ਗਈਆਂ ਹਨ। ਇਸ ਦੌਰਾਨ ਮੰਤਰੀ ਨੇ ਠੇਕੇਦਾਰਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ ਅਤੇ ਉਨ੍ਹਾਂ ਦੇ ਜਲਦ ਨਿਪਟਾਰੇ ਦਾ ਭਰੋਸਾ ਦਿੱਤਾ। ਸੂਬੇ ਵਿਚ ਰੇਤ ਮਾਫੀਆ ਨੂੰ ਪੈਦਾ ਕਰਨ ਅਤੇ ਇਸ ਦੀ ਸਰਪ੍ਰਸਤੀ ਕਰਨ ਲਈ ਪਿਛਲੀਆਂ ਸਰਕਾਰਾਂ ਨੂੰ ਕਰੜੇ ਹੱਥੀਂ ਲੈਂਦਿਆਂ ਗੋਇਲ ਨੇ ਕਿਹਾ ਕਿ ਹਰ ਕੋਈ ਜਾਣਦਾ ਹੈ ਕਿ ਪਿਛਲੇ ਹੁਕਮਰਾਨ ਰੇਤ ਮਾਫੀਆ ਨਾਲ ਘਿਉ-ਖਿਚੜੀ ਸਨ ਅਤੇ ਉਨ੍ਹਾਂ ਨੇ ਆਪਣੇ ਲੰਬੇ ਕੁਸ਼ਾਸਨ ਦੌਰਾਨ ਸੂਬੇ ਦੀ ਬੜੀ ਬੇ-ਕਿਰਕੀ ਨਾਲ ਲੁੱਟ ਕੀਤੀ। ਉਨ੍ਹਾਂ ਕਿਹਾ ਕਿ ਦੂਜੇ ਸੂਬਿਆਂ ਤੋਂ ਖਣਿਜ ਪਦਾਰਥਾਂ ਦੀ ਢੋਆ-ਢੁਆਈ ਕਰਨ ਵਾਲੇ ਓਵਰਲੋਡ ਵਾਹਨਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਟਰਾਂਸਪੋਰਟ ਵਿਭਾਗ ਨੂੰ ਓਵਰਲੋਡ ਵਾਹਨਾਂ ਵਿਰੁੱਧ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਜਾਣਗੇ। ਇਸ ਮੌਕੇ ਮਾਈਨਿੰਗ ਅਤੇ ਭੂ-ਵਿਗਿਆਨ ਵਿਭਾਗ ਦੇ ਸਕੱਤਰ ਗੁਰਕਿਰਤ ਕਿਰਪਾਲ ਸਿੰਘ, ਮਾਈਨਿੰਗ ਵਿਭਾਗ ਦੇ ਡਾਇਰੈਕਟਰ ਅਭਿਜੀਤ ਕਪਲਿਸ ਅਤੇ ਚੀਫ ਇੰਜੀਨੀਅਰ ਡਾ. ਹਰਿੰਦਰਪਾਲ ਸਿੰਘ ਬੇਦੀ ਵੀ ਮੌਜੂਦ ਸਨ।

## ਮਨਾਲੀ 'ਚ ਵਧੀ ਸੈਲਾਨੀਆਂ ਦੀ ਆਮਦ

ਮਨਾਲੀ 27 ਨਵੰਬਰ। ਹਿਮਾਚਲ ਪ੍ਰਦੇਸ਼ ਦੇ ਮਨਾਲੀ 'ਚ ਇਸ ਸਮੇਂ ਵਿੰਟਰ ਸੈਰ-ਸਪਾਟਾ ਸੀਜਨ ਆਪਣੇ ਸ਼ਿਖਰ 'ਤੇ ਹੈ। ਇੱਥੇ ਸੈਲਾਨੀਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਬਰਫਬਾਰੀ ਦਾ ਮੌਸਮ ਜਿਵੇਂ ਹੀ ਸ਼ੁਰੂ ਹੋਇਆ ਹੈ, ਸੈਲਾਨੀਆਂ ਦੀ ਆਮਦ ਵੀ ਹੋਰ ਵਧਣ ਦੀ ਉਮੀਦ ਜਤਾਈ ਜਾ ਰਹੀ ਹੈ। ਮਨਾਲੀ ਦੇ ਮੁੱਖ ਸੈਰ-ਸਪਾਟਾ ਸਥਾਨ ਇਸ ਸਮੇਂ ਸੈਲਾਨੀਆਂ ਨਾਲ ਗੁਲਜਾਰ ਹਨ ਅਤੇ ਵੀਕੈਂਡ ਦੌਰਾਨ ਇੱਥੇ ਹੋਰ ਵੱਧ ਭੀੜ ਵੱਧੇਗੀ। ਮਨਾਲੀ ਵਿਚ ਸੈਰ-ਸਪਾਟਾ ਉਦਯੋਗ 'ਚ ਪਿਛਲੇ ਇਕ ਹਫਤੇ ਤੋਂ ਤੇਜੀ ਆਈ ਹੈ। ਗ੍ਰੀਨ ਟੈਕਸ ਬੈਰੀਅਰ ਦੇ ਅੰਕੜਿਆਂ ਮੁਤਾਬਕ ਇਸ ਸਮੇਂ ਰੋਜਾਨਾ ਔਸਤਨ 800 ਸੈਲਾਨੀ ਵਾਹਨ ਮਨਾਲੀ ਪਹੁੰਚ ਰਹੇ ਹਨ। ਇਸ ਤੋਂ ਇਲਾਵਾ 90 ਤੋਂ ਵੱਧ ਵੋਲਵੋ ਬੱਸਾਂ ਅਤੇ ਟੈਂਪੂ ਟਰੈਵਲਰਾਂ ਜਰੀਏ ਵੀ ਹਜਾਰਾਂ ਸੈਰ-ਸਪਾਟਾ ਦਾ ਰੁਖ ਕਰ ਚੁੱਕੇ ਹਨ। ਮਨਾਲੀ ਦੇ ਹੋਟਲ ਉਦਯੋਗ ਵਿਚ ਵੀ ਇਸ ਸਮੇਂ ਚੰਗੀ ਬੁਕਿੰਗ ਵੇਖੀ ਜਾ ਰਹੀ ਹੈ। ਦਿਨ ਦੇ ਸਮੇਂ ਸੈਰ-ਸਪਾਟਾ ਵਾਲੀਆਂ ਥਾਵਾਂ 'ਤੇ ਭੀੜ ਵੱਧਣ ਦੇ ਨਾਲ-ਨਾਲ ਸ਼ਾਮ ਹੁੰਦੇ ਹੀ ਮਨਾਲੀ ਦਾ ਪ੍ਰਸਿੱਧ ਮਾਲ ਰੋਡ



ਸੈਲਾਨੀਆਂ ਨਾਲ ਭਰ ਜਾਂਦਾ ਹੈ। ਸੈਲਾਨੀਆਂ ਵਲੋਂ ਇੱਥੇ ਕੀਤੀ ਜਾ ਰਹੀ ਸ਼ਾਪਿੰਗ ਅਤੇ ਖਾਣ-ਪੀਣ ਦੇ ਆਨੰਦ ਨਾਲ ਇਹ ਖੇਤਰ ਪੂਰੀ ਤਰ੍ਹਾਂ ਗੁਲਜਾਰ ਹੋ ਜਾਂਦਾ ਹੈ। ਹੋਟਲ ਸੰਚਾਲਕ ਹੰਸਰਾਜ ਅਤੇ ਦਵਿੰਦਰ ਦਾ ਕਹਿਣਾ ਹੈ ਕਿ ਇਨ੍ਹੀਂ ਦਿਨੀਂ ਹੋਟਲਾਂ ਵਿਚ 40 ਤੋਂ 60 ਫੀਸਦੀ ਕਮਰੇ ਬੁੱਕ ਹੋ ਚੁੱਕੇ ਹਨ ਅਤੇ ਵੀਕੈਂਡ ਦੌਰਾਨ ਇਹ ਗਿਣਤੀ ਹੋਰ ਵਧ ਸਕਦੀ ਹੈ। ਮਨਾਲੀ ਦਾ ਮੌਸਮ ਇਸ ਸਮੇਂ ਸੈਲਾਨੀਆਂ ਲਈ ਖਾਸ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਜਿਵੇਂ-ਜਿਵੇਂ ਬਰਫਬਾਰੀ ਵਧੇਗੀ ਉਵੇਂ-ਉਵੇਂ ਸੈਲਾਨੀਆਂ ਦੀ ਗਿਣਤੀ 'ਚ ਹੋਰ ਵਾਧਾ ਹੋਣ ਦੀ ਸੰਭਾਵਨਾ ਹੈ। ਹੋਟਲ ਅਤੇ ਸੈਰ-ਸਪਾਟਾ ਕਾਰੋਬਾਰ ਨਾਲ ਜੁੜੇ ਲੋਕ ਇਸ ਸੀਜਨ ਨੂੰ ਲੈ ਕੇ ਆਸਵੰਦ ਹਨ ਅਤੇ ਉਮੀਦ ਕਰ ਰਹੇ ਹਨ ਕਿ ਆਉਣ ਵਾਲੇ ਦਿਨਾਂ ਵਿਚ ਸੈਰ-ਸਪਾਟਾ ਹੋਰ ਜਿ਼ਆਦਾ ਵਧੇਗਾ।

## ਬਾਂਦਰਾਂ ਦੀ ਦਹਿਸ਼ਤ, ਲੋਕ ਹੋਏ ਪਰੇਸ਼ਾਨ, ਨਿਗਮ ਨੂੰ ਲਾਈ ਮਦਦ ਦੀ ਗੁਹਾਰ

ਮੰਡੀ 27 ਨਵੰਬਰ। ਹਿਮਾਚਲ ਪ੍ਰਦੇਸ਼ ਦੇ ਮੰਡੀ 'ਚ ਬਾਂਦਰਾਂ ਦੀ ਗਿਣਤੀ ਤੇਜੀ ਨਾਲ ਵਧ ਰਹੀ ਹੈ, ਜਿਸ ਕਾਰਨ ਸਥਾਨਕ ਲੋਕ ਪਰੇਸ਼ਾਨ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਨਗਰ ਨਿਗਮ ਨੇ ਪਿਛਲੇ 4 ਸਾਲਾਂ ਵਿਚ ਇਸ ਸਮੱਸਿਆ ਵੱਲ ਕੋਈ ਧਿਆਨ ਨਹੀਂ ਦਿੱਤਾ, ਜਿਸ ਕਾਰਨ ਹੁਣ ਇਹ ਸਮੱਸਿਆ ਗੰਭੀਰ ਬਣ ਚੁੱਕੀ ਹੈ। ਬਾਂਦਰ ਦਿਨ-ਰਾਤ ਲੋਕਾਂ ਦੇ ਘਰਾਂ 'ਚ ਦਾਖਲ ਹੋ ਜਾਂਦੇ ਹਨ ਅਤੇ ਕਾਫੀ ਨੁਕਸਾਨ ਕਰਦੇ ਹਨ। ਹੁਣ ਇਹ ਬਾਂਦਰ ਸ਼ਹਿਰ ਦੇ ਹਰ ਕੋਨੇ ਵਿਚ ਨਜਰ ਆਉਣ ਲੱਗੇ ਹਨ ਅਤੇ ਕਦੇ-ਕਦੇ ਤਾਂ ਇਹ ਲੋਕਾਂ ਲਈ ਖਤਰੇ ਦਾ ਕਾਰਨ ਵੀ ਬਣ ਜਾਂਦੇ ਹਨ। ਕਈ ਵਾਰ ਲੋਕ ਇਨ੍ਹਾਂ ਦੇ ਡਰ ਤੋਂ ਡਿੱਗ ਕੇ ਸੱਟਾਂ ਖਾ ਬੈਠਦੇ ਹਨ। ਕੁਝ ਮਾਮਲਿਆਂ ਵਿਚ ਤਾਂ ਮੌਤ ਵੀ ਹੋ ਚੁੱਕੀ ਹੈ। ਮੰਡੀ ਦੇ ਸਥਾਨਕ ਵਾਸੀ ਅਤੇ ਨਗਰ ਕੌਂਸਲ ਵਿਚ ਕੌਂਸਲਰ ਰਹੇ ਆਕਾਸ਼ ਸ਼ਰਮਾ ਨੇ ਦੱਸਿਆ ਕਿ ਸਵੇਰੇ-ਸ਼ਾਮ ਜਦੋਂ ਵੀ ਲੋਕ ਸੈਰ ਕਰਨ ਜਾਂਦੇ ਹਨ ਤਾਂ ਨਵੇਂ ਪੁਲ 'ਤੇ ਵੀ ਇਨ੍ਹਾਂ ਦੀ ਦਹਿਸ਼ਤ ਲਗਾਤਾਰ ਕਾਇਮ ਰਹਿੰਦੀ ਹੈ। ਕਈ ਵਾਰ ਲੋਕਾਂ ਨੇ ਬਾਂਦਰਾਂ ਵਲੋਂ ਕੱਟਿਆ ਵੀ ਗਿਆ ਹੈ। ਕਈ ਵਾਰ ਲੋਕ ਆਪਣੀਆਂ ਘਰਾਂ ਦੀਆਂ ਛੱਤਾਂ ਤੋਂ ਇਨ੍ਹਾਂ ਦੇ ਡਰ ਕਾਰਨ ਡਿੱਗ ਵੀ ਜਾਂਦੇ ਹਨ। ਨਗਰ ਨਿਗਮ ਨੂੰ 4 ਸਾਲ ਪੂਰੇ ਹੋ ਚੁੱਕੇ ਹਨ ਪਰ ਇਕ ਵੀ ਵਾਰ ਇਨ੍ਹਾਂ ਅਧਿਕਾਰੀਆਂ ਅਤੇ ਅਹੁਦਾ ਅਧਿਕਾਰੀਆਂ ਨੇ ਇਸ ਸਮੱਸਿਆ ਨੂੰ ਦੂਰ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਹੈ। ਲੋਕਾਂ ਦਾ ਕਹਿਣਾ ਹੈ ਕਿ ਨਗਰ ਨਿਗਮ ਨੂੰ ਬਾਂਦਰਾਂ ਦੀ ਗਿਣਤੀ ਨੂੰ ਕੰਟਰੋਲ ਕਰਨ ਲਈ ਜਲਦ ਤੋਂ ਜਲਦ ਕਦਮ ਚੁੱਕਣੇ ਚਾਹੀਦੇ ਹਨ।

# ਟੀ. ਬੀ. ਦੀ ਬੀਮਾਰੀ ਦਾ ਜੇਕਰ ਸਮੇਂ 'ਤੇ ਨਾ ਕਰਵਾਇਆ ਜਾਵੇ ਇਲਾਜ ਤਾਂ ਮਰੀਜ ਦੀ ਜਾ ਸਕਦੀ ਹੈ ਕੀਮਤੀ ਜਾਨ

ਕਿਸ਼ਨ ਪਾਲ

ਅੰਮ੍ਰਿਤਸਰ 27 ਨਵੰਬਰ। ਸਿਹਤ ਵਿਭਾਗ ਵੱਲੋਂ ਟੀ. ਬੀ. ਦੀ ਗੰਭੀਰ ਬੀਮਾਰੀ ਤੋਂ ਮਰੀਜਾਂ ਨੂੰ ਬਚਾਉਣ ਲਈ ਲਗਾਤਾਰ ਜਾਗਰੂਕਤਾ ਲਿਆਂਦੀ ਜਾ ਰਹੀ ਹੈ। ਇਹ ਇੱਕ ਅਜਿਹੀ ਬੀਮਾਰੀ ਹੈ, ਜਿਸ ਦਾ ਸਮੇਂ 'ਤੇ ਇਲਾਜ ਨਾ ਕਰਵਾਇਆ ਜਾਵੇ ਤਾਂ ਇਹ ਜਾਨਲੇਵਾ ਸਾਬਿਤ ਹੋ ਸਕਦੀ ਹੈ। ਵਿਭਾਗ ਵੱਲੋਂ ਬੋਹੜ ਵਾਲਾ ਸ਼ਿਵਾਲਾ ਮੰਦਰ ਵਿਖੇ ਲਗਾਏ ਗਏ ਮੈਡੀਕਲ ਵਿਸੇਸ ਕੈਂਪ ਦੌਰਾਨ ਵੱਖ-ਵੱਖ ਬੀਮਾਰੀਆਂ ਨਾਲ ਸੰਬੰਧਤ 300 ਤੋਂ ਵਧੇਰੇ ਮਰੀਜਾਂ ਦੇ ਜਾਂਚ ਕਰ ਕੇ ਜਿੱਥੇ ਉਨ੍ਹਾਂ ਨੂੰ ਮੁਫਤ ਦਵਾਈ ਦਿੱਤੀ, ਉਥੇ ਹੀ ਉਕਤ ਬੀਮਾਰੀ ਦੀ ਰੋਕਥਾਮ ਅਤੇ ਲੱਛਣਾਂ ਬਾਰੇ ਜਾਣੂੰ ਕਰਵਾਇਆ ਗਿਆ। ਜਿ਼ਲ੍ਹਾ ਟੀ. ਬੀ. ਅਧਿਕਾਰੀ ਡਾ. ਵਿਜੇ ਗੋਤਵਾਲ ਨੇ ਦੱਸਿਆ ਕਿ ਇਹ ਇੱਕ ਅਜਿਹੀ ਬੀਮਾਰੀ ਹੈ ਜੋ ਕਿ ਇਲਾਜ ਨਾ ਕਰਵਾਉਣ 'ਤੇ ਗੰਭੀਰ ਰੂਪ ਧਾਰਨ ਕਰ ਲੈਂਦੀ ਹੈ। ਦੋ ਹਫਤੇ ਤੋਂ ਪੁਰਾਣੀ ਖਾਂਸੀ ਅਤੇ ਲਗਾਤਾਰ ਭਾਰ ਘੱਟਣਾ, ਇਸ ਦੇ ਨਾਲ ਭੁੱਖ ਘੱਟ ਲੱਗਣੀ ਆਦਿ ਬੀਮਾਰੀ ਦੇ ਲੱਛਣ ਹਨ। ਉਕਤ ਬੀਮਾਰੀ ਨੂੰ ਗੰਭੀਰਤਾ ਨਾਲ ਦੇਖਦਿਆਂ ਹੋਇਆ ਸਰਕਾਰ



ਵੱਲੋਂ ਮੁਫਤ ਮਰੀਜਾਂ ਨੂੰ ਦਵਾਈ ਦਿੱਤੀ ਜਾਂਦੀ ਹੈ। ਇਸ ਦੇ ਨਾਲ ਹੀ ਵਿਭਾਗ ਦੀਆਂ ਟੀਮਾਂ ਲਗਾਤਾਰ ਇਸ ਬੀਮਾਰੀ ਦੀ ਗ੍ਰਿਫਤ ਵਿੱਚ ਆਉਣ ਵਾਲੇ ਮਰੀਜਾਂ ਦਾ ਅੱਠ ਮਹੀਨੇ ਦਵਾਈ ਚੱਲਣ ਤੱਕ ਫੋਲੋ ਕਰਦੀਆਂ ਹਨ ਅਤੇ ਮਰੀਜਾਂ ਦੇ ਵਾਰਿਸਾਂ ਨੂੰ ਵੀ ਦਵਾਈ ਖਵਾਈ ਜਾਂਦੀ ਹੈ। ਇੱਕ ਮਰੀਜ ਜੇਕਰ ਦਵਾਈ ਦਾ ਸੇਵਨ ਨਹੀਂ ਕਰਦਾ ਤਾਂ ਉਹ ਕਈ ਮਰੀਜਾਂ ਨੂੰ ਇਹ ਬੀਮਾਰੀ ਦੇ ਸਕਦਾ ਹੈ। ਉਨ੍ਹਾਂ ਦੱਸਿਆ ਕਿ ਸ਼ਿਵਾਲਾ ਮੰਦਰ ਦੇ ਸਹਿਯੋਗ ਅਤੇ ਰੈਡ ਕਰੋਸ ਸੁਸਾਇਟੀ ਦੇ ਨਾਲ-ਨਾਲ ਭਾਰਤ ਵਿਕਾਸ ਪ੍ਰੀਸਦ ਦੇ ਵਿਸੇਸ ਸਹਿਯੋਗ ਸਦਕਾ ਇਹ ਕੈਂਪ ਲਗਾਇਆ ਗਿਆ ਹੈ। ਇਸੇ ਤਰ੍ਹਾਂ ਹੋਰ ਵੀ ਕੈਂਪ ਜਿ਼ਲ੍ਹੇ ਵਿੱਚ ਲਗਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ 300 ਤੋਂ ਵਧੇਰੇ ਮਰੀਜਾਂ ਦੀ ਜਾਂਚ ਕੀਤੀ ਗਈ ਹੈ। ਇਸ ਮੌਕੇ ਮੰਦਰ ਕਮੇਟੀ ਦੇ ਪ੍ਰਧਾਨ ਪਵਨ ਬਿਆਲਾ, ਚੇਅਰਮੈਨ ਦਵਿੰਦਰ ਸਰਮਾ, ਮਨੋਹਰ ਸਹਿਗਲ, ਸਤੀਸ ਸਲਵਾਨ, ਸੰਜੀਵ ਸਰਮਾ, ਸੰਜੀਵ ਜੈਨ, ਸੁਮਿਤ ਪੁਰੀ, ਰਾਕੇਸ ਹਾਂਡਾ, ਸੁਰੇਸ ਠਾਕੁਰ, ਦੀਪਕ ਭਾਟੀਆ, ਪ੍ਰਵੀਨ ਸਰਮਾ, ਦੀਪਕ ਸਰਮਾ, ਰਵੀ ਦੱਤ, ਰਾਜੀਵ ਅਗਰਵਾਲ ਅਤੇ ਹੋਰ ਮੌਜੂਦ ਸਨ।

# ਵੈਨ ਅਤੇ ਟਰੱਕ ਵਿਚਾਲੇ ਹੋਈ ਭਿਆਨਕ ਟੱਕਰ, 4 ਔਰਤਾਂ ਦੀ ਮੌਤ

ਨੈਸ਼ਨਲ ਡੈਸਕ 27 ਨਵੰਬਰ। ਇਕ ਪਿਕਅੱਪ ਵੈਨ ਅਤੇ ਟਰੱਕ ਦੀ ਆਪਸ 'ਚ ਟੱਕਰ ਹੋਣ ਨਾਲ ਚਾਰ ਔਰਤਾਂ ਦੀ ਮੌਤ ਹੋ ਗਈ ਅਤੇ 16 ਹੋਰ ਯਾਤਰੀ ਜਖਮੀ ਹੋ ਗਏ। ਪੁਲਸ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਇਹ ਹਾਦਸਾ ਗੁਜਰਾਤ ਦੇ ਸੁਰੇਂਦਰਨਗ ਜਿ਼ਲ੍ਹੇ 'ਚ ਵਾਪਰਿਆ। ਸਥਾਨਕ ਥਾਣੇ ਦੇ ਪੁਲਸ ਇੰਸਪੈਕਟਰ ਆਈ.ਬੀ. ਵਾਲਵੀ ਨੇ ਦੱਸਿਆ ਕਿ ਇਹ ਘਟਨਾ ਸੋਮਵਾਰ ਰਾਤ ਕਰੀਬ 10.30 ਵਜੇ ਚੋਟਿਲਾ ਵਜੋਂ ਹੋਈ। ਉਨ੍ਹਾਂ ਦੱਸਿਆ ਕਿ ਵੈਨ 'ਚ 20 ਯਾਤਰੀ ਸਵਾਰ ਸਨ। ਟੱਕਰ ਤੋਂ ਬਾਅਦ 2 ਲੋਕਾਂ ਦੀ ਮੌਤ ਹੋ ਗਈ, ਜਦੋਂ ਕਿ 2 ਹੋਰ ਯਾਤਰੀਆਂ ਨੇ ਹਸਪਤਾਲ 'ਚ ਦਮ ਤੋੜ ਦਿੱਤਾ। ਅਧਿਕਾਰੀ ਨੇ ਦੱਸਿਆ ਕਿ ਵੈਨ ਜਿ਼ਲ੍ਹੇ ਦੇ ਲਿੰਬਡੀ ਤਾਲੁਕਾ ਦੇ ਸ਼ਿਆਨੀ ਪਿੰਡ ਤੋਂ ਸੋਮਨਾਥ ਜਾ ਰਹੀ ਸੀ ਅਤੇ ਉਲਟ ਦਿਸ਼ਾ ਤੋਂ ਆ ਰਿਹਾ ਟਰੱਕ ਸੜਕ ਦੇ ਕਿਨਾਰੇ ਇਕ ਹੋਟਲ ਕੋਲ ਰੁਕਣ ਲਈ ਸੱਜੇ ਪਾਸੇ ਮੁੜ ਰਿਹਾ ਸੀ। ਇਸ ਦੌਰਾਨ ਉਨ੍ਹਾਂ ਦੀ ਆਪਸ 'ਚ ਟੱਕਰ ਹੋ ਗਈ। ਮ੍ਰਿਤਕਾਂ ਦੀ ਪਛਾਣ ਮਗਜੀਬੇਨ ਰੇਥਾਰੀਆ (72), ਗਲਾਲਬੇਨ ਰੇਥਾਰੀਆ (60), ਮੰਜੂਬੇਨ ਰੇਥਾਰੀਆ (65) ਅਤੇ ਗੌਰੀਬੇਨ ਰੇਥਾਰੀਆ (68) ਵਜੋਂ ਹੋਈ ਹੈ।

## ਕੇਂਦਰੀ ਜੇਲ੍ਹ 'ਚੋਂ 14 ਮੋਬਾਈਲ, 22 ਤੰਬਾਕੂ ਪੁੜੀਆਂ, ਚਾਰਜ਼ਰ ਅਤੇ ਹੋਰ ਸਾਮਾਨ ਬਰਾਮਦ

ਤਰਨਤਾਰਨ 27 ਨਵੰਬਰ। ਕੇਂਦਰੀ ਜੇਲ੍ਹ ਸ੍ਰੀ ਗੋਇੰਦਵਾਲ ਸਾਹਿਬ ਅੰਦਰੋਂ ਆਏ ਦਿਨ ਨਸ਼ੀਲੇ ਪਦਾਰਥ, ਮੋਬਾਈਲ ਫੋਨ ਅਤੇ ਹੋਰ ਸਾਮਾਨ ਬਰਾਮਦ ਹੋਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ, ਜੋ ਰੁਕਣ ਦਾ ਨਾਮ ਨਹੀਂ ਲੈ ਰਿਹਾ ਹੈ। ਇਸ ਦੀ ਇਕ ਹੋਰ ਤਾਜ਼ਾ ਮਿਸਾਲ ਉਸ ਵੇਲੇ ਵੇਖਣ ਨੂੰ ਮਿਲੀ ਜਦੋਂ ਜੇਲ ਪ੍ਰਸ਼ਾਸਨ ਵੱਲੋਂ ਤਲਾਸ਼ੀ ਅਭਿਆਨ ਦੌਰਾਨ 14 ਮੋਬਾਈਲ, ਸਿਮ, 5 ਡਾਟਾ ਕੇਬਲ, 2 ਹੈੱਡਫੋਨ, 2 ਈਅਰ ਪੌਡ, 22 ਪੁੜੀਆਂ ਤੰਬਾਕੂ ਅਤੇ 2 ਬੰਡਲ ਬੀੜੀਆਂ ਬਰਾਮਦ ਕੀਤੇ ਗਏ ਹਨ। ਇਸ ਸਬੰਧੀ ਪੁਲਸ ਨੇ 4 ਹਵਾਲਾਤੀਆਂ ਨੂੰ ਨਾਮਜ਼ਦ ਕਰਦੇ ਹੋਏ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪ੍ਰਾਪਤ ਜਾਣਕਾਰੀ ਦੇ ਅਨੁਸਾਰ ਕੇਂਦਰੀ ਜੇਲ੍ਹ ਸ੍ਰੀ ਗੋਇੰਦਵਾਲ ਸਾਹਿਬ ਦੇ ਸਹਾਇਕ ਸੁਪਰਡੈਂਟ ਰਘਬੀਰ ਚੰਦ ਅਤੇ



ਗੁਰਦਿਆਲ ਸਿੰਘ ਵੱਲੋਂ ਚਲਾਏ ਗਏ ਵੱਖ-ਵੱਖ ਤਲਾਸ਼ੀ ਅਭਿਆਨਾਂ ਦੌਰਾਨ ਜੇਲ੍ਹ ਵਿਚੋਂ ਵੱਖ-ਵੱਖ ਬੈਰਕਾਂ ਅੰਦਰ ਮੌਜੂਦ 14 ਮੋਬਾਈਲ, ਸਿਮ,5 ਡਾਟਾ ਕੇਬਲ, 2 ਹੈੱਡਫੋਨ, 2 ਈਅਰ ਪੌਡ, 22 ਪੁੜੀਆਂ ਤੰਬਾਕੂ ਅਤੇ 2 ਬੰਡਲ ਬੀੜੀਆਂ ਬਰਾਮਦ ਕੀਤੇ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ.ਐੱਸ.ਪੀ. ਸ੍ਰੀ ਗੋਇੰਦਵਾਲ ਸਾਹਿਬ ਅਤੁਲ ਸੋਨੀ ਨੇ ਦੱਸਿਆ ਕਿ ਸਹਾਇਕ ਸੁਪਰਡੈਂਟਾਂ ਦੇ ਬਿਆਨਾਂ ਹੇਠ ਹਵਾਲਾਤੀ ਗੁਰਦਿੱਤ ਸਿੰਘ ਪੁੱਤਰ ਗੁਰਦੀਪ ਸਿੰਘ ਵਾਸੀ ਸਿਚਾਨ, ਬੋਹੜ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਢਾਉਲੇਵਾਲ, ਅਮਨ ਕੁਮਾਰ ਪੁੱਤਰ ਬਨਾਰਸੀ ਵਾਸੀ ਪੱਟੀ, ਜੁਗਰਾਜ ਸਿੰਘ ਪੁੱਤਰ ਕਾਬਲ ਸਿੰਘ ਪਾਸੀ ਮੀਆਂਪੁਰ ਅਤੇ ਅਣਪਛਾਤੇ ਵਿਅਕਤੀ ਖਿ਼ਲਾਫ ਮਾਮਲਾ ਦਰਜ ਕਰ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਪੰਜਾਬ ਦੀਆਂ ਇਨ੍ਹਾਂ ਬੱਸਾਂ 'ਤੇ ਲੱਗੀ ਪਾਬੰਦੀ

ਲੁਧਿਆਣਾ 27 ਨਵੰਬਰ। ਦੇਸ ਦੀ ਰਾਜਧਾਨੀ ਦਿੱਲੀ ਦੀ ਹਵਾ 'ਚ ਮੌਜੂਦ ਪ੍ਰਦੂਸਣ ਦਾ ਜਹਿਰ ਹੁਣ ਆਮ ਜਨਜੀਵਨ ਨੂੰ ਵੀ ਪ੍ਰਭਾਵਿਤ ਕਰਨ ਲੱਗਾ ਹੈ, ਜਿਸ ਦੇ ਚੱਲਦੇ ਪ੍ਰਦੂਸਣ ਦੇ ਪੱਧਰ ਨੂੰ ਦੇਖਦੇ ਹੋਏ ਦਿੱਲੀ ਦੇ ਟਰਾਂਸਪੋਰਟ ਵਿਭਾਗ ਨੇ ਡੀਜਲ ਇੰਜਣ ਵਾਲੀਆਂ ਅਤੇ ਨਿਯਮਾਂ ਦੀ ਪਾਲਣਾ ਨਾ ਕਰਨ ਵਾਲੀਆਂ ਬੱਸਾਂ ਦੇ ਦਿੱਲੀ 'ਚ ਦਾਖਲੇ 'ਤੇ ਪਾਬੰਦੀ ਲਗਾ ਦਿੱਤੀ ਹੈ। ਇਸ ਨਾਲ ਪੰਜਾਬ ਦੇ ਟਰਾਂਸਪੋਰਟ ਵਿਭਾਗ ਨੂੰ ਵੀ ਮਾਲੀ ਨੁਕਸਾਨ ਹੋਵੇਗਾ ਕਿਉਂਕਿ ਪੰਜਾਬ ਸਰਕਾਰ ਦੀਆਂ ਕਈ ਬੱਸਾਂ ਬੀ. ਐੱਸ. ਇੰਜਣ ਚਾਲਕ ਨਿਰਧਾਰਿਤ ਨਿਯਮਾਂ ਦੀ ਪਾਲਣਾ ਨਹੀਂ ਕਰਦੀਆਂ ਹਾਲਾਂਕਿ ਤਕਨੀਕੀ ਤੌਰ 'ਤੇ ਕਿਹੜੀ ਬੱਸ ਨੂੰ ਐਂਟਰੀ ਮਿਲੇਗੀ ਜਾਂ ਕਿਹੜੀ ਨੂੰ ਨਹੀਂ, ਇਹ ਦਿੱਲੀ ਦੇ ਟਰਾਂਸਪੋਰਟ ਵਿਭਾਗ ਦੇ ਹੁਕਮਾਂ 'ਚ ਸਪੱਸਟ ਲਿਖਿਆ ਹੋਇਆ ਹੈ ਪਰ ਇਸ ਨਾਲ ਹਵਾਈ ਅੱਡੇ 'ਤੇ ਜਾਣ ਵਾਲੀਆਂ ਕਈ ਬੱਸਾਂ 'ਤੇ ਰੋਕ ਲੱਗ ਸਕਦੀ ਹੈ, ਕਿਉਂਕਿ ਪੰਜਾਬ ਦੀਆਂ ਕਈ ਬੱਸਾਂ ਟੈਸਟ 'ਤੇ ਖਰੀਆਂ ਨਹੀਂ ਉਤਰਦੀਆਂ। ਦੂਜੇ ਪਾਸੇ ਦਿੱਲੀ ਨੂੰ ਜਾਣ ਵਾਲੀਆਂ ਲਗਜਰੀ ਬੱਸਾਂ ਅਤੇ ਖਾਸ ਕਰ ਕੇ ਪੰਜਾਬ ਦੇ ਕਈ ਸਹਿਰਾਂ 'ਚ ਉਡਾਣਾਂ ਫੜਨ ਵਾਲੀਆਂ ਬੱਸਾਂ ਵੀ ਪਾਬੰਦੀਸੁਦਾ ਵਾਹਨਾਂ ਦੀ ਸ੍ਰੇਣੀ 'ਚ ਸਾਮਲ ਹਨ।

# ਇਮਤਿਹਾਨਾਂ ਤੋਂ ਪਹਿਲਾਂ ਸੀ. ਬੀ. ਐੱਸ. ਈ. ਦੇ ਵਿਦਿਆਰਥੀਆਂ ਲਈ ਚੰਗੀ ਖਬਰ

ਏਜੰਸੀਆਂ

ਲੁਧਿਆਣਾ 27 ਨਵੰਬਰ। ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀ. ਬੀ. ਐੱਸ. ਈ.) ਨੇ ਪਹਿਲੀ ਵਾਰ 86 ਦਿਨ ਪਹਿਲਾਂ 10ਵੀਂ ਅਤੇ 12ਵੀਂ ਦੀਆਂ ਸਾਲਾਨਾ ਬੋਰਡ ਪ੍ਰੀਖਿਆਵਾਂ ਦੀ ਡੇਟਸ਼ੀਟ ਜਾਰੀ ਕੀਤੀ ਹੈ। ਡੇਟ ਸ਼ੀਟ ਜਾਰੀ ਕਰਨ ਦੇ ਨਾਲ ਇਸ ਵਾਰ ਬੋਰਡ ਨੇ ਪ੍ਰੀਖਿਆ ਦੀ ਵਿਉਂਤਬੰਦੀ 'ਚ ਕਈ ਅਹਿਮ ਬਦਲਾਅ ਕੀਤੇ ਹਨ, ਜਿਸ ਨਾਲ ਵਿਦਿਆਰਥੀਆਂ ਅਤੇ ਸਕੂਲਾਂ ਨੂੰ ਤਿਆਰੀ ਲਈ ਪੂਰਾ ਸਮਾਂ ਮਿਲੇਗਾ। 12ਵੀਂ ਜਮਾਤ ਦੀਆਂ ਪ੍ਰੀਖਿਆਵਾਂ 15 ਫਰਵਰੀ ਤੋਂ ਸ਼ੁਰੂ ਹੋਣਗੀਆਂ, ਜਿਸ 'ਚ ਪਹਿਲਾ ਪੇਪਰ ਸਰੀਰਕ ਸਿੱਖਿਆ ਦਾ ਹੋਵੇਗਾ, ਉਥੇ ਹੀ 10ਵੀਂ ਦੀਆਂ ਪ੍ਰੀਖਿਆਵਾਂ ਵੀ ਇਸੇ ਦਿਨ ਇੰਗਲਿਸ਼ ਦੇ ਪੇਪਰ ਨਾਲ ਸ਼ੁਰੂ ਹੋਣਗੀਆਂ। ਬੋਰਡ ਨੇ ਪਹਿਲਾਂ ਵੱਡੇ ਵਿਸ਼ਿਆਂ ਦੀਆਂ ਪ੍ਰੀਖਿਆਵਾਂ ਆਯੋਜਿਤ ਕਰਵਾਉਣ ਦਾ ਫੈਸਲਾ ਲਿਆ ਤਾਂ ਕਿ ਵਿਦਿਆਰਥੀਆਂ ਨੂੰ ਹੋਰ ਵਿਸ਼ਿਆਂ ਦੀ ਤਿਆਰੀ ਲਈ ਵਧੀਆ ਸਮਾਂ ਮਿਲੇ। ਸਾਰੇ ਸਕੂਲਾਂ ਨੂੰ ਨਿਰਦੇਸ਼ ਦਿੱਤਾ ਹੈ ਕਿ ਪ੍ਰੀਖਿਆ ਹਾਲ 'ਚ ਲਾਜ਼ਮੀ ਤੌਰ 'ਤੇ ਸੀ. ਸੀ. ਟੀ. ਵੀ. ਕੈਮਰੇ ਲਗਾਏ ਜਾਣ। ਸਿਰਫ ਉਨ੍ਹਾਂ ਕਲਾਸਾਂ 'ਚ ਪ੍ਰੀਖਿਆ ਆਯੋਜਿਤ ਹੋਵੇਗੀ, ਜਿਥੇ ਇਹ ਸੁਵਿਧਾ ਉਪਲੱਬਧ ਹੈ। 10ਵੀਂ ਅਤੇ 12ਵੀਂ ਦੇ ਵਿਦਿਆਰਥੀਆਂ 75 ਫੀਸਦੀ ਹਾਜ਼ਰੀ ਲਾਜ਼ਮੀ ਕੀਤੀ ਗਈ ਹੈ। ਬੋਰਡ ਨੇ ਪ੍ਰੀਖਿਆਵਾਂ ਵਿਚਕਾਰ ਅੰਤਰਾਲ ਰੱਖਿਆ ਹੈ ਤਾਂ ਕਿ ਵਿਦਿਆਰਥੀਆਂ ਨੂੰ ਪੜ੍ਹਾਈ ਲਈ ਪੂਰਾ ਸਮਾਂ ਮਿਲ ਸਕੇ। ਸਕੂਲ ਸੰਚਾਲਕਾਂ ਦੀ ਮੰਨੀਏ ਤਾਂ 12ਵੀਂ ਦੇ ਟਾਈਮਟੇਬਲ ਨੂੰ ਐਂਟਰੈਂਸ ਇਗਜਾਮ ਨੂੰ ਧਿਆਨ 'ਚ ਰੱਖ ਕੇ ਤਿਆਰ ਕੀਤਾ ਗਿਆ ਹੈ।



ਬੋਰਡ ਮੁਤਾਬਕ 40,000 ਤੋਂ ਜ਼ਿਆਦਾ ਵਿਸ਼ੇ ਕੰਬੀਨੇਸ਼ਨ ਨੂੰ ਧਿਆਨ 'ਚ ਰੱਖਦੇ ਹੋਏ ਸਮਾਂ ਸਾਰਣੀ ਬਣਾਈ ਗਈ ਹੈ, ਜਿਸ ਨਾਲ ਕਿਸੇ ਵੀ ਵਿਦਿਆਰਥੀ ਦੀਆਂ 2 ਪ੍ਰੀਖਿਆਵਾਂ ਇਕ ਦਿਨ 'ਚ ਨਾ ਹੋਣ। ਪ੍ਰਿੰ. ਬੀ. ਸੀ. ਐੱਮ. ਦੁੱਗਰੀ ਡਾ. ਵੰਦਨਾ ਸ਼ਾਹੀ ਨੇ ਕਿਹਾ ਕਿ ਸੀ. ਬੀ. ਐੱਸ. ਈ. ਵੱਲੋਂ ਜਾਰੀ ਕੀਤੀ ਗਈ ਇਹ ਸਮਾਂ ਸਾਰਣੀ ਨਾਲ ਵਿਦਿਆਰਥੀਆਂ ਅਤੇ ਅਧਿਆਪਕਾਂ ਦੋਵਾਂ ਨੂੰ ਤਿਆਰੀ ਲਈ ਵਿਸ਼ੇਸ਼ ਯੋਜਨਾ ਬਣਾਉਣ ਦਾ ਸਮਾਂ ਮਿਲੇਗਾ। ਪ੍ਰੀਖਿਆ ਦੀ ਤਿਆਰੀ ਲਈ ਢੁੱਕਵੀਂ ਬ੍ਰੇਕ ਅਤੇ ਸੀ. ਸੀ. ਟੀ. ਵੀ. ਵਰਗੀਆਂ ਤਕਨੀਕੀ ਸਹੂਲਤਾਂ ਦਾ ਸੁਮੇਲ ਬੋਰਡ ਦੀ ਪਾਰਦਰਸ਼ਤਾ ਅਤੇ ਗੁਣਵੱਤਾ 'ਤੇ ਜ਼ੋਰ ਦਿੰਦਾ ਹੈ। ਇਹ ਕਦਮ ਵਿਦਿਆਰਥੀਆਂ ਦੇ ਬਿਹਤਰ ਪ੍ਰਦਰਸ਼ਨ 'ਚ ਸਹਾਇਕ ਹੋਵੇਗਾ। ਪ੍ਰਿੰ. ਬੀ. ਸੀ. ਐੱਮ. ਆਰੀਆ ਸਕੂਲ ਅਨੁਜਾ ਕੌਸ਼ਲ ਨੇ ਕਿਹਾ ਕਿ ਇਸ ਸਾਲ ਦੀ ਡੇਟਸ਼ੀਟ 'ਚ ਟਾਈਮ ਮੈਨੇਜਮੈਂਟ ਵੱਲ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ। 2 ਵਿਸ਼ਿਆਂ ਵਿਚਕਾਰ ਅੰਤਰਾਲ ਵਿਦਿਆਰਥੀਆਂ ਨੂੰ ਆਪਣੀ ਤਿਆਰੀ ਨੂੰ ਹੋਰ ਮਜ਼ਬੂਤ ਕਰਨ ਦਾ ਮੌਕਾ ਮਿਲੇਗਾ। ਇਸ ਤੋਂ ਇਲਾਵਾ ਪ੍ਰੀਖਿਆ ਦੀ ਪਾਰਦਰਸ਼ਤਾ ਅਤੇ ਸੁਰੱਖਿਆ ਨੂੰ ਪਹਿਲ ਦੇਣਾ ਵੀ ਸ਼ਲਾਘਾਯੋਗ ਹੈ। ਟੈਗੋਰ ਸਕੂਲ ਦੇ ਪ੍ਰਿੰਸੀਪਲ ਅਮਿਤਾ ਦਹੀਆ ਨੇ ਕਿਹਾ ਕਿ ਇਹ ਯਕੀਨੀ ਕੀਤਾ ਗਿਆ ਹੈ ਕਿ ਹਰ ਵਿਦਿਆਰਥੀ ਕੋਲ ਹਰ ਵਿਸ਼ੇ ਲਈ ਢੁੱਕਵਾਂ ਸਮਾਂ ਹੋਵੇ। ਦਾਖਲਾ ਪ੍ਰੀਖਿਆਵਾਂ ਨੂੰ ਧਿਆਨ 'ਚ ਰੱਖਦਿਆਂ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਤਿਆਰ ਕੀਤੀ ਸਮਾਂ-ਸਾਰਣੀ ਇਕ ਵੱਡੀ ਪਹਿਲ ਹੈ। ਇਸ ਨਾਲ ਵਿਦਿਆਰਥੀਆਂ ਨੂੰ ਮਾਨਸਿਕ ਤੌਰ 'ਤੇ ਤਿਆਰ ਰਹਿਣ ਦਾ ਮੌਕਾ ਮਿਲੇਗਾ ਅਤੇ ਉਨ੍ਹਾਂ ਦੇ ਪ੍ਰਦਰਸ਼ਨ 'ਚ ਸੁਧਾਰ ਹੋਵੇਗਾ।

# ਔਰਤਾਂ ਦੀ ਰਸੋਈ ਦਾ ਤੜਕਾ ਹੋਇਆ ਮਹਿੰਗਾ, ਅਸਮਾਨੀ ਚੜ੍ਹੇ ਸਬਜੀਆਂ ਤੇ ਫਲਾਂ ਦੇ ਭਾਅ

ਏਜੰਸੀਆਂ

ਸੁਲਤਾਨਪੁਰ ਲੋਧੀ 27 ਨਵੰਬਰ। ਦੇਸ਼ ਭਰ 'ਚ ਮਹਿੰਗਾਈ ਆਪਣੇ ਸਿਖਰਾਂ 'ਤੇ ਹੈ। ਹਰ ਚੀਜ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਰਹੀਆਂ ਹਨ। ਕੋਈ ਵੀ ਵਸਤੂ ਹੋਵੇ, ਲੋਕਾਂ ਲਈ ਇਸ ਨੂੰ ਖਰੀਦਣਾ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਇਨ੍ਹੀਂ ਦਿਨੀਂ ਇਕ ਵਾਰ ਫਿਰ ਟਮਾਟਰ ਅਤੇ ਪਿਆਜ ਸਮੇਤ ਹੋਰ ਸਬਜੀਆਂ ਅਤੇ ਫਲਾਂ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਰਹੀਆਂ ਹਨ।ਟਮਾਟਰ ਅਤੇ ਹੋਰ ਸਬਜੀਆਂ ਦੀਆਂ ਕੀਮਤਾਂ 'ਚ ਅਚਾਨਕ ਹੋਏ ਵਾਧੇ ਨੂੰ ਖਪਤਕਾਰ ਪਸੰਦ ਨਹੀਂ ਕਰ ਰਹੇ ਹਨ। ਰਸੋਈ 'ਚ ਵਰਤਿਆ ਜਾਣ ਵਾਲਾ ਤੜਕਾ ਦਿਨੋ-ਦਿਨ ਮਹਿੰਗਾ ਹੋਣ ਕਾਰਨ ਘਰੇਲੂ ਔਰਤਾਂ 'ਚ ਗੁੱਸਾ ਹੈ। ਇਨ੍ਹੀਂ ਦਿਨੀਂ ਟਮਾਟਰ ਇਕ ਵਾਰ ਫਿਰ ਤੋਂ ਅਚਾਨਕ ਲਾਲ ਹੋ ਗਏ ਹਨ। ਟਮਾਟਰ ਦੇ ਭਾਅ 60 ਤੋਂ 70 ਰੁਪਏ ਪ੍ਰਤੀ ਕਿਲੋ ਹੋ ਗਏ ਹਨ। ਹਾਲਾਂਕਿ ਪਹਿਲਾਂ ਟਮਾਟਰ 300 ਰੁਪਏ ਕਿਲੋ ਤੱਕ ਪਹੁੰਚ ਗਿਆ ਸੀ ਪਰ ਇਸ ਦੌਰਾਨ ਇਹ 20 ਰੁਪਏ ਪ੍ਰਤੀ ਕਿਲੋ ਹੋ ਗਿਆ ਸੀ ਪਰ ਹੁਣ ਬਾਜਾਰ 'ਚ ਟਮਾਟਰ 60 ਰੁਪਏ ਕਿਲੋ ਵਿਕ ਰਿਹਾ ਹੈ। ਜੇਕਰ ਹੋਰ ਸਬਜੀਆਂ ਦੀ ਗੱਲ ਕਰੀਏ ਤਾਂ ਫੁੱਲ ਗੋਭੀ ਦਾ ਭਾਅ 40 ਰੁਪਏ, ਮਟਰ 80 ਰੁਪਏ, ਸ਼ਿਮਲਾ ਮਿਰਚ 60 ਤੋਂ 70 ਰੁਪਏ, ਟਿੰਡਾ 60 ਤੋਂ 70 ਰੁਪਏ ਅਤੇ ਪਿਆਜ 60 ਤੋਂ 70 ਰੁਪਏ ਤੱਕ ਪਹੁੰਚ ਗਿਆ ਹੈ। ਅਜਿਹੀਆਂ ਸਬਜੀਆਂ ਦੀਆਂ ਵਧਦੀਆਂ ਕੀਮਤਾਂ ਲੋਕਾਂ ਲਈ ਮੁਸੀਬਤ ਦਾ ਕਾਰਨ ਬਣੀਆਂ ਹੋਈਆਂ ਹਨ। ਘਰ ਵਾਲੇ ਇਸ ਗੱਲੋਂ ਚਿੰਤਤ ਹਨ ਕਿ ਹੁਣ ਤੋਂ ਉਨ੍ਹਾਂ ਨੂੰ ਆਪਣੇ ਘਰ ਦਾ ਬਜਟ ਬਣਾਉਣ 'ਚ ਭਾਰੀ ਦਿੱਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਉਣ ਵਾਲੇ ਦਿਨਾਂ 'ਚ ਸਬਜੀਆਂ ਦੀਆਂ ਕੀਮਤਾਂ 'ਚ ਹੋਰ ਵਾਧਾ ਨਹੀਂ ਹੋਣਾ ਚਾਹੀਦਾ। ਸਬਜੀ ਵਿਕ੍ਰੇਤਾ ਦੀਪਕ ਕੁਮਾਰ, ਰਾਮ ਪ੍ਰਕਾਸ਼ ਤੇ ਮਨੋਜ ਦਾ ਕਹਿਣਾ ਹੈ ਕਿ ਵਿਆਹਾਂ ਦੇ ਸੀਜਨ ਕਾਰਨ ਸਬਜੀਆਂ ਦੇ ਭਾਅ ਅਚਾਨਕ ਵਧ ਗਏ ਹਨ। ਸਬਜੀਆਂ ਦੇ ਭਾਅ ਵਧਣ ਕਾਰਨ ਗਾਹਕਾਂ ਦੀ ਗਿਣਤੀ ਕਾਫੀ ਘੱਟ ਗਈ ਹੈ। ਉਨ੍ਹਾਂ ਨੂੰ ਟਮਾਟਰਾਂ 'ਚ ਭਾਰੀ ਨੁਕਸਾਨ ਝੱਲਣਾ ਪੈ ਰਿਹਾ ਹੈ ਕਿਉਂਕਿ ਸ਼ਾਮ ਨੂੰ ਬਚੇ ਟਮਾਟਰ ਅਗਲੇ ਦਿਨ ਵਿਕਣ ਦੇ ਯੋਗ ਨਹੀਂ ਹਨ। ਅਜਿਹੇ 'ਚ ਜਿੱਥੇ ਉਨ੍ਹਾਂ ਦੇ ਵਿਕ੍ਰੇਤਾਵਾਂ 'ਤੇ ਸਬਜੀਆਂ ਦੀ ਚੰਗੀ ਵਿਕਰੀ ਹੁੰਦੀ ਸੀ, ਉਥੇ ਹੁਣ ਸਬਜੀਆਂ ਦੇ ਭਾਅ ਵਧਣ ਕਾਰਨ ਉਨ੍ਹਾਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹੀ ਹਾਲ ਫਲਾਂ ਦਾ ਹੈ, ਜਿੱਥੇ ਅਨਾਰ 150 ਤੋਂ 1701 ਅਜਿਹੇ 'ਚ ਫਲਾਂ ਦੇ ਭਾਅ ਵਧਣ ਕਾਰਨ ਗਰੀਬ ਵਰਗ ਦੇ ਲੋਕ ਫਲ ਖਾਣ ਤੋਂ ਦੂਰ ਹੁੰਦੇ ਜਾ ਰਹੇ ਹਨ। ਇੰਨਾ ਹੀ ਨਹੀਂ ਮੱਧ ਵਰਗ ਦੇ ਲੋਕ ਵੀ ਫਲ ਖਰੀਦਣਾ ਪਸੰਦ ਨਹੀਂ ਕਰਦੇ। ਲੋਕਾਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਘੱਟੋ-ਘੱਟ ਸਬਜੀਆਂ ਅਤੇ ਫਲਾਂ ਦੀਆਂ ਕੀਮਤਾਂ ਘਟਾਈਆਂ ਜਾਣ ਕਿਉਂਕਿ ਇਹ ਹਰ ਘਰ ਲਈ ਬਹੁਤ ਜਰੂਰੀ ਹੈ। ਵਪਾਰੀ ਕਮਲ ਕਿਸ਼ੋਰ ਚਾਵਲਾ ਨੇ ਕਿਹਾ ਕਿ ਅੱਜ ਮਹਿੰਗਾਈ ਦਾ ਸੱਪ ਹਰ ਵਰਗ ਨੂੰ ਡੰਗ ਮਾਰ



ਰਿਹਾ ਹੈ। ਗਰੀਬ ਹੋਵੇ, ਮਜਦੂਰ ਹੋਵੇ ਜਾਂ ਕਿਸਾਨ, ਮਹਿੰਗਾਈ ਹਰ ਵਰਗ ਲਈ ਮੁਸੀਬਤ ਦਾ ਕਾਰਨ ਬਣ ਗਈ ਹੈ। ਮਹਿੰਗਾਈ ਸਬੰਧੀ ਲੋਕਾਂ 'ਚ ਦਹਿਸ਼ਤ ਦਾ ਮਾਹੌਲ ਹੈ। ਉਨ੍ਹਾਂ ਕਿਹਾ ਕਿ ਅਨਾਜ ਦੀਆਂ ਕੀਮਤਾਂ 'ਚ ਵਾਧੇ ਤੋਂ ਹਰ ਵਰਗ ਦੁਖੀ ਹੈ। ਸਰਕਾਰ ਨੂੰ ਫਲਾਂ ਤੇ ਸਬਜੀਆਂ ਦੀਆਂ ਕੀਮਤਾਂ 'ਚ ਤੁਰੰਤ ਰਾਹਤ ਦੇਣੀ ਚਾਹੀਦੀ ਹੈ। ਇਸ ਸਬੰਧੀ ਪ੍ਰਿੰਸੀਪਲ ਵੰਦਨਾ ਸ਼ੁਕਲਾ, ਪ੍ਰਿੰਸੀਪਲ ਮੋਨਿਕਾ ਸਿੰਘ, ਪ੍ਰੇਰਨਾ ਧੀਰ, ਪੂਨਮ ਟੰਡਨ ਅਤੇ ਦੀਕਸ਼ਾ ਅਰੋੜਾ ਦਾ ਕਹਿਣਾ ਹੈ ਕਿ ਜਦੋਂ ਤੋਂ ਟਮਾਟਰ ਅਤੇ ਹੋਰ ਸਬਜੀਆਂ ਦੇ ਭਾਅ ਵਧੇ ਹਨ, ਉਨ੍ਹਾਂ ਨੂੰ ਘਰੇਲੂ ਬਜਟ ਬਣਾਉਣ 'ਚ ਭਾਰੀ ਦਿੱਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਾਲਾਂ ਤੋਂ ਮਹਿੰਗਾਈ ਲਗਾਤਾਰ ਆਸਮਾਨ ਨੂੰ ਛੂਹ ਰਹੀ ਹੈ। ਅੱਜ ਹਰ ਤਰ੍ਹਾਂ ਦੇ ਸਾਮਾਨ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਰਹੀਆਂ ਹਨ। ਖਾਸ ਕਰਕੇ ਖਾਣ-ਪੀਣ ਦੀਆਂ ਵਸਤੂਆਂ ਦੀਆਂ ਕੀਮਤਾਂ ਇਸ ਹੱਦ ਤੱਕ ਵਧ ਗਈਆਂ ਹਨ ਕਿ ਰਸੋਈ ਦਾ ਬਜਟ ਬਣਾਉਣਾ ਬਹੁਤ ਔਖਾ ਹੋ ਗਿਆ ਹੈ। ਹੁਣ ਇਕ ਵਾਰ ਫਿਰ ਪਿਆਜ ਤੇ ਟਮਾਟਰ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅੱਜ ਦੇ ਮਹਿੰਗਾਈ ਦੇ ਦੌਰ 'ਚ ਗਰੀਬ ਤੇ ਮੱਧ ਵਰਗ ਦੇ ਲੋਕਾਂ ਨੂੰ ਦੋ ਵਕਤ ਦੀ ਰੋਟੀ ਦੀ ਲੋੜ ਹੈ। ਉਨ੍ਹਾਂ ਪ੍ਰਧਾਨ ਮੰਤਰੀ ਮੋਦੀ ਨੂੰ ਅਪੀਲ ਕੀਤੀ ਕਿ ਉਹ ਦੇਸ਼ ਦੇ ਲੋਕਾਂ 'ਤੇ ਰਹਿਮ ਕਰਨ।

## 'ਸਾਈਕਲ' ਨੂੰ ਨਹੀਂ ਪਾਈ ਵੋਟ ਤਾਂ ਕਰ 'ਤਾ ਕੁੜੀ ਦਾ ਕਤਲ

ਮੈਨਪੁਰੀ 27 ਨਵੰਬਰ। ਉੱਤਰ ਪ੍ਰਦੇਸ਼ ਦੇ ਮੈਨਪੁਰੀ 'ਚ ਕਰਹਲ ਵਿਧਾਨ ਸਭਾ ਸੀਟ 'ਤੇ ਵੋਟਿੰਗ ਚੱਲ ਰਹੀ ਸੀ। ਇਸ ਦੌਰਾਨ ਇਕ ਦਲਿਤ ਕੁੜੀ ਦੇ ਕਤਲ ਦੇ ਮਾਮਲੇ ਨੇ ਅੱਗ 'ਚ ਘਿਓ ਪਾਉਣ ਵਾਲਾ ਕੰਮ ਕੀਤਾ। ਘਟਨਾ ਤੋਂ ਬਾਅਦ ਮਾਹੌਲ ਹੋਰ ਗਰਮਾ ਗਿਆ ਹੈ। ਕੁੜੀ ਦੇ ਪਰਿਵਾਰਕ ਮੈਂਬਰਾਂ ਨੇ ਕਤਲ ਦਾ ਦੋਸ਼ ਸਮਾਜਵਾਦੀ ਪਾਰਟੀ ਦੇ ਨੇਤਾਵਾਂ 'ਤੇ ਲਾਇਆ ਹੈ। ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਮ੍ਰਿਤਕ ਧੀ ਭਾਜਪਾ ਨੂੰ ਵੋਟ ਪਾਉਣਾ ਚਾਹੁੰਦੀ ਸੀ, ਜਿਸ ਕਾਰਨ ਜਬਰ-ਜਿ਼ਨਾਹ ਤੋਂ ਬਾਅਦ ਉਸ ਦਾ ਕਤਲ ਕਰ ਦਿੱਤਾ ਗਿਆ। ਦੱਸਣਯੋਗ ਹੈ ਕਿ ਮ੍ਰਿਤਕ ਕੁੜੀ ਨੂੰ ਇਕ ਦਿਨ ਪਹਿਲਾਂ ਹੀ ਧਮਕੀ ਵੀ ਮਿਲੀ ਸੀ। ਪਰਿਵਾਰਕ ਮੈਂਬਰਾਂ ਨੇ ਦੋਸ਼ ਲਾਇਆ ਹੈ ਕਿ 2 ਲੋਕ ਦੁਪਹਿਰੇ ਲੱਗਭਗ 1 ਵਜੇ ਜਬਰਨ ਉਸ ਨੂੰ ਬਾਈਕ 'ਤੇ ਬਿਠਾ ਕੇ ਲੈ ਗਏ ਸਨ। ਕੁੜੀ ਦੇ ਪਿਤਾ ਨੇ ਕਿਹਾ ਕਿ 3 ਦਿਨ ਪਹਿਲਾਂ ਉਹ ਆਪਣੀ ਧੀ ਨਾਲ ਕੋਟਾ ਜਾ ਰਹੇ ਸਨ ਤਾਂ ਸਮਾਜਵਾਦੀ ਨੇਤਾ ਨੇ ਉਨ੍ਹਾਂ ਨੂੰ ਕਿਹਾ ਕਿ ਵੋਟਿੰਗ ਤੋਂ ਬਾਅਦ ਜਾਣਾ। 'ਸਾਈਕਲ' ਨੂੰ ਵੋਟ ਦੇਣਾ। ਇਸ 'ਤੇ ਉਨ੍ਹਾਂ ਦੀ ਧੀ ਨੇ ਕਿਹਾ ਕਿ ਅਸੀਂ ਡਰਦੇ ਨਹੀਂ, 'ਕਮਲ' ਨੂੰ ਵੋਟ ਦੇਵਾਂਗੇ। ਇਸ ਤੋਂ ਬਾਅਦ ਨੇਤਾ ਅਤੇ ਉਸ ਦੇ ਸਾਥੀਆਂ ਨੇ ਉਸ ਨੂੰ ਧਮਕੀ ਦਿੱਤੀ ਸੀ, ਜਿਸ ਨੂੰ ਉਨ੍ਹਾਂ ਨੇ ਸੱਚ ਕਰ ਦਿੱਤਾ ਅਤੇ ਕੁੜੀ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਪੁਲਸ ਨੇ ਸਮਾਜਵਾਦੀ ਪਾਰਟੀ ਦੇ ਨੇਤਾ ਪ੍ਰਸ਼ਾਂਤ ਯਾਦਵ ਅਤੇ ਉਸ ਦੇ ਸਾਥੀ ਨੂੰ ਗ੍ਰਿਫਤਾਰ ਕਰ ਲਿਆ ਹੈ।